# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 35 | 06 September to 12 September 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਭਾਰਤ ਤੇ ਚੀਨ ਆਪਸੀ ਦੋਸਤੀ ਵਧਾਉਣ ਬਾਰੇ ਸਹਿਮਤ

## *ਸਰਹੱਦ ਉੱਤੇ ਸਥਿਰਤਾ ਅਤੇ ਸ਼ਾਂਤੀ ਦੀ ਬਹਾਲੀ ਲਈ ਵਿਚਾਰ ਵਟਾਂਦਰਾ*

★ ਮੋਦੀ ਤੇ ਸ਼ੀ-ਜਿਨਪਿੰਗ ਵਿਚਾਲੇ ਲੰਮੀ ਗੱਲਬਾਤ ਤੋਂ ਦੁਵੱਲੇ ਸਹਿਯੋਗ ਦੇ ਸੰਕੇਤ

**ਸ਼ਿਆਮਨ/ਬਿਊਰੋ ਨਿਊਜ਼:**
ਡੋਕਲਾਮ ਸਰਹੱਦੀ ਵਿਵਾਦ ਨੂੰ ਪਿੱਛੇ ਛੱਡਦਿਆਂ ਭਾਰਤ ਅਤੇ ਚੀਨ ਨੇ ਅੱਜ ਆਪਸੀ ਸਬੰਧਾਂ ਨੂੰ ਅੱਗੇ ਵਧਾਉਣ ਲਈ ਅਪਸੀ ਸਹਿਮਤੀ ਦਾ ਪ੍ਰਗਟਾਵਾ ਕਰਦਿਆਂ ਖਿੱਤੇ ਵਿੱਚ ਸਥਿਰਤਾ, ਸਹਿਯੋਗ ਅਤੇ ਸਰਹੱਦ ਉੱਤੇ ਸ਼ਾਂਤੀ ਬਣਾਈ ਰੱਖਣ ਉੱਤੇ ਜ਼ੋਰ ਦਿੱਤਾ। ਇਹ ਸਹਿਮਤੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਮੀਟਿੰਗ ਦੌਰਾਨ ਉਭਰ ਕੇ ਸਾਹਮਣੇ ਆਈ। ਸ੍ਰੀ ਸ਼ੀ ਨੇ ਕਿਹਾ ਕਿ ਚੀਨ ਭਾਰਤ ਨਾਲ ਆਪਣੇ ਸਬੰਧਾਂ ਨੂੰ ਲੀਹ ਉੱਤੇ ਲਿਆਉਣ ਦਾ ਚਾਹਵਾਨ ਹੈ।
ਲੰਬਾ ਚੱਲੇ ਡੋਕਲਾਮ ਵਿਵਾਦ ਤੋਂ ਬਾਅਦ ਮੰਗਲਵਾਰ ਨੂੰ ਬਰਿਕਸ ਸੰਮੇਲਨ ਦੌਰਾਨ ਦੋਵਾਂ ਆਗੂਆਂ ਵਿੱਚ ਇੱਕ ਘੰਟਾ ਲੰਬੀ ਗੱਲਬਾਤ ਚੱਲੀ। ਗੱਲਬਾਤ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਭਕਾਰੀ ਦੱਸਿਆ ਹੈ। ਦੋਵਾਂ ਆਗੂਆਂ ਨੇ ਮੀਟਿੰਗ ਦੌਰਾਨ ਅਪਸੀ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਵਧੇਰੇ ਯਤਨ ਕਰਨ ਉੱਤੇ ਜ਼ੋਰ ਦੇਣ ਲਈ ਸਹਿਮਤੀ ਪ੍ਰਗਟ ਕਰਨ ਦੇ ਨਾਲ - ਨਾਲ ਦੁਵੱਲੇ ਮਿਲਟਰੀ ਸਹਿਯੋਗ ਉੱਤੇ ਵੀ ਜ਼ੋਰ ਦਿੱਤਾ ਤਾਂ ਜੋ ਭਵਿੱਖ ਵਿੱਚ


ਬਰਿੱਕਸ ਸੰਮੇਲਨ ਦੌਰਾਨ ਹੱਥ ਮਿਲਾਉਂਦੇ ਹੋਏ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

ਡੋਕਲਾਮ ਵਿਵਾਦ ਵਰਗੀਆਂ ਘਟਨਾਵਾਂ ਬਚਿਆ ਜਾ ਸਕੇ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੀ ਦੇ ਨਾਲ ਮੀਟਿੰਗ ਤੋਂ ਬਾਅਦ ਟਵੀਟ ਕਰਕੇ ਦੱਸਿਆ ਕਿ ਉਹ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਮਿਲੇ ਅਤੇ ਭਾਰਤ ਅਤੇ ਚੀਨ ਵਿੱਚ ਦੁਵੱਲੇ ਸਬੰਧਾਂ ਉੱਤੇ ਲਾਭਕਾਰੀ ਗੱਲਬਾਤ ਕੀਤੀ। ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਵਿਦੇਸ਼ ਸਕੱਤਰ ਐੱਸ ਜੈਸ਼ੰਕਰ ਨੇ ਮੀਟਿੰਗ ਨੂੰ ਉਸਾਰੂ ਦੱਸਦਿਆਂ ਕਿਹਾ ਕਿ ਦੋਵਾਂ ਆਗੂਆਂ ਦੀ ਪਹੁੰਚ ਆਪਸੀ ਸਬੰਧਾਂ ਨੂੰ ਅੱਗੇ ਵਧਾਉਣ ਵਾਲੀ ਸੀ। ਦੋਵਾਂ ਆਗੂਆਂ ਨੇ ਸਰਹੱਦ ਉੱਤੇ ਕਿਸੇ ਕਿਸਮ ਦੇ ਵਿਵਾਦ ਤੋਂ ਬਚਣ ਲਈ ਆਪਸੀ ਸਹਿਯੋਗ ਉੱਤੇ ਜ਼ੋਰ ਦਿੱਤਾ। ਦੋਵਾਂ ਆਗੂਆਂ ਨੇ ਸਰਕਾਰੀ ਪੱਧਰ ਉੱਤੇ ਸਾਂਝੇ ਆਰਥਿਕ ਗਰੁੱਪ, ਸਕਿਊਰਟੀ ਗਰੁੱਪ ਅਤੇ ਕੂਟਨੀਤਕ

ਬਾਕੀ ਸਫ਼ਾ 36 'ਤੇ

## ਅਤਿਵਾਦ ਵਿਰੋਧੀ ਐਲਾਨਨਾਮਾ ਬੇਮਾਅਨਾ-ਪਾਕਿਸਤਾਨ

ਇਸਲਾਮਾਬਾਦ: ਅਤਿਵਾਦੀ ਜਥੇਬੰਦੀਆਂ ਵਿਰੁੱਧ ਕਾਰਵਾਈ ਲਈ ਪੈ ਰਹੇ ਭਾਰੀ ਦਬਾਅ ਦੇ ਚੱਲਦਿਆਂ ਪਾਕਿਸਤਾਨ ਨੇ ਬਰਿੱਕਸ ਐਲਾਨਨਾਮੇ ਨੂੰ ਰੱਦ ਕਰਦਿਆਂ ਕਿਹਾ ਕਿ ਪਾਕਿਸਤਾਨ ਵਿੱਚ ਅਤਿਵਾਦੀਆਂ ਲਈ ਕੋਈ ਸੁਰੱਖਿਅਤ ਥਾਂ ਨਹੀ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ੁਰਮ ਦਸਤਗੀਰ ਨੇ ਕਿਹਾ ਹੈ ਕਿ ਪਾਕਿਸਤਾਨ ਅਤਿਵਾਦੀਆਂ ਦੀ ਪਨਾਹਗਾਹ ਨਹੀ ਹੈ। ਜ਼ਿਕਰਯੋਗ ਹੈ ਕਿ ਕੱਲ੍ਹ ਬਰਿੱਕਸ ਸੰਮੇਲਨ ਵਿੱਚ ਬਰਾਜ਼ੀਲ, ਦੱਖਣੀ ਅਫਰੀਕਾ, ਅਰਜਨਟੀਨਾ, ਭਾਰਤ ਅਤੇ ਚੀਨ ਨੇ ਹਰ ਤਰ੍ਹਾਂ ਦੇ ਅਤਿਵਾਦ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਵਿਚਲੀਆਂ ਅਤਿਵਾਦੀ ਜਥੇਬੰਦੀਆਂ ਲਸ਼ਕਰ ਏ ਤੌਇਬਾ, ਹਕਾਨੀ ਗਰੁੱਪ, ਤਹਿਰੀਕ ਏ ਤਾਲਿਬਾਨ ਬਾਰੇ ਚਿੰਤਾ ਪ੍ਰਗਟਾਈ ਸੀ।


ਬੱਚਿਆਂ ਵਜੋਂ ਪਹੁੰਚੇ ਲੋਕਾਂ ਖਿਲਾਫ ਕਾਰਵਾਈ ਟਾਲਣਾ (ਡਾਸਾ) ਪ੍ਰੋਗਰਾਮ ਦੇ ਹਮਾਇਤੀ ਮੰਗਲਵਾਰ ਨੂੰ ਲਾਸ ਏਂਜਲਸ ਵਿੱਚ ਟਰੰਪ ਦੇ ਫੈਸਲੇ ਵਿਰੁਧ ਮੁਜ਼ਾਹਰਾ ਕਰਦੇ ਹੋਏ।

## ਟਰੰਪ ਨੇ ਪ੍ਰਵਾਸੀਆਂ ਉੱਤੇ ਚਲਾਇਆ ਕੁਹਾੜਾ

### ਓਬਾਮਾ ਦੇ ਆਮ ਮੁਆਫ਼ੀ ਪ੍ਰੋਗਰਾਮ ਨੂੰ ਰੱਦ ਕਰਨ ਨਾਲ 7 ਹਜ਼ਾਰ ਭਾਰਤੀਆਂ ਸਮੇਤ 8 ਲੱਖ ਲੋਕ ਹੋਣਗੇ ਪ੍ਰਭਾਵਿਤ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਰਾਸ਼ਟਰਪਤੀ ਓਬਾਮਾ ਦਾ ਆਮ ਮੁਆਫੀ ਪ੍ਰੋਗਰਾਮ ਰੱਦ ਕਰ ਦਿੱਤਾ ਹੈ ਜਿਹੜਾ ਉਨ੍ਹਾਂ ਪ੍ਰਵਾਸੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਹੜੇ ਬੱਚਿਆਂ ਵਜੋਂ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਪਹੁੰਚੇ ਸਨ। ਟਰੰਪ ਦੀ ਇਸ ਕਾਰਵਾਈ ਨਾਲ 7000 ਭਾਰਤੀ-ਅਮਰੀਕੀਆਂ ਸਮੇਤ 8 ਲੱਖ ਦਸਤਾਵੇਜ਼ ਵਿਹੂਣੇ ਕਾਮਿਆਂ 'ਤੇ ਅਸਰ ਪੈਣ ਦੀ ਸੰਭਾਵਨਾ ਹੈ। ਅਮਰੀਕਾ ਦੇ ਅਟਾਰਨੀ ਜਨਰਲ ਜੈਫ ਸੈਸ਼ਨਸ ਨੇ ਦੱਸਿਆ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਰਫੋਂ ਇਹ ਐਲਾਨ

ਬਾਕੀ ਸਫ਼ਾ 36 'ਤੇ

## ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਦੀ ਗੋਲੀ ਮਾਰ ਕੇ ਹੱਤਿਆ

### *ਦੇਸ਼ ਭਰ ਵਿੱਚ ਵੱਡੀ ਪੱਧਰ 'ਤੇ ਨਿਖੇਧੀ*

**ਬੈਂਗਲੂਰੂ/ਬਿਊਰੋ ਨਿਊਜ਼:** ਹਥਿਆਰਬੰਦ ਅਣਪਛਾਤੇ ਵਿਅਕਤੀਆਂ ਨੇ ਇੱਥੇ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।



ਬਹੁਤ ਹੀ ਨਿਧੜਕ ਅਤੇ ਅਪਣੀਆਂ ਲਿਖਤਾਂ ਰਾਹੀਂ ਹਿੰਦੂਤਵੀ ਫਿਰਕੂ ਅਨਸਰਾਂ ਨਾਲ ਟੱਕਰ ਲੈਣ ਵਾਲੀ ਗੌਰੀ ਲੰਕੇਸ਼ ਨੂੰ ਮੰਗਲਵਾਰ ਨੂੰ ਰਾਜਾ ਰਾਜੇਸ਼ਵਰੀ ਨਗਰ ਦੇ ਉਸ ਦੇ ਘਰ ਵਿਖੇ ਸ਼ਾਮੀਂ ਕਰੀਬ ਸਾਢੇ ਸੱਤ ਵਜੇ ਤਿੰਨ ਲੋਕਾਂ ਨੇ ਗੋਲੀਆਂ ਮਾਰੀਆਂ। ਗੌਰੀ ਲੰਕੇਸ਼ ਕੰਨੜ ਮੈਗਜ਼ੀਨ ਲੰਕੇਸ਼ ਪੱਤ੍ਰਿਕਾ ਦੀ ਸੰਪਾਦਕ ਸੀ। ਉਸ ਨੂੰ

ਬਾਕੀ ਸਫ਼ਾ 36 'ਤੇ

# ਡੇਰਾ ਸਿਰਸਾ ਦੀ ਅਦਾਲਤੀ ਨਿ.ਗਰਾਨੀ ਵਿੱਚ ਪੁਣਛਾਣ ਕਰਨ ਦਾ ਆਦੇਸ਼

## *ਹਾਈ ਕੋਰਟ ਨੇ ਸਾਬਕਾ ਸੈਸ਼ਨ ਜੱਜ ਅਨਿਲ ਕੁਮਾਰ ਨੂੰ ਅਦਾਲਤੀ ਕਮਿਸ਼ਨਰ ਨਿਯੁਕਤ ਕਰਕੇ ਸੌਂਪੀ ਜ਼ੁੰਮੇਵਾਰੀ*

**ਚੰਡੀਗੜ੍ਹ/ਬਿਊਰੋ ਨਿਊਜ਼:** ਸੇਵਾਮੁਕਤ ਨਿਆਂਇਕ ਅਧਿਕਾਰੀ ਅਧੀਨ ਡੇਰਾ ਸਿਰਸਾ ਦੀ ਪੁਣਛਾਣ ਦੀ ਇਜਾਜ਼ਤ ਦਿੰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੁੱਲ ਬੈਂਚ ਨੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਅਨਿਲ ਕੁਮਾਰ ਸਿੰਘ ਪਵਾਰ ਨੂੰ ਅਦਾਲਤੀ ਕਮਿਸ਼ਨਰ ਨਿਯੁਕਤ ਕੀਤਾ ਹੈ।
ਹਰਿਆਣਾ ਸਰਕਾਰ ਵੱਲੋਂ ਦਾਇਰ ਪਟੀਸ਼ਨ ਉਤੇ ਮੰਗਲਵਾਰ ਨੂੰ ਸੁਣਵਾਈ ਦੌਰਾਨ ਜਸਟਿਸ ਸੂਰਿਆ ਕਾਂਤ, ਜਸਟਿਸ ਅਗਸਟਾਇਨ ਮਸੀਹ ਅਤੇ ਜਸਟਿਸ ਅਵਨੀਸ਼ ਝਿੰਗਣ ਦੇ ਬੈਂਚ ਨੇ ਸਪੱਸ਼ਟ ਕੀਤਾ ਕਿ ਸੱਤ ਸੌ ਏਕੜ ਵਿੱਚ ਫੈਲੇ ਡੇਰੇ ਦੀ ਸਮੁੱਚੀ ਪੁਣਛਾਣ ਅਦਾਲਤੀ ਕਮਿਸ਼ਨਰ ਦੀਆਂ ਹਦਾਇਤਾਂ ਤੇ ਨਿਗਰਾਨੀ ਹੇਠ ਹੋਵੇਗੀ। ਹਰਿਆਣਾ ਸਰਕਾਰ ਨੂੰ ਇਸ ਪੁਣਛਾਣ ਪ੍ਰਕਿਰਿਆ ਵਿੱਚ ਸਹਿਯੋਗ ਲਈ ਇਕ ਡਿਊਟੀ ਮੈਜਿਸਟਰੇਟ ਨਿਯੁਕਤ ਕਰਨ ਦਾ ਵੀ ਆਦੇਸ਼ ਦਿੱਤਾ ਗਿਆ।
ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਕਿ ਵੀਡੀਓਗ੍ਰਾਫੀ ਅਧੀਨ ਨੇਪਰੇ ਚੜ੍ਹਨ ਵਾਲੀ ਇਸ ਪ੍ਰਕਿਰਿਆ ਦੌਰਾਨ ਮਾਲ, ਟੈਕਸ, ਫੋਰੈਂਸਿਕ ਮਾਹਰਾਂ ਅਤੇ ਨੀਮ ਫੌਜੀ ਦਸਤਿਆਂ ਦਾ ਵੀ ਸਹਿਯੋਗ ਲਿਆ ਜਾਵੇ। ਅਦਾਲਤੀ ਕਮਿਸ਼ਨਰ ਪੁਣਛਾਣ ਦੀ ਪ੍ਰਕਿਰਿਆ



ਡੇਰੇ ਨੂੰ ਜਾਂਦੇ ਬਾਜੇਕਾਂ ਨਾਕੇ 'ਤੇ ਤਾਇਨਾਤ ਅਰਧ ਸੈਨਿਕ ਬਲਾਂ ਦੇ ਜਵਾਨ।

ਦੌਰਾਨ ਮਿਲਣ ਵਾਲੇ ਸਾਰੇ ਸਾਮਾਨ ਦਾ ਪੂਰਾ ਰਿਕਾਰਡ ਰੱਖੇਗਾ ਅਤੇ ਹਾਈ ਕੋਰਟ ਤੇ ਸਰਕਾਰ ਨੂੰ ਵਿਸਤਾਰ ਨਾਲ ਰਿਪੋਰਟ ਸੌਂਪੇਗਾ। ਸਿਰਸਾ ਜਾਂ ਕਿਸੇ ਵੀ ਹੋਰ ਥਾਂ ਕਮਿਸ਼ਨਰ ਨੂੰ ਸਰਕਾਰੀ

ਬਾਕੀ ਸਫ਼ਾ 36 'ਤੇ

### ਛੇਤੀ ਹੀ ਸ਼ੁਰੂ ਕੀਤੀ ਜਾਵੇਗੀ ਸੌਦਾ ਸਾਧ ਦੇ ਡੇਰੇ ਦੀ ਤਲਾਸ਼ੀ

**ਸਿਰਸਾ/ਬਿਊਰੋ ਨਿਊਜ਼** ਡੇਰਾ ਸਿਰਸਾ ਵਿੱਚ ਤਲਾਸ਼ੀ ਮੁਹਿੰਮ ਕਿਸੇ ਵੇਲੇ ਵੀ ਸ਼ੁਰੂ ਹੋ ਸਕਦੀ ਹੈ। ਇਹ ਤਲਾਸ਼ੀ ਸੇਵਾਮੁਕਤ ਜੱਜ ਦੀ ਅਗਵਾਈ ਵਿੱਚ ਲਈ ਜਾਵੇਗੀ। ਤਲਾਸ਼ੀ ਮੁਹਿੰਮ ਦੇ ਮੱਦੇਨਜ਼ਰ ਪੁਲੀਸ ਨੇ ਚੌਕਸੀ ਵਧਾ ਦਿੱਤੀ ਹੈ। ਸੂਤਰਾਂ ਅਨੁਸਾਰ ਡੇਰਾ ਸਿਰਸਾ ਵਿੱਚ ਕਿਸੇ ਵੇਲੇ ਵੀ ਤਲਾਸ਼ੀ ਮੁਹਿੰਮ ਚਲਾਈ ਜਾ ਸਕਦੀ ਹੈ। ਸੂਤਰਾਂ ਨੇ ਦੱਸਿਆ ਹੈ ਕਿ ਇਹ ਤਲਾਸ਼ੀ ਮੁਹਿੰਮ ਸੇਵਾਮੁਕਤ ਜੱਜ ਕੇ. ਐੱਸ. ਪਵਾਰ ਦੀ ਨਿਗਰਾਨੀ ਹੇਠ ਚਲਾਈ ਜਾਵੇਗੀ। ਤਲਾਸ਼ੀ ਮੁਹਿੰਮ ਦੇ ਮੱਦੇਨਜ਼ਰ ਪੁਲੀਸ ਵੱਲੋਂ ਡੇਰੇ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ। ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ

ਬਾਕੀ ਸਫ਼ਾ 36 'ਤੇ


For Advertisements in Quomantry Amritsar Times Please Call :
Jai Singh
510-677-2777
















UNITED SPORTS CLUB CALIFORNIA, AMERICA
13th World Kabaddi Cup
17 Sep 2017, Sunday
(9:00am-6:00pm)
James Logan High School 1800 H Street,
Union City, California 94587
UNITED SPORTS CLUB, CALIFORNIA AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ
Amolak Singh Gakhal
Patron
United Sports Club
Teerath Gakhal
ਰੰਗ ਕਬੱਡੀ ਦੇ
Makhan Singh Bains Chairman
Iqbal Singh Gakhal V. Chairman
Balvir Singh Bhatia President
Palwinder Singh Gakhal Director
Jugraj Singh Sahota v. President
Gurdawar Singh Maheru G. Secretary
S. Ashok Bhaura G. Secretary Media Incharge
Pinki Atwal Director
Sadhu Singh Advisor
Narinder Singh Sahota Treasurer
Dalvinder Singh Padda Director
Natha Singh Gakha Advisor
Debi Sohal Sidhwa Dona Director
Bakhtawar Singh Gakhal Director
Jasvir Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulvinder Singh Gakhal Director
Karamjit Singh Talwandi Director
Harjinder Ladhar Advisor
Late. Paramjit Singh Pammi
(Kabaddi Coach)
United Sports Club
offers flowers of devotion
Chief Guest
Makhan Singh Dhaliwal
Opening
Surjit Singh Tutt
Sewa Singh Randhawa
Sponsor of 1st Prize
DIAMOND TRANSPORTATION
From Gulvinder Gakhal, Neki Atwal and Pinki Atwal of Diamond Trucking
Sponsor of 2nd Prize
Sahota family's
Jugraj Singh Sahota &
Narinder Singh Sahota
Dedicated to Loving Memory of
Father Late. S. Kashmir Singh Sahota
Sponsor of Under-25 First Prize
sponsored byTakhar faimly in memory of late santokh s TakharApna punjab& Northern California club
Special Guest of World Kabaddi Cup
Raj Grewal MP Canada
Pamma Deol Sarbjit Deol
Jagir Singh New York
Kashmir Singh Dhoot
Harjinder Khehra
Nick Gakhal
Happy Heer
Jaspreet Singh Attorney
Malkiat Singh (Mike Boparai)
Dr. Baljinder Singh Grewal
Rana Dhillon
Our Proud
TUTT BROTHERS,AMAN SINGH LAKHA SINGH ATL TRUCK LINE,JASPREET S ATORNY,TIRATH S GAKHAL, SIKH, PANCHYAT, SANTOKH S. JUDGE, CENTRAL VALLEY SPORTS CLUB, MANN INSURANCE BROKERS, SURINDER S. ATWAL, JASWANT SINGH HOTHI, KASHMIR S DHOOT, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS.
MIKE BOPARAI, TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU,RAJ BHANOT,BALJIT S. SAHOTA, AMARJIT S. SANGHA,MANGAL S. BHANDAL,KULWANT S. NIJJAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, JASSI GILL, AMRIK CHAND CPA, TIRATH S. SALH, PCA
KING SPORTS CLUB,RSI INSURANCE,NATOMOUS LIQUOR,GURNAM SINGH,PUNJAB TENT HOUSE,JAGTAR SINGH,AVTAR S SRA,HARBHAJAN S GAKHAL,ALVARADO B P SERVICE,LACHHMAN S MANGAT,BILL BAINS CPA,MAJOR S GAKHAL,SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK,JASWANT UPPAL,KULDEEP S MANN
Star Kabaddi Players of World Kabaddi Cup
Charda Punjab Club Sacramento will Special honor to Best Stoper and Best Raider
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Kamal Nawan Pind
Yaad Kotli
Gurpreet
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
Kevin Sandhu Rurka Kalan
Kabaddi Clubs
* Bay area Sports Club
* United Sports Club USA
* Punjab Sports Club Seattle
* Baba Sewa Dass Kabaddi Club North America
Gold Medal
Former Kabaddi player & Indian Captain Pritam Singh Samaspur will honor with Golda medal
Under-25 Teams
1. Chardi Kala Sports Club Yuba City
2. Secramento Sports Club
3. Fateh Sports Club Turluk
4. Sanjose Gurdwara Sports Club
5. Dashmesh Sports Club Tracy
Sports event is organize with support of sponsors and supports
All are invited to join this sports event
Media In charge of World Kabaddi Cup
S. Ashok Bhaura
Phone: 510 415 3315,
Email: ashokbhaura@gmail.com
International Kabaddi Rules will be apply
United Sports Club has right for Last decision
Spectators have to reach on the time in james logan high school
Guru Ka Langar Will be served with the support of Fremont, San Jose, Stockton Gurdwaras, United Sports Club and Raja Sweets Fremont
Commentators
Asha Sharma, Rajwinder Randiala, Iqbal Galib, Makhan Ali, Surjit Kakrali, Jodhvir Singh



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।।

ਸਿੱਖ ਪੰਥ ਦੇ ਪਹਿਲੇ ਗ੍ਰੰਥੀ

ਬਾਬਾ ਬੁੱਢਾ ਜੀ

ਦੀ ਬਰਸੀ ਨੂੰ ਸਮਰਪਿਤ ਪ੍ਰੋਗਰਾਮ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB KHALSA CARE FOUNDATION

9989 Laurel Canyon Blvd, Pacoima CA 91331

10 SEPTEMBER (SUNDAY) & 17 SEPTEMBER (SUNDAY)



11.00 am to 01.00 pm — KATHA-Bhai Sahib Singh Ji (Canada Wale)
DHADHI JATHA-Badowal Bibiyan

11 SEPTEMBER (MONDAY) TO 16 SEPTEMBER (SATURDAY)

06.30 pm to 08.30 pm — KATHA-Bhai Sahib Singh Ji (Canada Wale)
DHADHI JATHA-Badowal Bibiyan



BHAI KANHAIYA JEE LANGAR SEWA DAL

FOR MORE INFORMATION PLEASE CONTACT:

BALDEV SINGH (818) 468-9595 BALWINDER SINGH (818) 404-0811 MAKHAN SINGH (661) 225-7157 PARAMJIT SINGH (626) 354-6653

Printed by: SS #9873467767



CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering

FULL SERVICE CATERING FOR YOUR SPECIAL EVENT

from 50 to upto 10,000 guests.

Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

# 'ਹਾਰਵੇ' ਦੀ ਤਬਾਹੀ ਕਾਰਨ ਪੀੜਤਾਂ ਦੀ ਮਦਦ ਲਈ ਬਹੁੜੇ ਭਾਰਤੀ

**ਹਿਊਸਟਨ/ਬਿਊਰੋ ਨਿਊਜ਼ :**
ਅਮਰੀਕੀ ਇਤਿਹਾਸ ਦੇ ਸਭ ਤੋਂ ਤਬਾਹਕੁਨ ਤੂਫ਼ਾਨਾਂ ਵਿਚੋਂ ਇਕ 'ਹਾਰਵੇ' ਨੇ ਟੈਕਸਸ ਵਿੱਚ ਭਾਰੀ ਤਬਾਹੀ ਮਚਾਈ ਹੈ। ਇਸ ਕੁਦਰਤੀ ਆਫ਼ਤ ਵਿੱਚ 30 ਮਨੁੱਖੀ ਜਾਨਾਂ ਜਾਣ ਤੋਂ ਇਲਾਵਾ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਹਿਊਸਟਨ ਦੇ ਮੇਅਰ ਨੇ ਰਾਤ ਨੂੰ ਕਰਫਿਊ ਲਾਉਣ ਦਾ ਐਲਾਨ ਕੀਤਾ ਹੈ ਤਾਂ ਜੋ ਲੁੱਟਾਂ-ਖੋਹਾਂ ਨੂੰ ਰੋਕਿਆ ਜਾ ਸਕੇ। ਐਮਰਜੈਂਸੀ ਬਚਾਅ ਟੀਮਾਂ ਵੱਲੋਂ ਲੋਕਾਂ ਦੀ ਮਦਦ ਲਈ ਦਿਨ-ਰਾਤ ਇਕ ਕੀਤਾ ਜਾ ਰਿਹਾ ਹੈ। ਇਸ ਦੌਰਾਨ ਮੌਸਮ ਮਾਹਰਾਂ ਨੇ ਕਿਹਾ ਕਿ ਸੂਬੇ ਦੇ ਕਈ ਹਿੱਸਿਆਂ ਵਿੱਚ ਮੁੜ ਭਾਰੀ ਮੀਂਹ ਪੈਣ ਦਾ ਖ਼ਦਸ਼ਾ ਹੈ। ਕੌਮੀ ਮੌਸਮ ਸੇਵਾ ਮੁਤਾਬਕ ਹਾਰਵੇ ਕਾਰਨ ਹਿਊਸਟਨ ਵਿੱਚ ਪਹਿਲਾਂ ਹੀ 42 ਇੰਚ ਤੋਂ ਵੱਧ ਮੀਂਹ ਪੈ ਚੁੱਕਾ।

ਟੈਕਸਸ ਵਿਚ ਸੁਰੱਖਿਅਤ ਥਾਵਾਂ 'ਤੇ ਰਹਿ ਰਹੇ ਕਈ ਭਾਰਤੀ-ਅਮਰੀਕੀਆਂ ਵੱਲੋਂ ਇਸ ਤੂਫ਼ਾਨ ਦੀ ਮਾਰ ਹੇਠ ਆਏ ਹਿਊਸਟਨ ਦੇ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਭਾਰਤੀ-ਅਮੈਰਿਕਨਾਂ ਵੱਲੋਂ ਪੀੜਤਾਂ ਲਈ ਆਪਣੇ ਘਰਾਂ ਦੇ ਬੂਹੇ ਖੋਲ੍ਹਣ ਤੋਂ ਇਲਾਵਾ ਭੋਜਨ, ਮੈਡੀਕਲ ਅਤੇ ਹੋਰ ਲੋੜੀਦੀਆਂ ਵਸਤਾਂ ਦਿੱਤੀਆਂ ਜਾ ਰਹੀਆਂ ਹਨ। ਅਬੀਜ਼ਾਰ ਤਯਬਜੀ ਨੇ ਦੱਸਿਆ, 'ਮੈਂ ਦਾਊਦੀ ਬੋਹਰਾ ਮਸਜਿਦ ਤੋਂ 1500 ਬੰਦਿਆਂ ਦਾ ਭੋਜਨ ਤਿਆਰ ਕਰਕੇ 100 ਵਾਲੰਟੀਅਰਾਂ ਨੂੰ ਵੰਡਣ ਲਈ ਭੇਜਿਆ ਹੈ।' ਇੰਡੋ-ਅਮੈਰਿਕਨ ਚੈਂਬਰ ਆਫ ਗ੍ਰੇਟਰ ਹਿਊਸਟਨ ਤੇ ਸਥਾਨਕ ਰੈਸਤਰਾਂ ਮਦਰਾਸ ਪੈਵੇਲੀਅਨ ਵੱਲੋਂ ਕਨਵੈਨਸ਼ਨ ਸੈਂਟਰ, ਜਿਥੇ ਹੜ੍ਹ ਪੀੜਤ ਠਹਿਰਾਏ ਗਏ ਹਨ, ਵਿੱਚ 500 ਬੰਦਿਆਂ ਦਾ ਭੋਜਨ ਭੇਜਿਆ ਜਾ ਰਿਹਾ ਹੈ। ਪ੍ਰੀਤੀ ਕਾਂਕੀਕਿਰਾਲਾ, ਜੋ ਆਪਣੀ 65 ਸਾਲਾ ਮਾਂ ਨਾਲ ਫਲੈਟ ਦੀ ਸਭ ਤੋਂ ਹੇਠਲੀ ਮੰਜ਼ਲ ਵਿਚ ਰਹਿੰਦੀ ਸੀ, ਨੂੰ ਪਾਣੀ ਦਾ ਪੱਧਰ ਵਧਣ ਉਤੇ 'ਸੇਵਾ ਇੰਟਰਨੈਸ਼ਨਲ' ਹਿਊਸਟਨ ਦੇ ਵਾਲੰਟੀਅਰਾਂ ਨੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ। ਕਈ ਭਾਰਤੀ ਵਪਾਰਕ ਅਦਾਰਿਆਂ ਅਤੇ ਧਾਰਮਿਕ ਅਸਥਾਨਾਂ ਨੇ ਹੜ੍ਹ ਪੀੜਤਾਂ ਲਈ ਦਰ ਖੋਲ੍ਹੇ ਹਨ। ਸੇਵਾ ਇੰਟਰਨੈਸ਼ਨਲ ਦੀ ਹਿਊਸਟਨ ਇਕਾਈ ਦੇ ਪ੍ਰਧਾਨ ਗੀਤੇਸ਼ ਦੇਸਾਈ ਨੇ ਦੱਸਿਆ, 'ਪਾਣੀ ਘਟਣ ਬਾਅਦ ਸਾਫ਼-ਸਫ਼ਾਈ ਕਾਰਜ ਵਾਸਤੇ ਵਾਲੰਟੀਅਰਾਂ ਲਈ ਪ੍ਰੀ-ਰਜਿਸਟਰੇਸ਼ਨ ਪ੍ਰਣਾਲੀ ਕਾਇਮ ਕੀਤੀ ਗਈ ਹੈ।'

**ਝੀਲ 'ਚੋਂ ਬਚਾਏ ਭਾਰਤੀ ਵਿਦਿਆਰਥੀ ਦੀ ਮੌਤ :**
ਕੁਝ ਦਿਨ ਪਹਿਲਾਂ ਟੈਕਸਸ ਦੀ ਝੀਲ ਵਿਚੋਂ ਬਚਾਏ 24 ਸਾਲਾ ਭਾਰਤੀ ਵਿਦਿਆਰਥੀ ਨਿਖਿਲ ਭਾਟੀਆ ਦੀ ਮੌਤ ਹੋ ਗਈ ਹੈ। ਨਿਖਿਲ ਟੈਕਸਸ ਏਐਂਡਐਮ ਯੂਨੀਵਰਸਿਟੀ ਵਿੱਚ ਪੀਐਚਡੀ ਕਰ ਰਿਹਾ ਸੀ। ਉਹ ਅਤੇ ਸ਼ਾਲਿਨੀ ਸਿੰਘ ਨਾਂ ਦੀ ਭਾਰਤੀ ਵਿਦਿਆਰਥਣ ਸ਼ਨਿਚਰਵਾਰ ਨੂੰ ਝੀਲ ਵਿੱਚ ਤੈਰਨ ਗਏ ਸਨ।

## ਉੱਦਮੀ ਨੌਜਵਾਨਾਂ ਦੀ ਸੰਸਥਾ ਜੈਕਾਰਾ ਵੱਲੋਂ ਸ਼ਾਨਦਾਰ ਉਪਰਾਲਾ

### ਫਰਿਜਨੋ ਤੋਂ ਸਊਥ-ਈਸਟ ਟੈਕਸਾਸ ਲਈ ਹੜ ਪੀੜਤ ਲੋਕਾਂ ਦੀ ਮੱਦਦ ਲਈ ਰਸਦ ਅਤੇ ਹੋਰ ਸਮਾਨ ਦੇ ਦੋ ਟਰੱਕ ਰਵਾਨਾ







**ਫਰਿਜ਼ਨੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆਂ):**
ਉੱਦਮੀ ਨੌਜਵਾਨਾਂ ਦੀ ਸੰਸਥਾ ਜੈਕਾਰਾ ਵੱਲੋਂ ਸ਼ਾਨਦਾਰ ਉਪਰਾਲਾ ਕਰਦਿਆਂ ਫਰਿਜਨੋ ਤੋਂ ਸਊਥ-ਈਸਟ ਟੈਕਸਾਸ ਲਈ ਹੜ ਪੀੜਤ ਲੋਕਾਂ ਦੀ ਮੱਦਦ ਲਈ ਰਸਦ ਅਤੇ ਹੋਰ ਸਮਾਨ ਦੇ ਦੋ ਟਰੱਕ ਰਵਾਨਾ ਕੀਤੇ ਗਏ ਹਨ । ਵਰਨਣਯੋਗ ਹੈ ਕਿ ਅਮਰੀਕਾ ਦੇ ਤੱਟੀ ਸੂਬੇ ਟੈਕਸਾਸ ਵਿੱਚ ਪਿਛਲੇ ਦਿਨੀਂ ਆਏ ਹਰੀਕੇਨ ਹਾਰਵੇ ਕਾਰਨ ਭਾਰੀ ਹੜ੍ਹਾਂ ਕਾਰਨ ਸਾਊਥ ਈਸਟ ਟੈਕਸਾਸ ਬੁਰੀ ਤਰਾਂ ਨਾਲ ਤਬਾਹ ਹੋ ਗਿਆ ਸੀ। ਇਸ ਤੁਫ਼ਾਨ ਨਾਲ ਤਕਰੀਬਨ ਪੰਜਾਹ ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਦਰਜਨਾਂ ਲੋਕੀਂ ਹਾਲੇ ਵੀ ਗੁੰਮ ਹਨ। ਤੀਹ ਹਜ਼ਾਰ ਘਰਾਂ ਵਿੱਚ ਬਿਜਲੀ ਗੁੱਲ ਹੈ ਅਤੇ ਹਜ਼ਾਰਾਂ ਲੋਕ ਬੇਘਰ ਹੋਏ ਡਾਹਢੀਆਂ ਦੁਸ਼ਵਾਰੀਆਂ ਝੱਲ ਰਹੇ ਹਨ। ਇਸ ਮੌਕੇ ਹਾਲਤਾਂ ਨਾਲ ਨਜਿੱਠਣ ਲਈ ਫੌਜ ਬੁਲਾਈ ਗਈ ਹੈ। "ਮਾਨਸ ਕੀ ਜਾਤ ਸਬਹਿ ਇਕੇ ਪਹਚਾਨ ਬੋਹ" ਦੇ ਉਪਦੇਸ਼ ਤੇ ਪਹਿਰਾ ਦਿੰਦਿਆਂ ਫਰਿਜ਼ਨੋ ਦੀ ਜੈਕਾਰਾ ਸੰਸਥਾਂ ਨੇ ਪਹਿਲ ਕਰਦਿਆਂ ਗੁਰਦੁਆਰਾ ਸਿੰਘ ਸਭਾ ਫਰਿਜਨੋ ਅਤੇ ਗੁਰਦੁਆਰਾ ਨਾਨਕ ਪ੍ਰਕਾਸ਼ ਫਾਊਲਰ ਵਿਖੇ ਸਾਊਥ ਟੈਕਸਾਸ ਹੜ ਪੀੜਤਾਂ ਦੀ ਮੱਦਦ ਲਈ ਕੁਲੈਸ਼ਨ ਸੈਂਟਰ ਖੋਲੇ ਹਨ ਜਿਥੇ ਵੱਡੀ ਗਿਣਤੀ ਵਿੱਚ ਪੰਜਾਬੀ ਅਤੇ ਹੋਰ ਭਾਈਚਾਰਿਆ ਨਾਲ ਸਬੰਧਤ ਲੋਕ ਰੋਜ਼ਮਰਾ ਦੀ ਜਿੰਦਗੀ ਵਿੱਚ ਕੰਮ ਆਉਣ ਵਾਲਾ ਸਮਾਨ ਜਮਾਂ ਕਰਵਾ ਰਹੇ ਹਨ।

ਜੈਕਾਰਾ ਸੰਸਥਾ ਦੇ ਬੁਲਾਰੇ ਇਕਬਾਲ ਬੈਂਸ ਨੇ ਕਿਹਾ ਕਿ ਅਸੀਂ ਇੱਕ ਯੂ ਹਾਲ ਟਰੇਲਰ ਤੇ ਪਿੱਕਅਪ ਟਰੱਕ ਲਿਜਾਣ ਬਾਰੇ ਸੋਚਿਆ ਸੀ ਲੇਕਿਨ ਜਦੋਂ ਸ਼ੋਸ਼ਲ ਮੀਡੀਏ ਜ਼ਰੀਏ ਜਾਣਕਾਰੀ ਲੋਕਾਂ ਤੱਕ ਪਹੁੰਚੀ ਤਾਂ ਸਮਾਨ ਦੇ ਦੋ 53 ਫੁੱਟੇ ਟਰੇਲਰ ਭਰ ਗਏ। ਉਹਨਾਂ ਇਸ ਮੌਕੇ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਅਤੇ ਆਪਕਾ ਸੰਸਥਾਂ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ ਤੇ ਕਿਹਾ ਕਿ ਦੋਵਾਂ ਸੰਸਥਾਵਾਂ ਨੇ 10 ਹਜਾਰ ਡਾਲਰ ਦਾ ਵੱਡਾ ਯੋਗਦਾਨ ਪਾਕੇ ਇਸ ਕਾਰਜ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜਨ ਵਿੱਚ ਸਾਡਾ ਸਾਥ ਦਿੱਤਾ ਹੈ।

ਇਸ ਮੌਕੇ ਪੀ ਸੀ ਏ ਮੈਂਬਰ ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿਖੇ ਆਪਣੀਆਂ ਡਿਉਟੀਆਂ ਨਿਭਾ ਰਹੇ ਹਨ ਅਤੇ ਦੂਸਰਾ ਟਰੇਲਰ ਭਰਨ ਲਈ ਪੂਰੇ ਉਤਸ਼ਾਹਿਤ ਹਨ। ਉਹਨਾਂ ਲੋਕਾਂ ਨੂੰ ਬੇਨਤੀ ਕੀਤੀ ਕਿ ਕਿਰਪਾ ਕਰਕੇ ਪੁਰਾਣਾ ਸਮਾਨ ਨਾ ਲਿਆਦਾ ਜਾਵੇ ਖਾਸ ਕਰ ਕੱਪੜੇ। ਉਨ੍ਹਾਂ ਨੇ ਮੁੱਖ ਤੌਰ ਉੱਤੇ ਪਾਣੀ, ਸੋਡੇ, ਗੇਟਰੇਡ, ਡਾਇਪਰ, ਸੈਨੇਟਾਇਜ਼ਰ ਅਤੇ ਕੈਂਨ ਫੂਡ ਆਦਿ ਡੋਨੇਟ ਕਰਨ ਦੀ ਅਪੀਲ ਕੀਤੀ।

ਸਮੂਹ ਪੰਜਾਬੀ ਸੰਸਥਾਵਾਂ ਨੂੰ ਵੀ ਇਸ ਕਾਰਜ ਲਈ ਅੱਗੇ ਆਉਣ ਕਰਦਿਆਂ ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਟਰੱਕਰ ਸੁਰਜੀਤ ਘੋਲੀਆ ਤੇ ਦਲਜੀਤ ਸਿੰਘ ਸਿੱਧੂ ਦਾ ਟਰਾਂਸਪੋਰਟ ਸਾਧਨਾ ਲਈ ਧੰਨਵਾਦ ਕੀਤਾ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਦੱਸਿਆ ਕਿ ਪੀਸੀਏ ਅਤੇ ਆਪਕਾ ਗਰੁਪ ਤਕਰੀਬਨ 16000 ਹਜ਼ਾਰ ਡਾਲਰ ਇਹਨਾਂ ਰਾਹਤ ਕਾਰਜਾ ਲਈ ਖਰਚ ਚੁਕਿਆ ਹੈ ਅਤੇ ਆਸ ਹੈ ਤਕਰੀਬਨ ਵੀਹ ਹਜਾਰ ਡਾਲਰ ਦੀ ਰਾਹਤ ਸਮੱਗਰੀ ਇਸ ਦੂਸਰੇ ਟਰੇਲਰ ਜਰੀਏ ਫਰਿਜ਼ਨੋ ਦੀ ਸੰਗਤ ਵੱਲੋਂ ਸਾਊਥ ਈਸਟ ਟੈਕਸਾਸ ਲਈ ਰਵਾਨਾ ਹੋਵੇਗੀ। ਉਹਨਾਂ ਕਿਹਾ ਕਿ ਇਹ ਮੌਕਾ ਸਿੱਖ ਪਹਿਚਾਣ ਲਈ ਵੀ ਮੀਲ ਪੱਥਰ ਸਾਬਤ ਹੋਵੇਗਾ।

# ਤੂ.ਫਾਨ ਦੌਰਾਨ ਬੇਘਰ ਹੋਏ ਲੋਕਾਂ ਲਈ ਰਾਹਤ ਦਾ ਕਾਰਜ ਕਰਨ ਵਾਲੀਆਂ ਸਿੱਖ ਸੰਸਥਾਵਾਂ ਧੰਨਵਾਦ ਦੀਆਂ ਪਾਤਰ : ਏਜੀਪੀਸੀ

## ਸਿੱਖਾਂ ਦੀ ਗਿਣਤੀ ਘੱਟ ਪਰ ਸੇਵਾਵਾਂ ਅਣਗਿਣਤ

**ਫ਼ਰੀਮੌਂਟ/ਬਿਊਰੋ ਨਿਊਜ਼:**ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਟੈਕਸਸ ਸੂਬੇ ਦੇ ਸ਼ਹਿਰ ਹਿਊਸਟਨ 'ਚ ਆਏ ਹੜ੍ਹਾਂ ਦੌਰਾਨ ਬੇਘਰ ਹੋਏ ਲੋਕਾਂ ਦੇ ਲਈ ਰਾਹਤ ਦਾ ਕਾਰਜ ਕਰਨ ਵਾਲੀਆਂ ਸਿੱਖ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਲੋੜਵੰਦ ਸਮੱਗਰੀ ਪ੍ਰਦਾਨ ਕਰਨ ਦੇ ਕੀਤੇ ਗਏ ਕੰਮ ਨੂੰ ਸਲਾਹਉਂਦਿਆਂ ਕਿਹਾ ਕਿ ਸਿੱਖ ਕੌਮ ਹਮੇਸ਼ਾਂ ਹੀ ਲੋੜਵੰਦਾਂ ਦੀ ਮਦਦ ਲਈ ਤੱਤਪਰ ਹੈ।

ਏਜੀਪੀਸੀ ਦੇ ਪ੍ਰਧਾਨ ਸ: ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਕਿ ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਸਿੱਖ ਕੌਮ ਦਾ ਇਤਿਹਾਸ ਦੂਸਰਿਆਂ ਦੀ ਸਹਾਇਤਾ, ਸ਼ਹਾਦਤਾਂ ਤੇ ਰੱਖਿਆ ਲਈ ਸੁਨਹਿਰੀ ਪੰਨ੍ਹੇ 'ਤੇ ਦਰਜ ਹੈ ਅਤੇ ਦੁਨੀਆਂ 'ਚ ਭਾਵੇਂ ਗਿਣਤੀ ਘੱਟ ਹੈ ਪਰ ਇਨ੍ਹਾਂ ਵੱਲੋਂ ਕੀਤੇ ਜਾਂਦੇ ਲੋਕ ਭਲਾਈ ਤੇ ਹੋਰਨਾਂ ਕਾਰਜਾਂ ਦਾ ਲੇਖਾ ਅਣਗਿਣਤ ਹੈ। ਉਨ੍ਹਾਂ ਨੇ ਸੰਸਥਾਵਾਂ ਖ਼ਾਸ ਕਰਕੇ ਖ਼ਾਲਸਾ ਏਡ, ਯੂਨਾਈਟਿਡ ਸਿੱਖਸ ਅਤੇ ਵੱਖ-ਵੱਖ ਗੁਰਦੁਆਰਾ ਕਮੇਟੀਆਂ ਵੱਲੋਂ ਇਸ ਦੁੱਖ ਦੀ ਘੜੀ 'ਚ ਲੋਕਾਂ ਨਾਲ ਬਿਨ੍ਹਾਂ ਕਿਸੇ ਭੇਦਭਾਵ ਤੋਂ ਸਹਾਇਤਾ ਕੀਤੀ, ਜੋ ਬਹੁਤ ਹੀ ਸ਼ਲਾਘਾਯੋਗ ਕਦਮ ਹੈ।

ਉਨ੍ਹਾਂ ਕਿਹਾ ਕਿ ਹਾਰਵੀ ਨਾਮ ਦਾ ਤੂਫ਼ਾਨ ਤਾਂ ਭਾਵੇਂ ਥੰਮ ਗਿਆ ਹੈ ਪਰ ਸ਼ਹਿਰ 'ਚ ਅਜੇ ਵੀ ਸਥਿਤੀ ਜਿਉਂ ਦੀ ਤਿਉਂ ਹੀ ਬਣੀ ਹੋਈ ਹੈ ਅਤੇ ਇਸ ਨਾਲ ਹੋਏ ਜਾਨੀ ਤੇ ਮਾਲੀ ਨੁਕਸਾਨ ਦੀ ਭਰਪਾਈ ਕਰ ਪਾਉਣੀਂ ਤਾਂ ਮੁਸ਼ਕਿਲ ਹੈ ਪਰ ਅਮਰੀਕੀ ਪ੍ਰਸ਼ਾਸ਼ਨ ਅਤੇ ਖ਼ਾਸ ਤੌਰ 'ਤੇ ਸਮੂਹ ਸਿੱਖ ਜਥੇਬੰਦੀਆਂ ਵਲੋਂ ਰਾਹਤ ਸਮੱਗਰੀ ਪਹੁੰਚਾਉਣ ਲਈ ਕੀਤੀ ਜਾ ਰਹੀ ਕਾਰਵਾਈ ਸਲਾਹੁਣਯੋਗ ਹੈ।

ਏਜੀਪੀਸੀ ਦੇ ਆਗੂਆਂ ਨੇ ਕਿਹਾ ਕਿ ਅਮਰੀਕਾ 'ਚ ਹੋਰਨਾਂ ਰਾਜਾਂ ਜਿਸ 'ਚ ਖ਼ਾਸ ਕਰਕੇ ਕੈਲਫ਼ੋਰਨੀਆ ਦੇ ਵੱਡੇ ਗੁਰਦੁਆਰਿਆਂ ਤੋਂ ਸੇਵਾਦਾਰ ਖ਼ੁਦ ਟਰੱਕਾਂ 'ਚ ਰਾਹਤ ਸਮੱਗਰੀ ਅਤੇ ਖਾਣ-ਪੀਣ ਦੀਆਂ ਵਸਤੂਆਂ ਆਦਿ ਲੈ ਕੇ ਤੂਫ਼ਾਨ ਕਾਰਨ ਬੇਬੱਸ ਇਨਸਾਨਾਂ ਨੂੰ ਬਚਾਉਣ ਲਈ ਪੂਰ੍ਹਾਂ ਉਤਸ਼ਾਹ ਵਿਖਾ ਰਹੇ ਹਨ। ਉਨ੍ਹਾਂ ਇਸ ਦੁੱਖ ਦੀ ਘੜੀ 'ਚ ਸਮੂਹ ਸਿੱਖ ਸੰਗਤਾਂ ਤੇ ਜਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਿੱਖ ਕੌਮ ਗੁਰੂ ਸਾਹਿਬ ਦੁਆਰਾ ਵਿਖਾਏ ਗਏ ਸਰਬੱਤ ਦਾ ਭਲਾ' ਮਾਰਗ 'ਤੇ ਚਲਦਿਆਂ ਹਮੇਸ਼ਾਂ ਹੀ ਦੂਸਰਿਆਂ ਦੇ ਭਲੇ ਦਾ ਕਾਰਜ ਕਰਦੀ ਆ ਰਹੀ ਹੈ ਅਤੇ ਆਪਣੇ ਇਸੇ ਉਤਸ਼ਾਹ ਨੂੰ ਜਿਉਂਦੇ ਰੱਖਦੇ ਹੋਏ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ।

ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਤੂਫ਼ਾਨ ਨਾਲ ਹੋਏ ਨੁਕਸਾਨ ਦਾ ਅਜੇ ਅਨੁਮਾਨ ਤਾਂ ਨਹੀਂ ਲਗਾਇਆ ਜਾ ਸਕਦਾ ਹੈ ਪਰ ਰਾਹਤ ਕਾਰਜ 'ਚ ਅਮਰੀਕਾ ਪ੍ਰਸ਼ਾਸ਼ਨ ਅਤੇ ਯੋਗਦਾਨ ਪਾਉਣ ਵਾਲੀਆਂ ਸਮਾਜ ਸੇਵੀ ਜਥੇਬੰਦੀਆਂ ਦੇ ਨਾਲ ਅਮਰੀਕਨ ਗੁਰਦਆਰਾ ਪ੍ਰਬੰਧਕ ਕਮੇਟੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

### ਸਮਾਜ ਸੇਵੀ ਸੰਸਥਾ ਸੋਚ' ਵਲੋਂ ਟੈਕਸਾਸ ਦੇ ਤੂਫਾਨ ਪੀੜਤਾਂ ਦੀ ਮਦਦ

**ਸਿਆਟਲ/ਬਿਊਰੋ ਨਿਊਜ਼:**
ਗੁਰਦੁਆਰਾ ਬੌਥਲ ਦੀ ਸਮਾਜ ਸੇਵੀ ਸੰਸਥਾ ਸੋਚ' ਵੱਲੋਂ ਟੈਕਸਸ ਸੂਬੇ ਵਿਚ ਆਏ ਭਿਆਨ ਸਮੁੰਦਰੀ ਤੂਫਾਨ ਤੋਂ ਪੀੜਤ ਲੋਕਾਂ ਦੀ ਮਦਦ ਲਈ 4500 ਡਾਲਰ ਇਕੱਠੇ ਕੀਤੇ ਗਏ ਜੋ ਯੂਨਾਈਟਿਡ ਸਿੱਖ ਸੰਸਥਾ ਨੂੰ ਪਹੁੰਚਾਏ ਜਾਣਗੇ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਲਵੰਤ ਸਿੰਘ ਔਲਖ ਨੇ ਦੱਸਿਆ ਕਿ ਹਿਊਸਟਨ ਸ਼ਹਿਰ ਦੇ ਆਸਪਾਸ ਤੂਫਾਨ ਆਉਣ ਨਾਲ ਮਾਲੀ ਤੇ ਜਾਨੀ ਨੁਕਸਾਨ ਹੋਇਆ, ਜਿਨ੍ਹਾਂ ਦੀ ਮਦਦ ਲਈ ਸਿਆਟਲ ਤੋਂ 'ਸੋਚ' ਸੰਸਥਾ ਨੇ ਪਹਿਲਕਦਮੀ ਕਰਦਿਆਂ ਪੀੜਤ ਲੋਕਾਂ ਲਈ ਮੁੱਢਲੀ ਸਹਾਇਤਾ ਕਰਨ ਦਾ ਸ਼ਲਾਘਾਯੋਗ ਕੰਮ ਕੀਤਾ ਹੈ।

When tired of all treatments for any disease at any age Try
**HOMEOPATHIC**
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



**GURDIP SINGH SANDHU**
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

**CAPITAL SERVICES**
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਇਲੈਕਸ਼ਨ ਵਾਸਤੇ

# ਸਮੂਹ ਸੰਗਤ ਨੂੰ ਅਪੀਲ

ਗੁਰੂ ਪਿਆਰੀ ਸਤਿਕਾਰਯੋਗ ਸਾਧ ਸੰਗਤ ਜੀਓ,

ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਸੈਨਹੋਜੇ ਦੀ ਇਲੈਕਸ਼ਨ ਪ੍ਰਬੰਧਕਾਂ ਵੱਲੋਂ ਅਨਾਊਂਸ ਕੀਤੀ ਗਈ ਹੈ ਕਿ ਲਗਭਗ ਪਹਿਲੀ ਅਕਤੂਬਰ ਨੂੰ ਇਲੈਕਸ਼ਨ ਹੋਵੇਗੀ। ਸਾਡੇ ਵੱਲੋਂ ਆਪ ਜੀ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਗੁਰੂ ਘਰ ਦੀ ਇਲੈਕਸ਼ਨ ਕਰਵਾਉਣ ਲਈ ਤਕਰੀਬਨ ਇਕ ਮਿਲੀਅਨ ਡਾਲਰ ਲੱਗ ਗਿਆ ਸੀ ਅਤੇ ਲਗਾਤਾਰ 4 ਸਾਲ ਕੋਰਟ ਕਚਹਿਰੀ ਵਿਚ ਕੇਸ ਲੜਨਾ ਪਿਆ ਤਾਂ ਕਿ ਇਸ ਗੁਰੂ ਘਰ ਵਿਚ ਸੰਗਤਾਂ ਦੇ ਹੱਕ ਬਹਾਲ ਕਰਵਾਏ ਜਾਣ ਜਿਸ ਵਿਚ ਪ੍ਰਮਾਤਮਾ ਦੀ ਸਖਸ਼ਿਸ਼ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਾਰੇ ਕੇਸ ਸੰਗਤਾਂ ਦੇ ਹੱਕ ਵਿਚ ਹੋ ਗਏ। ਪਰ ਪ੍ਰਬੰਧਕ ਹਾਲੇ ਵੀ ਇਸ ਗੱਲ ਉਪਰ ਬਜਿੱਦ ਹਨ ਕਿ ਹੌਲੀ ਹੌਲੀ ਸੰਵਿਧਾਨ ਵਿਚ ਫਿਰ ਤੋਂ ਤਬਦੀਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਸ ਦੀ ਮਿਸਾਲ ਕੁਝ ਮਹੀਨੇ ਪਹਿਲਾਂ ਜਨਰਲ ਬਾਡੀ ਦੀ ਮੀਟਿੰਗ ਵਿਚ ਦੇਖਣ ਨੂੰ ਮਿਲੀ ਕਿ ਪ੍ਰਬੰਧਕਾਂ ਨੂੰ ਹੱਕ ਸੀ ਕਿ ਉਹ 50,000 ਡਾਲਰ ਖਰਚ ਸਕਦੇ ਹਨ ਜੇਕਰ ਇਸ ਤੋਂ ਉਪਰ ਖਰਚ ਦੇ ਹਨ ਤਾਂ ਸੰਗਤਾਂ ਤੋਂ ਮਨਜ਼ੂਰੀ ਲੈਣੀ ਪਵੇਗੀ। ਪਰ ਉਸ ਦਿਨ ਵੀ ਗੁਰੂ ਘਰ ਵਿਚ ਪੁਲਿਸ ਸੱਦ ਲਈ ਗਈ। ਸਟੇਜ ਉਪਰ ਸੰਗਤ ਦੇ ਕਿਸੇ ਵੀ ਮੈਂਬਰ ਨੂੰ ਆਪਣੇ ਵਿਚਾਰ ਨਹੀਂ ਰੱਖਣ ਦਿੱਤੇ ਅਤੇ ਧੱਕੇ ਨਾਲ ਇਹ ਰਕਮ 50 ਹਜ਼ਾਰ ਡਾਲਰ ਤੋਂ ਵਧਾ ਢਾਈ ਲੱਖ ਡਾਲਰ ਦੀ ਮਨਜ਼ੂਰੀ ਲੈ ਲਈ। ਹੁਣ ਇਲੈਕਸ਼ਨ ਵਿਚ ਇਹ ਮਤਾ ਰੱਖਿਆ ਗਿਆ ਹੈ ਕਿ ਪ੍ਰਬੰਧਕਾਂ ਦੀ ਸੇਵਾ ਦੋ ਸਾਲ ਤੋਂ 4 ਸਾਲ ਕੀਤੀ ਜਾਵੇ ਜਦੋਂ ਕਿ ਇਹ 30 ਸਾਲ ਸੇਵਾ ਕਰ ਚੁੱਕੇ ਹਨ। ਅਸੀਂ ਪ੍ਰਬੰਧਕਾਂ ਨਾਲ ਹਰ ਕੋਸ਼ਿਸ਼ ਕੀਤੀ ਕਿ ਮਿਲ ਬੈਠ ਕੇ ਕੋਈ ਹੱਲ ਲੱਭਿਆ ਜਾਵੇ ਪਰ ਇਹ ਪ੍ਰਬੰਧਕ ਨਾ ਚਿੱਠੀ ਦਾ ਜਵਾਬ ਦਿੰਦੇ ਹਨ ਅਤੇ ਨਾ ਹੀ ਕਿਸੇ ਈਮੇਲ ਦਾ। ਅਸੀਂ ਸੰਗਤ ਵੱਲੋਂ ਕੁਝ ਸੇਵਾਦਾਰਾਂ ਨੂੰ ਇਸ ਕਰਕੇ ਖੜ੍ਹੇ ਕਰ ਰਹੇ ਹਾਂ ਕਿ ਇਸ ਗੁਰੂ ਘਰ ਵਿਚ ਇਲੈਕਸ਼ਨ ਸਿਸਟਮ ਬੰਦ ਨਾ ਹੋਵੇ ਅਤੇ ਕਿਸੇ ਇਕ ਪਰਿਵਾਰ ਵਿਚ ਗਰੁੱਪ ਦਾ ਕਬਜ਼ਾ ਸਦਾ ਲਈ ਨਾ ਰਹੇ। ਦੂਸਰੀ ਬੇਨਤੀ ਹੈ ਕਿ ਦੋ ਸਾਲ ਦੀ ਸੇਵਾ ਨੂੰ 4 ਸਾਲ ਵਿਚ ਨਾ ਬਦਲਿਆ ਜਾਵੇ। ਬਾਕੀ ਜਾਣਕਾਰੀ ਆਉਣ ਵਾਲੇ ਹਫਤਿਆਂ ਵਿਚ ਰੇਡੀਓ ਰਾਹੀਂ ਅਖ਼ਬਾਰਾਂ ਰਾਹੀਂ ਦਿੱਤੀ ਜਾਵੇਗੀ। ਆਪ ਕਿਸੇ ਵੀ ਜਾਣਕਾਰੀ ਲਈ ਗੱਲ ਕਰ ਸਕਦੇ ਹੋ। ਉਮੀਦਵਾਰਾਂ ਦੇ ਨਾਮ ਦੇਣ ਦੀ ਤਾਰੀਖ 10 ਸਤੰਬਰ ਹੋਵੇਗੀ। ਜੇਕਰ ਆਪ ਨੇ ਵੋਟ ਨਹੀਂ ਬਣਾਈ ਤਾਂ ਜ਼ਰੂਰ ਵੋਟ ਬਣਵਾਓ।



**ਹੋਰ ਜਾਣਕਾਰੀ ਲਈ ਕਾਲ ਕਰੋ :**

| | | | | |
|---|---|---|---|---|
| ਮਨਪ੍ਰੀਤ ਸਿੰਘ ਬਦੇਸ਼ਾ<br>408-205-1663 | ਭੁਪਿੰਦਰ ਸਿੰਘ ਚੀਮਾ<br>408-203-8054 | ਦਲਵੀਰ ਸਿੰਘ ਬਾਸੀ<br>408-784-2541 | ਕਲਦੀਪ ਸਿੰਘ ਚੀਮਾ<br>408-205-5655 | ਗੁਰਪ੍ਰੀਤ ਕੌਰ<br>408-250-1319 |
| ਗੁਰਮੇਲ ਸਿੰਘ ਬਾਠ:<br>408-509-1082 | ਬਲਵੀਰ ਸਿੰਘ ਢਿੱਲੋਂ<br>408-772-0600 | ਜਸਵੰਤ ਸਿੰਘ ਹੋਠੀ<br>408-898-7056 | ਹਰਪਾਲ ਸਿੰਘ ਚਾਹਲ<br>408-981-2842 | ਜੰਗ ਸਿੰਘ ਬਦੇਸ਼ਾ<br>408-888-1781 |
| ਹਰਦੁੱਮਣ ਸਿੰਘ ਸੰਘੇੜਾ<br>408-520-8800 | ਤਰਲੋਚਨ ਸਿੰਘ ਨਾਹਲ<br>408-202-8844 | ਜਸਪਾਲ ਸਿੰਘ ਸੈਣੀ<br>408-393-9505 | ਬਚਿੱਤਰ ਸਿੰਘ ਸੰਘਾ<br>408-406-0156 | ਗੁਰਬਚਨ ਸਿੰਘ ਚਾਹਲ<br>408-564-2645 |
| ਗੁਰਮੀਤ ਸਿੰਘ ਸੈਣੀ<br>408-390-2370 | ਜਰਨੈਲ ਸਿੰਘ ਬਨਵੈਤ<br>408-690-6432 | ਇਕਬਾਲ ਸਿੰਘ ਬੁੱਟਰ<br>408-417-2636 | ਚੰਦ ਸਿੰਘ ਸਰਾ<br>408-726-3405 | ਬਘੇਲ ਸਿੰਘ ਜੱਸਵਾਲ<br>408-834-6277 |
| ਸੁਖਵਿੰਦਰ ਸਿੰਘ ਸਮਰਾ<br>408-482-5132 | ਅਵਤਾਰ ਸਿੰਘ ਖੇਲਾ<br>408-841-6597 | ਜਗਜੀਤ ਸਿੰਘ ਮੰਡ<br>408-858-3845 | ਗੁਰਬਚਨ ਸਿੰਘ ਗਿੱਲ<br>408-300-3348 | ਜਗਜੀਤ ਸਿੰਘ ਖਾਲਸਾ<br>408-223-9900 |

# ‘ਰਾਹੁਲ ਗਾਂਧੀ ਨੂੰ ਦਿੱਤਾ ਸੱਦਾ ਵਾਪਸ ਲਿਆ ਜਾਵੇ’

## *ਸਿਖ ਅਧਿਕਾਰ ਸੰਸਥਾ ਵਲੋਂ 1984 ਸਿੱਖ ਨਸਲਕੁਸ਼ੀ ਹਿੰਸਾ ਦਾ ਹਵਾਲਾ ਦਿੰਦਿਆਂ ਯੂ ਸੀ ਬਰਕਲੀ ਨੂੰ ਅਪੀਲ*





**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਜੂਨ 84 ਦਾ ਸਿੱਖ ਵਿਰੋਧੀ ਅਪਰੇਸ਼ਨ ਬਲਿਊ ਸਟਾਰ ਅਤੇ ਉਸੇ ਸਾਲ ਨਵੰਬਰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਕਿਵੇਂ ਸਿਖ ਭਾਈਚਾਰੇ ਖਿਲਾਫ ਨਸਲਕੁਸ਼ੀ ਹਿੰਸਾ ਕਰਵਾਈ ਇਸ ਦਾ ਹਵਾਲਾ ਦਿੰਦਿਆਂ ਸਿਖ ਅਧਿਕਾਰ ਸੰਸਥਾ ਨੇ ਯੂ ਸੀ ਬਰਕਲੀ ਨੂੰ ਅਪੀਲ ਕੀਤੀ ਹੈ ਕਿ ਉਹ ਇਸੇ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੂੰ ਯੂਨੀਵਾਰਸਿਟੀ ’ਚ ਭਾਸ਼ਨ ਕਰਨ ਲਈ ਦਿੱਤਾ ਗਿਆ ਸੱਦਾ ਵਾਪਸ ਲਵੇ। ਰਾਹੁਲ ਜੋ ਕਿ ਕਾਂਗਰਸ ਪਾਰਟੀ ਵਿਚ ਇਸ ਵੇਲੇ ਅਹਿਮ ਸਥਾਨ ਰਖਦੇ ਹਨ, ਉਸੇ ਇੰਦਰਾ ਗਾਂਧੀ ਦੇ ਪੋਤੇ ਹਨ। ਦਸਣਯੋਗ ਹੈ ਕਿ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਯੂ ਸੀ ਬਰਕਲੀ ਦੀ ਇੰਸਟੀਚਿਊਟ ਆਫ ਇੰਟਰਨੈਸ਼ਨਲ ਸਟਡੀਜ਼ ਐਂਡ ਇੰਸਟੀਚਿਊਟ ਫਾਰ ਸਾਊਥ ਏਸ਼ੀਆ ਸਟਡੀਜ਼ ਵਲੋਂ 11 ਸਤੰਬਰ ਨੂੰ ‘ਇੰਡੀਆ ਐਟ 70-ਰਿਫਲੈਕਸ਼ਨਸ ਆਨ ਦੀ ਪਾਥ ਫਾਰਵਰਡ’ ਵਿਸ਼ੇ ‘ਤੇ ਕਰਵਾਏ ਜਾ ਰਹੇ ਸਮਾਰੋਹ ਵਿਚ ਭਾਸ਼ਣ ਦੇਣ ਆ ਰਹੇ ਹਨ।

ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਵਲੋਂ ਯੂ ਸੀ ਬਾਰਕਲੀ ਦੇ ਚਾਂਸਲਰ ਕਰੋਲ ਕਰਾਇਸਟ ਨੂੰ ਲਿੱਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਵਜੋਂ ਰਾਹੁਲ ਗਾਂਧੀ ਦਾ ਸਿੱਖਿਆ ਸੰਸਥਾਨ ਵਿਚ ਕੋਈ ਥਾਂ ਨਹੀਂ ਹੈ ਕਿਉਂਕਿ ਇਸ ਨਾਲ ਗਲਤ ਪਿਰਤ ਪਵੇਗੀ ਕਿ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਅਤੇ ਇਸ ਦੇ ਦੋਸ਼ੀਆਂ ਨੂੰ ਪਨਾਹ ਦੇਣ ਵਾਲੇ ਵਿਅਕਤੀਆਂ ਨੂੰ ਵਿਦਿਆਰਥੀਆਂ ਨੂੰ ਭਵਿਖੀ ਮਨੁੱਖੀ ਸਮਾਜ ਬਾਰੇ ਲੈਕਚਰ ਦੇਣ ਲਈ ਬੁਲਾਇਆ ਜਾ ਰਿਹਾ ਹੈ।

ਚਾਂਸਲਰ ਨੂੰ ਲਿਖੇ ਪੱਤਰ ਵਿਚ ਹੋਰ ਕਿਹਾ ਗਿਆ ਹੈ ਕਿ ਰਾਹੁਲ ਗਾਂਧੀ ਉਸੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦਾ ਉਪ ਪ੍ਰਧਾਨ ਹੈ ਜਿਸ ਨੇ ਸਮੁੱਚੇ ਭਾਰਤ ਵਿਚ ਸਿਖ ਭਾਈਚਾਰੇ ਖਿਲਾਫ ਨਵੰਬਰ 1984 ਵਿਚ ਨਸਲਕੁਸ਼ੀ ਹਿੰਸਾ ਕਰਵਾਈ ਤੇ ਦੋਸ਼ੀਆਂ ਨੂੰ ਹੁਣ ਤੱਕ ਪਨਾਹ ਦਿੰਦੀ ਆ ਰਹੀ ਹੈ। ਇਹ ਹਮਲੇ ਸਿਖ ਮਨੁੱਖੀ ਜਾਨਾਂ, ਘਰ, ਵਪਾਰਕ ਅਦਾਰੇ, ਜਾਇਦਾਦ ਅਤੇ ਸਿਖਾਂ ਦੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾ ਕੇ ਸਮੁੱਚੇ ਭਾਰਤ ਵਿਚ ਸੋਚੀ ਸਮਝੀ ਸਾਜਿਸ਼ ਤਹਿਤ ਯੋਜਨਾਬੱਧ ਤਰੀਕੇ ਨਾਲ ਕੀਤੇ ਗਏ ਸਨ ਜਿਸ ਵਿਚ 30,000 ਤੋਂ ਵੱਧ ਸਿਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ ਜਿਨਾਂ ਵਿਚ ਬਹੁਤਿਆਂ ਨੂੰ ਜਿਉਂਦੇ ਸਾੜ ਦਿੱਤਾ ਗਿਆ ਸੀ, ਹਜ਼ਾਰਾਂ ਸਿਖ ਬੀਬੀਆਂ ਦਾ ਬਲਾਤਕਾਰ ਕੀਤਾ ਗਿਆ, ਕਈ ਗੁਰਦੁਆਰੇ ਸਾੜ ਦਿੱਤੇ ਗਏ ਸੀ ਅਤੇ 300,000 ਤੋਂ ਵੱਧ ਸਿਖਾਂ ਨੂੰ ਉਜਾੜ ਦਿੱਤਾ ਗਿਆ ਤੇ ਲੱਖਾਂ ਦੀ ਗਿਣਤੀ ਵਿਚ ਸਿਖ ਇਨਾਂ ਹਮਲਿਆਂ ਤੋਂ ਪ੍ਰਭਾਵਿਤ ਹੋਏ ਸਨ। ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਅੱਜ ਰਾਹੁਲ ਗਾਂਧੀ ਉਸੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੂੰ ਉਨਾਂ ਕੁਝ ਮੋਹਰੀ ਆਗੂਆਂ ਦੀ ਮਦਦ ਨਾਲ ਚਲਾ ਰਹੇ ਹਨ ਜਿਹੜੇ ਕਿ ਨਵੰਬਰ 1984 ਵਿਚ ਸਿਖਾਂ ਖਿਲਾਫ ਨਸਲਕੁਸ਼ੀ ਹਿੰਸਾ ਵਿਚ ਸ਼ਾਮਿਲ ਰਹੇ ਸਨ। ਉਨਾਂ ਨੇ ਕਿਹਾ ਕਿ ਅਸਲ ਵਿਚ ਸਿੱਖ ਭਾਈਚਾਰੇ ਖਿਲਾਫ ਹਿੰਸਾ ਕਰਵਾਉਣੀ ਅਤੇ ਕਾਤਲਾਂ ਨੂੰ ਬਚਾਉਣਾ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂਆਂ ਦੀ ਸਥਾਪਿਤ ਪਛਾਣ ਬਣ ਗਈ ਹੈ।

ਹੇਵਰਡ ਰਹਿੰਦੇ ਜਸਬੀਰ ਸਿੰਘ, ਜੋ ਕਿ 1984 ਨਸਲਕੁਸ਼ੀ ਹਿੰਸਾ ਵਿਚ ਕਾਂਗਰਸੀ ਆਗੂ ਜਗਦੀਸ਼ ਟਾਇਟਲਰ ਦੀ ਅਗਵਾਈ ਵਿਚ ਕੀਤੇ ਗਏ ਹਮਲਿਆਂ ਵਿਚ ਆਪਣੇ ਪਰਿਵਾਰ ਦੇ 26 ਜੀਆਂ ਦੇ ਮਾਰੇ ਜਾਣ ਤੋਂ ਬਾਅਦ ਕੈਲੀਫੋਰਨੀਆ ਆ ਗਏ ਹਨ, ਨੇ ਕਿਹਾ ਕਿ ਗਾਂਧੀ ਨੂੰ ਇਥੇ ਆਉਣ ਤੋਂ ਰੋਕਣ ਲਈ ਅਸੀ ਬਾਰਕਲੀ ਦੇ ਵਿਦਿਆਰਥੀ ਗਰੁੱਪਾਂ ਅਤੇ ਭਾਈਚਾਰੇ ਦੇ ਲੋਕਾਂ ਨੂੰ ਇਕੱਠੇ ਕਰਾਂਗੇ ਤਾਂ ਜੋ ਉਹ ਪੀੜਤਾਂ ਦੇ ਨਾਲ ਖੜੇ ਹੋਣ। ਜਸਬੀਰ ਸਿੰਘ ਨੇ ਅਗੇ ਕਿਹਾ ਕਿ ਯੂ ਸੀ ਬਾਰਕਲੀ ਵਿਚ ਰਾਹੁਲ ਦਾ ਭਾਸ਼ਣ ਦੇਣਾ ਨਵੰਬਰ 1984 ਦੇ ਪੀੜਤਾਂ ਦੇ ਸੈਂਕੜੇ ਪਰਿਵਾਰਕ ਮੈਂਬਰਾਂ ਦੇ ਜ਼ਖਮਾਂ ‘ਤੇ ਲੂਣ ਛਿੜਕਣ ਦੇ ਬਰਾਬਰ ਹੋਵੇਗਾ। ਉਨਾਂ ਨੇ ਕਿਹਾ ਕਿ ਇਹ ਉਹੀ ਪਰਿਵਾਰ ਹਨ ਜਿਨਾਂ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਆਗੂਆਂ ਵਲੋਂ ਕੀਤੇ ਗਏ ਨਸਲਕੁਸ਼ੀ ਹਿੰਸਾ ਦੀਆਂ ਭਿਆਨਕ ਯਾਦਾਂ ਤੋਂ ਬਚਦਿਆਂ ਕੈਲੀਫੋਰਨੀਆ ਰਾਜ ਨੇ ਦਿਲਾਸਾ ਦਿੱਤਾ ਸੀ। ਸਿੱਖਾਂ ਖਿਲਾਫ ਹਿੰਸਾ ਵਿਚ ਗਾਂਧੀ ਪਰਿਵਾਰ ਦੀ ਭੂਮਿਕਾ ਨੂੰ ਉਜਾਗਰ ਕਰਦਿਆਂ ਪੱਤਰ ਵਿਚ ਹੋਰ ਲਿਖਿਆ ਗਿਆ ਹੈ ਕਿ ਰਾਹੁਲ ਦੀ ਮਾਂ ਸੋਨੀਆ ਗਾਂਧੀ , ਜੋ ਕਿ 1990 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੀ ਅਗਵਾਈ ਕਰ ਰਹੀ ਹੈ, ਆਪਣੀ ਪਾਰਟੀ ਦੇ ਉਨਾਂ ਆਗੂਆਂ ਨੂੰ ਹੁਣ ਤੱਕ ਬਚਾ ਰਹੀ ਉਨਾਂ ਨੂੰ ਪਨਾਹ ਅਤੇ ਨਿਵਾਜਦੀ ਆ ਰਹੀ ਹੈ ਜਿਨਾਂ ਨੇ ਸਿਖਾਂ ਖਿਲਾਫ ਨਸਲਕੁਸ਼ੀ ਹਿੰਸਾ ਭੜਕਾਈ ਸੀ, ਸਾਜਿਸ਼ ਰਚੀ ਸੀ ਤੇ ਖੁਦ ਇਸ ਹਿੰਸਾ ਵਿਚ ਸ਼ਾਮਿਲ ਹੋਏ ਸਨ। ਰਾਹੁਲ ਦਾ ਪਿਤਾ ਰਾਜੀਵ ਗਾਂਧੀ, ਜੋ ਕਿ ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਕਾਂਗਰਸ ਪਾਰਟੀ ਦਾ ਮੁਖੀ ਬਣਿਆ ਸੀ ਤੇ ਪ੍ਰਧਾਨ ਮੰਤਰੀ ਬਣਿਆ ਸੀ, ਨੇ ਨਵੰਬਰ 1984 ਸਿਖਾਂ ਖਿਲਾਫ ਨਸਲਕੁਸ਼ੀ ਹਿੰਸਾ ਨੂੰ ਇਹ ਕਹਿਕੇ ਜਾਇਜ ਠਹਿਰਾਇਆ ਸੀ ਕਿ ‘ਜਦੋਂ ਕੋਈ ਵੱਡਾ ਦਰੱਖਤ ਡਿਗਦਾ ਹੈ ਧਰਤੀ ਹਿਲਦੀ ਹੈ’। ਰਾਹੁਲ ਦੀ ਦਾਦੀ ਇੰਦਰਾ ਗਾਂਧੀ, ਜੋ ਕਿ ਉਦੋਂ ਪ੍ਰਧਾਨ ਮੰਤਰੀ ਸੀ ਤੇ ਕਾਂਗਰਸ ਪਾਰਟੀ ਦੀ ਪ੍ਰਧਾਨ ਸੀ, ਨੇ ਜੂਨ 1984 ਵਿਚ ਸਿਖਾਂ ਦੇ ਦਰਬਾਰ ਸਾਹਿਬ ਖਿਲਾਫ ‘ਅਪਰੇਸ਼ਨ ਬਲਿਊ ਸਟਾਰ’ ਦਾ ਹੁਕਮ ਦਿੱਤਾ ਸੀ ਜਿਸ ਵਿਚ 10,000 ਤੋਂ ਵੱਧ ਸਿਖ ਸ਼ਰਧਾਲੂਆਂ ਦਾ ਕਤਲੇਆਮ ਕੀਤਾ ਗਿਆ ਸੀ।

# ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵਲੋਂ ਕਬੱਡੀ ਕੱਪ ਨੇ ਸਤੰਬਰ 24 ਨੂੰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸੈਕਰਾਮੈਂਟੋ ਸਥਿਤ ਕਿੰਗਜ ਸਪੋਰਟਸ ਕਲੱਬ ਨੇ 24 ਸਤੰਬਰ ਐਤਵਾਰ ਨੂੰ ਵਿਸ਼ਵ ਪੱਧਰੀ ਕਬੱਡੀ ਕੱਪ ਕਰਵਾਉਣ ਦਾ ਫੈਸਲਾ ਕੀਤਾ ਹੈ। ਨਵੇਂ ਬਣੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ, ਜੋ ਕਿ ਐਲਕ ਗਰੋਵ ਫਲੋਰਨ ਰੋਡ ਤੇ ਸਥਿਤ ਹੈ, ਦੀ ਖਾਲੀ ਪਈ ਜ਼ਮੀਨ ਵਿਚ ਕਰਵਾਏ ਜਾਣ ਵਾਲੇ ਇਸ ਕੱਪ ਕੱਪ ਦੀਆਂ ਤਿਆਰੀਆਂ ਹੁਣ ਤੋਂ ਆਰੰਭ ਦਿੱਤੀਆਂ ਹਨ। ਇਸ ਮੰਤਵ ਲਈ ਗੁਰਦੁਆਰੇ ਦੀ ਜ਼ਮੀਨ ਪੱਧਰਾ ਕੀਤਾ ਜਾ ਰਿਹਾ ਹੈ।

ਮੁੱਖ ਪ੍ਰਬੰਧਕਾਂ ਵਿਚ ਸੁੱਖੀ ਸੇਖੋਂ, ਗੁਰਮੁੱਖ ਸਿੰਘ ਸੰਧੂ, ਕਿੰਦੂ ਰਮੀਦੀ, ਸੰਤੋਖ ਦੁਸਾਂਝ ਤੇ ਇੰਦਰਜੀਤ ਖੰਗੂੜਾ ਨੇ ਦਸਿਆ ਕਿ ਇਸ ਕਬੱਡੀ ਕੱਪ ਵਿਚ ਵਿਸ਼ਵ ਪੱਧਰੀ ਖਿਡਾਰੀ ਟੂਰਨਾਮੈਂਟ ਵਿਚ ਸ਼ਾਮਲ ਹੋ ਰਹੇ ਹਨ.

ਸੁਖੀ ਸੇਖੋਂ ਨੇ ਦਸਿਆ ਕਿ ਜੇਤੂ ਟੀਮਾਂ ਨੂੰ ਭਾਰੀ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ ਤੇ ਪੁਰਾਣੇ ਕਬੱਡੀ ਖਿਡਾਰੀਆਂ ਦਾ ਵੀ ਸਤਿਕਾਰ ਹੋਵੇਗਾ। ਇਸ ਦੌਰਾਨ ਸਕਿਉਰਿਟੀ ਤੇ ਖਾਣੇ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ।

# ਬੇਨਜ਼ੀਰ ਭੁੱਟੋ ਕਤਲ ਮਾਮਲੇ ’ਚ ਪਾਕਿ ਅਦਾਲਤ ਵਲੋਂ ਮੁਸ਼ੱਰਫ਼ ਭਗੌੜਾ ਕਰਾਰ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੀ ਅਤਿਵਾਦ ਵਿਰੋਧੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਕਤਲ ਮਾਮਲੇ ਵਿਚ ਮੁਲਕ ਦੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ ਨੂੰ ਭਗੌੜਾ ਐਲਾਨਦਿਆਂ ਉਸ ਦੀ ਸਾਰੀ ਜਾਇਦਾਦ ਕਬਜ਼ੇ ਵਿਚ ਲੈਣ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਅਦਾਲਤ ਨੇ ਦੋ ਸੀਨੀਅਰ ਪੁਲੀਸ ਅਧਿਕਾਰੀਆਂ ਨੂੰ 17 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ ਜਦਕਿ ਤਹਿਰੀਕੇ ਤਾਲਿਬਾਨ ਦੇ ਪੰਜ ਮਸ਼ਕੂਕਾਂ ਨੂੰ ਸਬੂਤਾਂ ਦੀ ਘਾਟ ਕਰਕੇ ਬਰੀ ਕਰ ਦਿੱਤਾ ਹੈ।



ਪਾਕਿਸਤਾਲ ਪੀਪਲਜ਼ ਪਾਰਟੀ (ਪੀਪੀਪੀ) ਦੀ ਮੁਖੀ ਤੇ ਦੋ ਵਾਰ ਮੁਲਕ ਦੀ ਪ੍ਰਧਾਨ ਮੰਤਰੀ ਰਹੀ ਬੇਨਜ਼ੀਰ ਭੁੱਟੋ (54) ਨੂੰ 27 ਦਸੰਬਰ 2007 ਨੂੰ ਰਾਵਲਪਿੰਡੀ ਦੇ ਲਿਆਕਤ ਬੇਗ਼ ਵਿੱਚ ਚੋਣ ਕੰਪੇਨ ਰੈਲੀ ਮੌਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਰੈਲੀ ਮੌਕੇ ਕੀਤੇ ਧਮਾਕੇ ਵਿਚ 20 ਤੋਂ ਵੱਧ ਲੋਕ ਫ਼ੌਤ ਹੋ ਗਏ ਸਨ। ਕਤਲ ਤੋਂ ਫ਼ੌਰੀ ਮਗਰੋਂ ਭਾਵੇਂ ਕੇਸ ਦਰਜ ਕਰ ਲਿਆ ਗਿਆ ਸੀ, ਪਰ ਪਿਛਲੇ ਇਕ ਦਹਾਕੇ ਦੌਰਾਨ ਕੇਸ ਨੇ ਕਈ ਉਤਰਾਅ ਚੜ੍ਹਾਅ ਵੇਖੇ ਤੇ ਬੀਤੇ ਦਿਨ ਰਾਵਲਪਿੰਡੀ ਵਿਚ ਕੇਸ ਦੀ ਸੁਣਵਾਈ ਮੁਕੰਮਲ ਹੋਈ।

ਜੱਜ ਅਸਗਰ ਖ਼ਾਨ ਨੇ ਫੈਸਲਾ ਸੁਣਾਉਂਦਿਆਂ ਮੁਸ਼ੱਰਫ਼ ਨੂੰ ਭਗੌੜਾ ਐਲਾਨ ਦਿੱਤਾ ਹੈ। ਉਨ੍ਹਾਂ ਸਾਬਕਾ ਰਾਸ਼ਟਰਪਤੀ ਦੀ ਜਾਇਦਾਦ ਨੂੰ ਕਬਜ਼ੇ ‘ਚ ਲੈਣ ਲਈ ਕਿਹਾ ਹੈ। ਮੁਸ਼ੱਰਫ਼(74) ਪਿਛਲੇ ਇਕ ਸਾਲ ਤੋਂ ਦੂਬਈ ਵਿੱਚ ਹੈ ਤੇ ਉਸ ਨੂੰ ਮੈਡੀਕਲ ਇਲਾਜ ਲਈ ਪਾਕਿਸਤਾਨ ਛੱਡਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਦੇ ਨਾਲ ਹੀ ਜੱਜ ਨੇ ਰਾਵਲਪਿੰਡੀ ਦੇ ਸਾਬਕਾ ਸੀਪੀਓ ਸਾਊਦ ਅਜ਼ੀਜ਼ ਅਤੇ ਰਾਵਲ ਸ਼ਹਿਰ ਦੇ ਸਾਬਕਾ ਐਸਪੀ ਖੁਰੱਮ ਸ਼ਾਹਜ਼ਾਦ ਨੂੰ 17 ਸਾਲ ਦੀ ਕੈਦ ਤੇ 5-5 ਲੱਖ ਰੁਪਏ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜ਼ਮਾਨਤ ’ਤੇ ਚੱਲ ਰਹੇ ਦੋਵੇਂ ਅਧਿਕਾਰੀ ਸੁਣਵਾਈ ਮੌਕੇ ਅਦਾਲਤ ਵਿੱਚ ਹਾਜ਼ਰ ਸਨ। ਪੁਲੀਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰਕੇ ਅਡਿਆਲਾ ਜੇਲ੍ਹ ਭੇਜ ਦਿੱਤਾ ਹੈ। ਤਹਿਰੀਕੇ ਤਾਲਿਬਾਨ ਨਾਲ ਸਬੰਧਤ ਪੰਜ ਮਸ਼ਕੂਕਾਂ ਨੂੰ ਸਬੂਤਾਂ ਦੀ ਘਾਟ ਕਰਕੇ ਰਿਹਾਅ ਕਰ ਦਿੱਤਾ। ਇਨ੍ਹਾਂ ਪੰਜਾਂ ਨੂੰ ਕਤਲ ਤੇ ਧਮਾਕਿਆਂ ਤੋਂ ਫ਼ੌਰੀ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਦੋਂ ਤੋਂ ਉਹ ਜੇਲ੍ਹ ਵਿੱਚ ਸਨ। ਸੁਣਵਾਈ ਮੌਕੇ ਮੁਸ਼ੱਰਫ਼ ਨੂੰ ਛੱਡ ਕੇ ਬਾਕੀ ਸਾਰੇ ਦੋਸ਼ੀ ਹਾਜ਼ਰ ਸਨ। ਕਾਬਿਲੇਗੌਰ ਹੈ ਕਿ ਤਤਕਾਲੀਨ ਮੁਸ਼ੱਰਫ਼ ਸਰਕਾਰ ਨੇ ਸ਼ੁਰੂਆਤ ਵਿੱਚ ਬੇਨਜ਼ੀਰ ਦੇ ਕਤਲ ਦਾ ਦੋਸ਼ ਟੀਟੀਪੀ ਮੁਖੀ ਬੈਤੁੱਲ੍ਹਾ ਮਹਿਸੂਦ ਸਿਰ ਮੜ੍ਹਦਿਆਂ ਇਸ ਸਬੰਧੀ ਇਕ ਆਡੀਓ ਟੇਪ ਜਾਰੀ ਕੀਤੀ ਸੀ। ਟੇਪ ਵਿੱਚ ਮਹਿਸੂਦ ਕਤਲ ਨੂੰ ਅੰਜਾਮ ਦੇਣ ਵਾਲੇ ਕਿਸੇ ਸ਼ਖ਼ਸ ਨੂੰ ਵਧਾਈ ਦਿੰਦਾ ਸੁਣਾਈ ਦਿੰਦਾ ਸੀ। ਪਰ ਸੰਘੀ ਜਾਂਚ ਏਜੰਸੀ ਦੇ ਸਰਕਾਰੀ ਵਕੀਲ ਮੁਹੰਮਦ ਅਜ਼ਹਰ ਚੌਧਰੀ ਨੇ ਆਪਣੀ ਬਹਿਸ ਨੂੰ ਸਮੇਟਣ ਮੌਕੇ ਇਸ ਆਡੀਓ ਟੇਪ ਨੂੰ ਸਬੂਤ ਵਜੋਂ ਖਾਰਜ ਕਰ ਦਿੱਤਾ ਸੀ। ਵਕੀਲ ਨੇ ਕਿਹਾ ਸੀ ਕਿ ਆਡੀਓ ਟੇਪ ਮੁਸ਼ੱਰਫ਼ ਵੱਲੋਂ ਜਾਂਚ ਨੂੰ ਕੁਰਾਹੇ ਪਾਉਣ ਤੇ ਖ਼ੁਦ ਨੂੰ ਬਚਾਉਣ ਦਾ ਯਤਨ ਮਾਤਰ ਹੈ।

### ਅਸਲ ਦੋਸ਼ੀ ਅਜੇ ਵੀ ਆਜ਼ਾਦ

ਫ਼ੈਸਲੇ ਤੋਂ ਫ਼ੌਰੀ ਬਾਅਦ ਭੁੱਟੋ ਦੀ ਧੀ ਆਸੀਫ਼ਾ ਭੁੱਟੋ ਜ਼ਰਦਾਰੀ ਨੇ ਕਿਹਾ ਦਸ ਸਾਲ ਬਾਅਦ ਵੀ ਉਨ੍ਹਾਂ ਨੂੰ ਨਿਆਂ ਦੀ ਉਡੀਕ ਹੈ। ਆਸੀਫ਼ਾ ਨੇ ਕਿਹਾ, ‘ਇਸ ਸਾਰੇ ਘਟਨਾਕ੍ਰਮ ਨੂੰ ਸ਼ਹਿ ਦੇਣ ਵਾਲਿਆਂ ਨੂੰ ਸਜ਼ਾ ਮਿਲ ਗਈ, ਪਰ ਮੇਰੀ ਮਾਂ ਦੇ ਕਤਲ ਦੇ ਅਸਲ ਦੋਸ਼ੀ ਅਜੇ ਵੀ ਖੁੱਲ੍ਹੇਆਮ ਘੁੰਮ ਰਹੇ ਹਨ। ਜਦੋਂ ਤਕ ਪਰਵੇਜ਼ ਮੁਸ਼ੱਰਫ਼ ਆਪਣਾ ਅਪਰਾਧ ਕਬੂਲ ਨਹੀਂ ਕਰਦਾ, ਉਦੋਂ ਤਕ ਨਿਆਂ ਅਧੂਰਾ ਹੈ।’


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533

# ਵਿਕਟੋਰੀਆ ਵੈਸਟ ਪਾਰਕ ਦਾ ਨਾਂ ਬਦਲ ਕੇ 'ਜਸਵੰਤ ਸਿੰਘ ਖਾਲੜਾ ਪਾਰਕ' ਰੱਖਿਆ








## *ਉਮੀਦ ਹੈ ਇਸ ਪਾਰਕ ਦੇ ਅਰਥ ਵੀ ਹੁਣ ਵੱਖਰੇ ਹੋਣਗੇ : ਨਵਕਿਰਨ ਕੌਰ ਖਾਲੜਾ*

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ:** ਸਿੱਖ ਭਾਈਚਾਰੇ ਲਈ ਇਹ ਪਲ ਬੇਹੱਦ ਖ਼ਾਸ ਰਹੇ ਜਦੋਂ ਵਿਕਟੋਰੀਆ ਵੈਸਟ ਪਾਰਕ ਦਾ ਨਾਂ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਿਆ ਗਿਆ। ਵੈਸਟ ਸੈਂਟਰਲ ਫਰਿਜ਼ਨੋ ਵਿਚਲਾ ਪਾਰਕ ਕਈ ਵਰ੍ਹਿਆਂ ਤੋਂ ਵਿਕਟੋਰੀਆ ਵੈਸਟ ਪਾਰਕ ਵਜੋਂ ਜਾਣਿਆ ਜਾਂਦਾ ਸੀ। ਸ਼ਹਿਰ ਦੇ ਸਿਟੀ ਕੌਂਸਲਰਾਂ ਤੇ ਮੇਅਰ ਨੇ ਮਤਾ ਪਾਸ ਕਰਦਿਆਂ ਪਾਰਕ ਦਾ ਨਾਂ ਬਦਲ ਕੇ 'ਸ਼ਹੀਦ ਜਸਵੰਤ ਸਿੰਘ ਖਾਲੜਾ' ਦੇ ਨਾਂ 'ਤੇ ਰੱਖ ਦਿੱਤਾ ਹੈ। ਇਹ ਪਾਰਕ ਕਲਿੰਟਨ ਤੇ ਬਰਾਲੀ ਸਟਰੀਟ ਦੇ ਖੂੰਜੇ ਵਿਚ ਸਥਿਤ ਹੈ। ਇਹ ਕੰਮ ਸਿੱਖ ਆਗੂਆਂ ਦੀ ਅਣਥੱਕ ਮਿਹਨਤ ਸਦਕਾ ਸਿਰੇ ਚੜ੍ਹਿਆ ਹੈ। ਖ਼ਾਸ ਤੌਰ 'ਤੇ 'ਜਕਾਰਾ ਮੂਵਮੈਂਟ' ਦਾ ਅਹਿਮ ਯੋਗਦਾਨ ਰਿਹਾ। ਇਸ ਮੁਹਿੰਮ ਨੂੰ ਨੇਪਰੇ ਚਾੜ੍ਹਨ ਵਿਚ ਦੀਪ ਸਿੰਘ, ਸਿਮਰਨ ਸਿੰਘ, ਕਮਲਜੀਤ ਕੌਰ, ਬਿੱਲ ਨਿੱਝਰ ਦਾ ਵਿਸ਼ੇਸ਼ ਯੋਗਦਾਨ ਹੈ।

ਸਥਾਨਕ ਪੰਜਾਬੀ ਨੌਜਵਾਨ ਬੱਚੇ-ਬੱਚੀਆਂ ਦੀ ਜਕਾਰਾ ਨਾਮੀ ਸੰਸਥਾ ਸਾਡੀ ਨਵੀਂ ਪਨੀਰੀ ਨੂੰ ਸਾਡੇ ਵਿਰਸੇ, ਬੋਲੀ, ਸਭਿਆਚਾਰ ਅਤੇ ਧਰਮ ਨਾਲ ਜੋੜਨ ਲਈ ਅਣਥੱਕ ਸੇਵਾਵਾਂ ਨਿਭਾ ਰਹੇ ਹਨ। ਜਕਾਰਾ ਬਹੁਤ ਸਮੇਂ ਤੋਂ ਫਰਿਜ਼ਨੋ ਸ਼ਹਿਰ ਦੇ ਵਿਕਟੋਰੀਆ ਪਾਰਕ ਦਾ ਨਾਮ ਮਨੁੱਖੀ ਅਧਿਕਾਰ ਸੰਸਥਾ ਦੇ ਆਗੂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ 'ਤੇ ਰਖਵਾਉਣ ਲਈ ਸਿਟੀ ਕੌਂਸਲ ਨਾਲ ਆਪਣੀ ਮੰਗ ਸਾਂਝੀ ਕਰ ਚੁੱਕਿਆ ਸੀ, ਜਿਸ ਸੰਬੰਧੀ ਬੀਤੇ ਦਿਨੀ ਹੋਈ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਸਿਟੀ ਕੌਂਸਲ ਮੈਂਬਰਾਂ ਨੇ ਇਸ ਮਤੇ 'ਤੇ ਵੋਟ ਪਾ ਕੇ ਸਰਬਸੰਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ। ਸਿਟੀ ਹਾਲ ਅੰਦਰ ਵੱਡੀ ਗਿਣਤੀ ਵਿੱਚ ਹਾਜ਼ਰ ਪੰਜਾਬੀ ਭਾਈਚਾਰੇ ਨੇ ਜੈਕਾਰਿਆਂ ਦੀ ਗੂੰਜ ਵਿੱਚ ਇਸ ਮਤੇ ਨੂੰ ਖੁਸ਼ੀ ਖੁਸ਼ੀ ਪ੍ਰਵਾਨਗੀ ਦਿੱਤੀ। ਇਸ ਮੌਕੇ ਜਕਾਰਾ ਮੂਵਮੈਂਟ ਦੇ ਵਲੰਟੀਅਰਾਂ ਨੇ ਕੌਂਸਲ ਅੱਗੇ ਆਪਣੀ ਗੱਲ ਰੱਖੀ। ਪੰਜਾਬੀ ਭਾਈਚਾਰੇ ਨੇ ਇਸ ਮੌਕੇ ਫਰਿਜ਼ਨੋ ਸਿਟੀ ਮੇਅਰ ਲੀ-ਬਰੈਂਡ, ਕੌਂਸਲ ਮੈਂਬਰ ਕਲਿੰਟ ਓਲੀਵਰ, ਇਸਮਾਰਾਲੀਡਾ ਸੋਰਾਇਆ, ਓਲੀਵਰ ਬੇਂਸ, ਗੈਰੀ ਬਰੈਡਫੀਲਡ, ਪਾਲ ਕੈਪਰੀਗੈਲੋ ਦਾ ਇਸ ਇਤਿਹਾਸਕ ਫੈਸਲੇ ਲਈ ਸ਼ੁਕਰੀਆ ਅਦਾ ਕੀਤਾ। ਕੌਂਸਲ ਮੈਂਬਰ ਸਟੀਵ ਬਰੈਂਡਾਊ ਤੇ ਲੂਇਸ ਸ਼ਾਵੇਜ਼ ਇਸ ਮੀਟਿੰਗ ਵਿਚੋਂ ਗੈਰਹਾਜ਼ਰ ਰਹੇ।

ਇਸ ਮੌਕੇ ਸਿਟੀ ਹਾਲ 'ਚ ਹੋਈ ਇਕੱਤਰਤਾ ਦੌਰਾਨ ਸ. ਜਸਵੰਤ ਸਿੰਘ ਖਾਲੜਾ ਦੀ ਧੀ ਨਵਕਿਰਨ ਕੌਰ ਖਾਲੜਾ ਵਿਸ਼ੇਸ਼ ਤੌਰ 'ਤੇ ਪੁੱਜੀ। ਉਸ ਨੇ ਸਿਟੀ ਅਧਿਕਾਰੀਆਂ ਤੇ ਕੌਂਸਲ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ, 'ਅਸੀਂ ਕਿਸੇ ਨੂੰ ਆਪਣੀਆਂ ਕਹਾਣੀਆਂ ਨਹੀਂ ਸੁਣਾਈਆਂ, ਅਸੀਂ ਕਦੇ ਆਪਣੀ ਵਿਰਾਸਤ ਸਾਂਝੀ ਨਹੀਂ ਕੀਤੀ।' ਗਰਮੀਆਂ ਦੀ ਤਿੱਖੀ ਧੁੱਪ ਵਿਚ ਬੱਚੇ ਇਸ ਪਾਰਕ ਵਿਚ ਦਰਖ਼ਤਾਂ ਦੀ ਠੰਢੀ ਛਾਂ ਮਾਣਦੇ ਹਨ ਤੇ ਨਵਕਿਰਨ ਨੂੰ ਉਮੀਦ ਹੈ ਕਿ ਹੁਣ ਇਸ ਪਾਰਕ ਦੇ ਅਰਥ ਵੀ ਵੱਖਰੇ ਹੋਣਗੇ। ਜ਼ਿਕਰਯੋਗ ਹੈ ਕਿ ਜਸਵੰਤ ਸਿੰਘ ਖਾਲੜਾ ਨੂੰ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦਿਆਂ ਪੁਲੀਸ ਨੇ 1995 ਵਿਚ ਕਤਲ ਕਰ ਦਿੱਤਾ ਸੀ। ਉਦੋਂ ਨਵਕਿਰਨ ਕੌਰ ਮਹਿਜ਼ 10 ਵਰ੍ਹਿਆਂ ਦੀ ਸੀ।

ਨਵਕਿਰਨ ਨੇ ਦੱਸਿਆ, 'ਮੇਰੇ ਕੋਲ ਉਨ੍ਹਾਂ ਦੀਆਂ ਬਹੁਤ ਘੱਟ ਯਾਦਾਂ ਹਨ, ਜੋ ਕੁਝ ਵੀ ਮੈਂ ਜਾਣਦੀ ਹਾਂ, ਉਨ੍ਹਾਂ ਦੇ ਜਾਣ ਤੋਂ ਬਾਅਦ ਹੀ ਸੁਣਿਆ ਹੈ।' ਹੁਣ ਕਰੀਬ 20 ਵਰ੍ਹਿਆਂ ਬਾਅਦ ਨਵਕਿਰਨ ਆਪਣੇ ਪਿਤਾ ਦੀ ਯਾਦ ਨੂੰ ਸੈਂਟਰਲ ਵੈਲੀ ਵਿਚ ਸਾਕਾਰ ਹੁੰਦਾ ਦੇਖ ਰਹੀ ਹੈ। ਨਵਕਿਰਨ ਤੇ ਸਿੱਖ ਜਥੇਬੰਦੀ 'ਜਕਾਰਾ ਮੂਵਮੈਂਟ' ਨੇ ਫਰਿਜ਼ਨੋ ਸਿਟੀ ਕੌਂਸਲ ਦੇ ਅਧਿਕਾਰੀਆਂ ਨਾਲ ਪਾਰਕ ਦਾ ਨਾਂ ਬਦਲਣ ਸਬੰਧੀ ਮੀਟਿੰਗ ਕੀਤੀ ਸੀ। ਕੌਂਸਲ ਮੈਂਬਰ ਓਲੀਵਰ ਬੇਂਸ ਇਕ ਸਾਲ ਤੋਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਵਿਚ ਪੂਰਾ ਸਹਿਯੋਗ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਜਸਵੰਤ ਖਾਲੜਾ ਸਿੱਖ ਭਾਈਚਾਰੇ ਲਈ ਉਸੇ ਤਰ੍ਹਾਂ ਹੈ, ਜਿਵੇਂ ਮੇਰੇ ਭਾਈਚਾਰੇ ਲਈ ਮਾਰਟਿਨ ਲੂਥਰ ਕਿੰਗ ਜੂਨੀਅਰ। ਇਸ ਅਹਿਮ ਮੌਕੇ ਹੋਏ ਸਮਾਰੋਹ ਦੌਰਾਨ ਨਵਕਿਰਨ ਨੇ ਸਟੇਜ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਹ ਸ਼ਾਇਦ ਬਿਆਨ ਨਹੀਂ ਕਰ ਸਕਦੀ ਕਿ ਇਹ ਪਲ ਉਸ ਲਈ ਕਿੰਨੇ ਖਾਸ ਹਨ। ਪਾਰਕ ਦਾ ਨਾਂ ਜਸਵੰਤ ਸਿੰਘ ਖਾਲੜਾ ਬਦਲਣ ਦੇ ਇਤਿਹਾਸਕ ਪਲਾਂ ਨੂੰ 100 ਦੇ ਕਰੀਬ ਸਿੱਖਾਂ ਨੇ ਮਹਿਸੂਸ ਕੀਤਾ।

## ਫਰਿਜ਼ਨੋਂ ਨੇੜ੍ਹੇ ਹਾਦਸੇ 'ਚ ਪੰਜ ਜਣੇ ਹਲਾਕ

### ਮ੍ਰਿਤਕਾਂ ਵਿੱਚ ਮਾਸਟਰ ਦੀਪਕ ਦੇ ਸ਼ਾਮਲ ਹੋਣ ਦੀ ਖ਼ਬਰ

**ਫਰਿਜ਼ਨੋਂ/ਬਿਊਰੋ ਨਿਊਜ਼:** ਪੱਛਮੀਂ ਫਰਿਹਕਾਊਂਟੀ 'ਚ ਸੈਨ ਵਾਕੁਇਨ ਦੇ ਦੱਖਣ ਵਲ ਮੰਗਲਵਾਰ ਨੂੰ ਇੱਕ ਮਰਸਡੀਜ਼ ਗੱਡੀ ਤੇ ਟਰੈਕਟਰ ਟਰਾਲੇ ਵਿਚਕਾਰ ਹੋਈ ਭਿਆਨਕ ਟੱਕਰ ਕਾਰਨ ਵਾਪਰੇ ਹਾਦਸੇ 'ਚ ਸਣੇ ਪੰਜ ਜਣੇ ਹਲਾਕ ਹੋ ਗਏ। ਸਮਝਿਆ ਜਾਂਦਾ ਹੈ ਕਿ ਮ੍ਰਿਤਕਾਂ ਵਿੱਚ ਬੇਅਏਰੀਆ ਦਾ ਮਸ਼ਹੂਰ ਜੋਤਸ਼ੀ ਮਾਸਟਰ ਦੀਪਕ ਵੀ ਸ਼ਾਮਲ ਹੈ।

ਹਾਦਸਾ ਸਵੇਰੇ ਕਰੀਬ 9:00 ਵਜੇ ਵਾਪਰਿਆ ਜਦੋਂ ਮਰਸਡੀਜ਼ ਦਾ ਡਰਾਈਵਰ ਹਾਈਵੇ 33 ਉੱਤੇ ਮੈਨਿੰਗ ਐਵੇਨਿਊ ਦਾ ਸਟਾਪ ਸਾਈਨ ਲੰਘ ਰਿਹਾ ਸੀ ਤੇ ਉਸਦੀ ਗੱਡੀ ਦੀ ਟਰੈਕਟਰ ਟਰਾਲੇ ਨਾਲ ਟੱਕਰ ਹੋ ਗਈ। ਫਰਿਜ਼ਨੋਂ ਬੀ ਵਲੋਂ ਹਾਈਵੇ ਪੈਟਰੋਲ ਪੁਲੀਸ ਦੇ ਹਵਾਲੇ ਨਾਲ ਦਿੱਤੀ ਖ਼ਬਰ ਅਨੁਸਾਰ ਦੋਵਾਂ ਵਾਹਨਾਂ ਦੀ ਟੱਕਰ ਇੰਨੀ ਭਿਆਨਕ ਸੀ ਕਿ ਅੱਗ ਭੜਕ ਪਈ ਤੇ ਤਿੰਨ ਵਿਅਕਤੀ ਮਰਸਡੀਜ਼ ਦੇ ਵਿੱਚ ਸੜ ਕੇ ਮਰ ਗਏ। ਫਰਿਜ਼ਨੋਂ ਪੁਲੀਸ ਨੇ ਦੋ ਵਿਅਕਤੀਆਂ ਨੂੰ ਮਰਸਡੀਜ਼ ਵਿਚੋਂ ਬਾਹਰ ਕੱਢਿਆ ਪਰ ਉਹ ਥਾਏਂ ਦਮ ਤੋੜ ਗਏ। ਟਰੈਕਟਰ ਟਰਾਲੇ ਦੇ ਡਰਾਈਵਰ 58 ਸਾਲਾ ਵਾਅਨ ਫਲੈਚਰ ਨੂੰ ਗੰਭੀਰ ਜਖ਼ਮੀਂ ਹਾਲਤ ਵਿੱਚ ਹੈਲੀਕਾਪਟਰ ਰਾਹੀਂ ਹਸਪਤਾਲ ਲਿਜਾਇਆ ਗਿਆ। ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਮ੍ਰਿਤਕਾਂ ਦੀ ਪੱਕੀ ਪਛਾਣ ਹੋਣੀ ਸੀ। 2009 ਮਾਡਲ ਦੀ ਮਰਸਡੀਜ਼ ਬੇਅਏਰੀਆ ਦੇ ਹੇਵਰਡ ਸ਼ਹਿਰ ਦੇ ਨਿਵਾਸੀ 63 ਸਾਲਾ ਉਮਰ ਦੇ ਵਿਅਕਤੀ ਦੇ ਨਾਂ ਰਜਿਸਟਰਡ ਹੈ।


CIS CALIFORNIA IMMIGRATION SERVICES
(Registered & Bonded)




- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ

Bankruptcy
Immigration • Divorce



Pardeep S. Grewal
Attorney At Law

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
ਤਲਾਕ

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

**Family Law • Divorce**

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਡੇਰੇ ਦੇ ਪ੍ਰਬੰਧਾਂ ਨੂੰ ਲੈ ਕੇ ਅੰਦਰੂਨੀ ਖਿੱਚੋਤਾਣ ਵਧਣ ਦੇ ਆਸਾਰ

## *ਹਨੀਪ੍ਰੀਤ ਦਾ ਡੇਰੇ ਨਾਲ ਕੋਈ ਸਬੰਧ ਨਹੀਂ: ਵਿਪਾਸਨਾ ਇੰਸਾਂ*

**ਸਿਰਸਾ/ਬਿਊਰੋ ਨਿਊਜ਼:**
ਬਲਾਤਕਾਰੀ ਸਾਧ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕੀਤੇ ਜਾਣ ਬਾਅਦ ਉਸਦੇ ਝੂਠ ਦੀ ਦੁਕਾਨ ਡੇਰਾ ਸੱਚਾ ਸੌਦਾ ਦੇ ਪ੍ਰਬੰਧਕਾਂ ਵਿੱਚ ਕਰੋੜਾਂ ਰੁਪਏ ਦੀ ਜਾਇਦਾਦ ਵਾਲੇ ਇਸ ਮੱਠ ਦੇ ਪ੍ਰਬੰਧਾਂ ਨੂੰ ਲੈ ਕੇ ਅੰਦਰੂਨੀ ਲੜਾਈ ਤੇਜ ਹੋਣ ਦੇ ਆਸਾਰ ਨਜ਼ਰ ਆਉਣ ਲੱਗੇ ਹਨ। ਇਸਦਾ ਸਬੂਤ ਬਲਾਤਕਾਰੀ ਸਾਧ ਰਾਮ ਰਹੀਮ ਦੀ ਜਾਨੋਂ ਪਿਆਰੀ ਹਨੀਪ੍ਰੀਤ ਸਬੰਧੀ ਡੇਰੇ ਦੀ ਇੱਕ ਹੋਰ ਸਾਧਵੀ ਵਲੋਂ ਅਖ਼ਬਾਰਾਂ ਨੂੰ ਦਿੱਤਾ ਬਿਆਨ ਹੈ ਜਿਸਤੋਂ ਜਾਪਦਾ ਹੈ ਕਿ ਰਾਮ ਰਹੀਮ ਠੱਗ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਨੂੰ ਡੇਰਾ ਪ੍ਰਬੰਧਕ ਕਮੇਟੀ ਨੇ ਪੱਲਾ ਝਾੜ ਲਿਆ ਹੈ।

ਡੇਰਾ ਪ੍ਰਬੰਧਕ ਕਮੇਟੀ ਦੀ ਚੇਅਰਪਰਸਨ ਵਿਪਾਸਨਾ ਇੰਸਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਡੇਰੇ ਦਾ ਹਨੀਪ੍ਰੀਤ ਅਤੇ ਡਾ. ਆਦਿਤਯਾ ਇੰਸਾਂ ਨੂੰ ਭਜਾਉਣ ਵਿੱਚ ਕੋਈ ਹੱਥ ਨਹੀਂ ਹੈ। ਇਸ ਸਬੰਧੀ ਜੋ ਚਰਚਾ ਚੱਲ ਰਹੀ ਹੈ, ਉਹ ਗਲਤ ਹੈ। ਉਨ੍ਹਾਂ ਕਿਹਾ ਕਿ 25 ਅਗਸਤ ਤੋਂ ਬਾਅਦ ਹਨੀਪ੍ਰੀਤ ਨਾਲ ਡੇਰੇ ਦਾ ਕੋਈ ਸਬੰਧ ਨਹੀਂ ਰਿਹਾ, ਉਸ ਨੂੰ ਹੁਣ ਪੁਲੀਸ ਕੋਲ ਸਮਰਪਣ ਕਰ ਦੇਣਾ ਚਾਹੀਦਾ ਹੈ। ਵਿਪਾਸਨਾ ਇੰਸਾਂ ਨੇ ਕਿਹਾ ਕਿ





ਡੇਰਾ ਮੁਖੀ ਦੀ ਗੁਫ਼ਾ ਬਾਰੇ ਜੋ ਗਲਤ ਗੱਲਾਂ ਮੀਡੀਆ ਵਿੱਚ ਆ ਰਹੀਆਂ ਹਨ, ਉਹ ਬੇਬੁਨਿਆਦ ਹਨ ਕਿਉਂਕਿ ਗੁਫ਼ਾ ਕੋਈ ਅਜਿਹੀ ਥਾਂ ਨਹੀਂ, ਜਿੱਥੇ ਗਲਤ ਕੰਮ ਹੁੰਦੇ ਹਨ। ਇਹ ਡੇਰਾ ਮੁਖੀ ਦੇ ਰਹਿਣ ਦਾ ਸਥਾਨ ਹੈ ਅਤੇ ਇੱਥੇ ਕੋਈ ਵੀ ਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਰੇ ਵਿੱਚ ਨਾਜਾਇਜ਼ ਹਥਿਆਰਾਂ ਦਾ ਕੋਈ ਜ਼ਖੀਰਾ ਨਹੀਂ ਹੈ, ਜਿਸ ਤਰ੍ਹਾਂ ਕਿ ਮੀਡੀਆ ਵਿੱਚ ਰਿਪੋਰਟਾਂ ਦਿਖਾਈਆਂ ਜਾ ਰਹੀਆਂ ਹਨ। ਡੇਰੇ ਦੀ ਪ੍ਰਬੰਧਕ ਕਮੇਟੀ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਰ ਤਰ੍ਹਾਂ ਸਹਿਯੋਗ ਦਿੱਤਾ ਜਾ ਰਿਹਾ ਹੈ। ਡੇਰੇ ਵਿੱਚ ਬਣੇ ਸ਼ਾਹੀ ਬੇਟੀਆਂ ਅਤੇ ਬੇਟੇ ਨਿਵਾਸ ਵਿੱਚ ਜੋ ਯਤੀਮ ਲੜਕੀਆਂ ਅਤੇ ਲੜਕੇ ਸਨ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਡੇਰੇ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਹੈ।

### ਕੋਈ ਨਵਾਂ ਮੁਖੀ ਨਹੀਂ ਬਣਾਇਆ ਜਾਵੇਗਾ

ਪ੍ਰਬੰਧਕ ਕਮੇਟੀ ਦੀ ਚੇਅਰਪਰਸਨ ਨੇ ਸਪੱਸ਼ਟ ਕੀਤਾ ਕਿ ਡੇਰਾ ਸਿਰਸਾ ਦਾ ਕੋਈ ਨਵਾਂ ਮੁਖੀ ਬਣਾਉਣ ਦਾ ਫਿਲਹਾਲ ਕੋਈ ਇਰਾਦਾ ਨਹੀਂ। ਗੁਰਮੀਤ ਰਾਮ ਰਹੀਮ ਹੀ ਡੇਰੇ ਦੇ ਗੱਦੀਨਸ਼ੀਨ ਬਣੇ ਰਹਿਣਗੇ।

### ਪਰਿਵਾਰ ਨਾਲ ਮੁਲਾਕਾਤ ਲਈ ਡੇਰਾ ਮੁਖੀ ਨੂੰ ਕਰਨਾ ਪਵੇਗਾ ਇੰਤਜ਼ਾਰ

ਚੰਡੀਗੜ੍ਹ: ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਮਿਲਣ ਲਈ ਕੁੱਝ ਸਮਾਂ ਹੋਰ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਜੇਲ੍ਹ ਅਧਿਕਾਰੀਆਂ ਨੇ ਰਾਮ ਰਹੀਮ ਵੱਲੋਂ ਦਿੱਤੀ 10 ਜਣਿਆਂ ਦੇ ਨਾਵਾਂ ਦੀ ਸੂਚੀ ਪੜਤਾਲ ਲਈ ਸਿਰਸਾ ਪੁਲੀਸ ਨੂੰ ਦਿੱਤੀ ਸੀ, ਜਿਸ ਨੂੰ ਸਿਰਸਾ ਪੁਲੀਸ ਨੇ ਅੱਜ ਜੇਲ੍ਹ ਅਧਿਕਾਰੀਆਂ ਨੂੰ ਮੋੜ ਦਿੱਤਾ।

ਪੁਲੀਸ ਨੇ ਜੇਲ੍ਹ ਸੁਪਰਡੈਂਟ ਨੂੰ ਕਿਹਾ ਕਿ ਇਨ੍ਹਾਂ ਲੋਕਾਂ ਦੇ ਅਪਰਾਧਿਕ ਰਿਕਾਰਡ ਦੀ ਸ੍ਰੀ ਗੰਗਾਨਗਰ ਤੋਂ ਵੀ ਤਸਦੀਕ ਕਰਵਾਈ ਜਾਵੇ ਕਿਉਂਕਿ ਇਹ ਰਾਜਸਥਾਨ ਵਿੱਚ ਵੀ ਰਹਿੰਦੇ ਹਨ।

# 'ਪਾਪਾ ਦੀ ਪਰੀ' ਮੁੰਬਈ ਹਵਾਈ ਅੱਡੇ ਤੋਂ ਕਾਬੂ

**ਜਲੰਧਰ/ਬਿਊਰੋ ਨਿਊਜ਼ :**
ਡੇਰਾ ਸਿਰਸਾ ਮੁਖੀ ਦੀ ਸਭ ਤੋਂ ਨੇੜਲੀ ਸਮਝੀ ਜਾਂਦੀ ਤੇ ਖ਼ੁਦ ਨੂੰ 'ਪਾਪਾ ਦੀ ਪਰੀ' ਕਹਾਉਂਦੀ ਹਨੀਪ੍ਰੀਤ ਨੂੰ ਮੁੰਬਈ ਦੇ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਕੇਂਦਰੀ ਖੁਫੀਆ ਏਜੰਸੀਆਂ ਦੇ ਸੂਤਰਾਂ ਮੁਤਾਬਕ ਹਨੀਪ੍ਰੀਤ ਆਸਟ੍ਰੇਲੀਆ ਜਾਣ ਲਈ ਜਹਾਜ਼ ਚੜ੍ਹਨ ਜਾ ਰਹੀ ਸੀ। ਦੱਸਿਆ ਜਾਂਦਾ ਹੈ ਕਿ ਕਸਟਮ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਚੈਕਿੰਗ ਸਮੇਂ ਉਸ ਦੀ ਪਛਾਣ ਕੀਤੀ ਅਤੇ ਤੁਰੰਤ ਇਸ ਬਾਰੇ ਹਵਾਈ ਅੱਡੇ ਉਪਰ ਤਾਇਨਾਤ ਸੁਰੱਖਿਆ ਬਲਾਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਹਨੀਪ੍ਰੀਤ ਗੁਰਮੀਤ ਰਾਮ ਰਹੀਮ ਦੀ ਮੂੰਹ ਬੋਲੀ ਬੇਟੀ ਕਹੀ ਜਾਂਦੀ ਹੈ ਅਤੇ ਪਿਛਲੇ ਕਰੀਬ 10 ਸਾਲ ਤੋਂ ਉਹ ਡੇਰਾ ਮੁਖੀ ਦੇ ਸਭ ਤੋਂ ਨੇੜਲਿਆਂ ਵਿਚ ਸਮਝੀ ਜਾਂਦੀ ਹੈ ਅਤੇ ਅੱਜਕੱਲ ਉਸ ਨੂੰ ਡੇਰੇ ਵਿਚ ਸਭ ਤੋਂ ਤਾਕਤਵਰ ਮੰਨਿਆ ਜਾਂਦਾ ਰਿਹਾ ਹੈ। 25 ਅਗਸਤ ਨੂੰ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਵਾਲੇ ਦਿਨ ਹਨੀਪ੍ਰੀਤ ਡੇਰੇ ਤੋਂ ਚੱਲੇ ਗੱਡੀਆਂ ਦੇ ਕਾਫਲੇ ਵਿਚ ਡੇਰਾ ਮੁਖੀ ਦੇ ਨਾਲ ਹੀ ਕਾਰ ਵਿਚ ਬੈਠ ਕੇ ਆਈ ਸੀ ਅਤੇ ਅਦਾਲਤ ਵਿਚ ਵੀ ਉਹ ਡੇਰਾ ਮੁਖੀ ਦੇ ਨਾਲ ਹੀ ਦਿਖਾਈ ਦਿੱਤੀ ਅਤੇ ਜੇਲ ਵਿਚ ਲਿਜਾਣ ਜਾਣ ਸਮੇਂ ਹੈਲੀਕਾਪਟਰ ਵਿਚ ਵੀ ਉਹ ਸਵਾਰ ਸੀ। ਉਸ ਦਿਨ ਰਾਤ ਕਰੀਬ 9 ਵਜੇ ਡੇਰਾ ਮੁਖੀ ਦੇ ਜੇਲ ਅੰਦਰ ਜਾਣ ਤੋਂ ਬਾਅਦ ਉਹ ਗਾਇਬ ਹੋ ਗਈ ਸੀ। ਵਰਨਣਯੋਗ ਹੈ ਕਿ ਹਰਿਆਣਾ ਪੁਲੀਸ ਨੇ ਡੇਰੇ ਦੇ ਮੁੱਖ ਬੁਲਾਰੇ ਅਦਿੱਤਿਆ ਇੰਸਾ ਅਤੇ ਹਨੀਪ੍ਰੀਤ ਖਿਲਾਫ਼ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਹੈ। ਇਸੇ ਕੇਸ ਵਿਚ ਪੰਚਕੂਲਾ ਪੁਲੀਸ ਵੱਲੋਂ ਹਨੀਪ੍ਰੀਤ ਖਿਲਾਫ਼ ਲੁੱਕ ਆਊਟ ਨੋਟਿਸ ਜਾਰੀ ਕੀਤਾ ਗਿਆ ਸੀ। ਇਸੇ ਨੋਟਿਸ ਦੇ ਆਧਾਰ 'ਤੇ ਹੀ ਉਹ ਮੁੰਬਈ ਹਵਾਈ ਅੱਡੇ 'ਤੇ ਗ੍ਰਿਫ਼ਤਾਰ ਕੀਤੀ ਜਾ ਸਕੀ ਹੈ।

# ਡੇਰੇ ਦੇ ਸਕੂਲ-ਕਾਲਜ ਬੰਦ, ਵਿਦਿਆਰਥੀ ਹੋਏ ਤੰਗ

**ਸਿਰਸਾ/ਬਿਊਰੋ ਨਿਊਜ਼:** ਡੇਰਾ ਮੁਖੀ ਨੂੰ ਸਾਧਵੀ ਬਲਾਤਕਾਰ ਦੇ ਮਾਮਲੇ ਵਿੱਚ ਸਜ਼ਾ ਸੁਣਾਏ ਜਾਣ ਤੋਂ ਬਾਅਦ ਡੇਰੇ ਦੇ ਸਕੂਲ ਕਾਲਜ ਬੰਦ ਹੋਣ ਕਾਰਨ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਪੈ ਗਿਆ ਹੈ। ਇਸ ਕਾਰਨ ਡੇਰੇ ਦੇ ਵਿੱਦਿਅਕ ਅਦਾਰਿਆਂ ਦੀਆਂ ਸਰਗਰਮੀਆਂ ਠੱਪ ਹੋ ਗਈਆਂ ਹਨ। ਡੇਰਾ ਮੁਖੀ ਦੇ ਜੇਲ੍ਹ ਜਾਣ ਦੀ ਸਜ਼ਾ ਡੇਰੇ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਭੁਗਤਣੀ ਪੈ ਰਹੀ ਹੈ। ਡੇਰੇ ਵਿੱਚ 7 ਵਿੱਦਿਅਕ ਅਦਾਰੇ ਵੀ ਹਨ ਜਿਨ੍ਹਾਂ ਵਿੱਚ 10 ਹਜ਼ਾਰ ਤੋਂ ਵੀ ਜ਼ਿਆਦਾ ਵਿਦਿਆਰਥੀ ਪੜ੍ਹਦੇ ਹਨ ਪਰ ਸਾਰੇ ਵਿੱਦਿਅਕ ਅਦਾਰੇ ਬੰਦ ਹੋਣ ਨਾਲ ਵਿਦਿਆਰਥੀਆਂ ਦੇ ਭਵਿੱਖ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਡੇਰਾ ਖੇਤਰ ਵਿੱਚੋਂ ਕਰਫਿਊ ਹਟਣ ਤੋਂ ਬਾਅਦ ਹੀ ਕੋਈ ਫ਼ੈਸਲਾ ਹੋ ਸਕਦਾ ਹੈ। ਇਸ ਮਾਮਲੇ ਵਿੱਚ ਇਨ੍ਹਾਂ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਮਿਲ ਚੁੱਕੇ ਹਨ ਪਰ ਹਾਲੇ ਕੋਈ ਕਾਰਵਾਈ ਨਹੀਂ ਹੋਈ। ਡੇਰਾ ਸਿਰਸਾ ਦੇ ਕੰਪਲੈਕਸ ਵਿੱਚ 7 ਵਿੱਦਿਅਕ ਅਦਾਰੇ ਸ਼ਾਹ ਸਤਿਨਾਮ ਜੀ ਗਰਲਜ਼ ਸਕੂਲ, ਸ਼ਾਹ ਸਤਿਨਾਮ ਜੀ ਬੁਆਇਜ਼ ਸਕੂਲ, ਸ਼ਾਹ ਸਤਿਨਾਮ ਜੀ ਬੁਆਇਜ਼ ਕਾਲਜ, ਸ਼ਾਹ ਸਤਿਨਾਮ ਜੀ ਗਰਲਜ਼ ਕਾਲਜ, ਸ਼ਾਹ ਸਤਿਨਾਮ ਜੀ ਕਾਲਜ ਆਫ਼ ਐਜੂਕੇਸ਼ਨ ਅਤੇ ਸ਼ਾਹ ਸਤਿਨਾਮ ਜੀ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਚੱਲ ਰਹੇ ਹਨ। ਇਨ੍ਹਾਂ ਤੋਂ ਇਲਾਵਾ ਬਹੁਤ ਹੀ ਆਧੁਨਿਕ ਸਹੂਲਤਾਂ ਵਾਲਾ ਸਕੂਲ ਸੇਂਟ ਐਮ.ਐਸ. ਜੀ. ਗਲੋਰੀਅਸ ਇੰਟਰਨੈਸ਼ਨਲ ਸਕੂਲ ਵੀ ਹੈ। ਇਹ ਸਾਰੇ ਵਿਦਿਅਕ ਅਦਾਰੇ 24 ਅਗਸਤ ਤੋਂ ਬੰਦ ਪਏ ਹਨ।

ਵਿਦਿਆਰਥੀਆਂ ਦੇ ਮਾਪਿਆ ਦਾ ਖਦਸ਼ਾ ਹੈ ਕਿ ਪਤਾ ਨਹੀਂ ਹੁਣ ਇਹ ਵਿੱਦਿਅਕ ਅਦਾਰੇ ਚੱਲਣਗੇ ਵੀ ਜਾਂ ਨਹੀਂ। ਦੂਜੇ ਪਾਸੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰਫਿਊ ਹਟਣ ਤੋਂ ਬਾਅਦ ਹੀ ਇਨ੍ਹਾਂ ਵਿਦਿਅਕ ਅਦਾਰਿਆਂ ਦੇ ਚੱਲਣ ਸਬੰਧੀ ਸਰਕਾਰ ਅਤੇ ਡੇਰਾ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ। ਡੇਰਾ ਸਿਰਸਾ ਵਿੱਚ ਬਹੁਤ ਹੀ ਮੋਟੀਆਂ ਫੀਸਾਂ ਅਤੇ ਆਧੁਨਿਕ ਸਹੂਲਤਾਂ ਵਾਲਾ ਸਕੂਲ ਸੇਂਟ ਐਮ. ਐਸ.ਜੀ. ਗਲੋਰੀਅਸ ਇੰਟਰਨੈਸ਼ਨਲ ਸਕੂਲ ਵੀ ਬੰਦ ਪਿਆ ਹੈ। ਇਸ ਸਕੂਲ ਵਿੱਚ ਅਮੀਰ ਘਰਾਂ ਦੇ ਬੱਚੇ ਸਿੱਖਿਆ ਗ੍ਰਹਿਣ ਕਰ ਰਹੇ ਸਨ ਪਰ ਇਸ ਸਕੂਲ ਦੇ ਬੰਦ ਪਏ ਹੋਣ ਕਰਕੇ ਇਸ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਦੀ ਚਿੰਤਾ ਵਧ ਗਈ ਹੈ। ਸ਼ਾਹ ਸਤਿਨਾਮ ਜੀ ਗਰਲਜ਼ ਸਕੂਲ ਦੀ ਪ੍ਰਿੰਸੀਪਲ ਸ਼ੀਲਾ ਪੂਨੀਆ ਨੇ ਦੱਸਿਆ ਕਿ ਸਕੂਲ ਮੈਨੇਜਮੈਂਟ ਹੀ ਇਸ ਬਾਰੇ ਕੁਝ ਦੱਸ ਸਕਦੀ ਹੈ ਕਿ ਸਕੂਲ-ਕਾਲਜ ਕਦੋਂ ਚਾਲੂ ਹੋਣਗੇ। ਇਸ ਲਈ ਮਾਪੇ ਸਕੂਲ ਦੀ ਪ੍ਰਬੰਧਕ ਕਮੇਟੀ ਨਾਲ ਹੀ ਇਸ ਸਬੰਧੀ ਗੱਲ ਕਰਨ ਤਾਂ ਬਿਹਤਰ ਹੋਵੇਗਾ।

### ਕਰਫਿਊ ਹਟਣ ਤੋਂ ਬਾਅਦ ਹੋਵੇਗਾ ਫ਼ੈਸਲਾ: ਸਿੱਖਿਆ ਅਧਿਕਾਰੀ

ਸਿਰਸਾ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾ. ਯਗਦੱਤ ਵਰਮਾ ਨੇ ਕਿਹਾ ਕਿ ਹਾਲੇ ਡੇਰਾ ਖੇਤਰ ਵਿੱਚ ਕਰਫਿਊ ਲੱਗਾ ਹੋਇਆ ਹੈ। ਕਰਫਿਊ ਹਟਣ ਤੋਂ ਬਾਅਦ ਹੀ ਇਸ ਬਾਰੇ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਕੋਈ ਫੈਸਲਾ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਸ਼ਾਹ ਸਤਿਨਾਮ ਜੀ ਕਾਲਜ ਆਫ ਐਜੂਕੇਸ਼ਨ ਦੇ ਬੱਚੇ ਉਨ੍ਹਾਂ ਨੂੰ ਮਿਲਣ ਆਏ ਸਨ। ਉਨ੍ਹਾਂ ਦੀ ਫੀਸ ਭਰਨ ਦੀ ਸਮੱਸਿਆ ਹੈ ਪਰ ਇਸ ਦਾ ਹੱਲ ਵਿਵਾਦ ਸੁਲਝਣ ਤੋਂ ਬਾਅਦ ਕੀਤਾ ਜਾਵੇਗਾ।

# ਪੁੱਤ ਜਸਮੀਤ ਇੰਸਾ ਨੂੰ ਨਹੀਂ ਮਿਲਦੀ ਜਾਪਦੀ ਬਲਾਤਕਾਰੀ ਬਾਪ ਦੇ ਡੇਰੇ ਦੀ ਗੱਦੀ

**ਸਿਰਸਾ/ਬਿਊਰੋ ਨਿਊਜ਼ :** ਬਲਾਤਕਾਰੀ ਗੁਰਮੀਤ ਰਾਮ ਰਹੀਮ ਦੀ ਥਾਂ ਉਸਦੇ ਪੁੱਤਰ ਜਸਮੀਤ ਸਿੰਘ ਨੂੰ ਡੇਰੇ ਦਾ ਮੁਖੀ ਲਾਉਣ ਦੀਆਂ ਚੱਲਦੀਆਂ ਕੋਸ਼ਿਸ਼ਾਂ ਦੇ ਦੌਰਾਨ ਰਾਮ ਰਹੀਮ ਤੋਂ ਪਹਿਲੇ ਡੇਰਾ ਮੁਖੀ ਸ਼ਾਹ ਸਤਨਾਮ ਸਿੰਘ ਦੇ ਪੋਤੇ ਨੇ ਕਿਹਾ ਹੈ ਕਿ ਡੇਰੇ ਦੀਆਂ ਪਰੰਪਰਾਂ ਅਨੁਸਾਰ ਵੰਸ਼ਵਾਦ ਨੂੰ ਕੋਈ ਥਾਂ ਨਹੀ ਹੈ ਪਰ ਇਹ ਡੇਰਾ ਮੁਖੀ ਉੱਤੇ ਹੀ ਨਿਰਭਰ ਕਰਦਾ ਹੈ ਕਿ ਉਹ ਆਪਣਾ ਜਾਨਸ਼ੀਨ ਕਿਸ ਨੂੰ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਨਵਾਂ ਡੇਰਾ ਮੁਖੀ ਬਣਾਉਣਾ ਪਹਿਲੇ ਮੁਖੀ ਦੀ ਮੌਤ ਬਾਅਦ ਹੀ ਬਣਦਾ ਹੈ। ਬਲਾਤਕਾਰ ਦੇ ਕੇਸ ਵਿੱਚ ਜੇਲ੍ਹ ਜਾਣ ਤੋਂ ਪਹਿਲਾਂ ਭੋਗ ਵਿਲਾਸ ਵਾਲੇ ਸ਼ਾਹੀ ਜੀਵਨ ਦਾ ਆਨੰਦ ਮਾਣਨ ਵਾਲੇ ਗੁਰਮੀਤ ਰਾਮ ਰਹੀਮ ਦੇ ਪਰਿਵਾਰ ਦੇ ਮੁਕਾਬਲੇ ਸ਼ਾਹ ਸਤਿਨਾਮ ਸਿੰਘ ਦਾ ਪਰਿਵਾਰ ਸਿਰਸਾ ਜ਼ਿਲ੍ਹੇ ਦੇ ਪਿੰਡ ਜਲਾਲਆਣਾ ਵਿੱਚ ਸਾਦਾ ਜੀਵਨ ਬਤੀਤ ਕਰ ਰਿਹਾ ਹੈ। ਸ਼ਾਹ ਸਤਿਨਾਮ ਨੇ 1990 ਵਿੱਚ ਗੁਰਮੀਤ ਸਿੰਘ ਨੂੰ ਡੇਰੇ ਦਾ ਮੁਖੀ ਨਿਯੁਕਤ ਕਰਕੇ ਰਾਮ ਰਹੀਮ ਦੀ ਉਪਾਧੀ ਦੇ ਦਿੱਤੀ ਸੀ। ਸ਼ਾਹ ਸਤਿਨਾਮ ਦੇ ਪੋਤੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਸੰਨ 2002 ਤੋਂ ਡੇਰੇ ਜਾਣਾ ਛੱਡ ਦਿੱਤਾ ਹੈ ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਆਪਣੀ ਆਸਥਾ ਰੱਖਦੇ ਹਨ। ਉਹ ਖੇਤੀਬਾੜੀ ਕਰਦੇ ਹਨ।



ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਦਾ ਦਾਦਾ 70 ਸਾਲ ਦਾ ਸੀ ਤਾਂ ਉਨ੍ਹਾਂ ਆਪਣੇ ਜਾਨਸ਼ੀਨ ਦੀ ਭਾਲ ਸ਼ੁਰੂ ਕੀਤੀ। ਡੇਰੇ ਦੇ ਸ਼ਰਧਾਲੂ ਉਸ ਦੇ ਪਿਤਾ ਰਣਜੀਤ ਸਿੰਘ ਨੂੰ ਡੇਰਾ ਮੁਖੀ ਬਣਾਉਣਾ ਚਾਹੁੰਦੇ ਸਨ ਪਰ ਸ਼ਾਹ ਸਤਿਨਾਮ ਨੇ ਸਖਤੀ ਨਾਲ ਮਨ੍ਹਾਂ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਡੇਰਾ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ, ਜੋ ਪਿਤਾ ਆਪਣੇ ਪੁੱਤਰ ਨੂੰ ਸੌਂਪ ਦੇਵੇ।

**7 ਗੰਨਮੈਨ ਨਿਆਂਇਕ ਹਿਰਾਸਤ 'ਚ ਭੇਜੇ :**
ਪੰਚਕੂਲਾ : ਸੀ.ਬੀ.ਆਈ.ਵਿਸ਼ੇਸ਼ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਅਦਾਲਤ ਤੋਂ ਭਜਾਉਣ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਫੜੇ ਗਏ ਡੇਰਾ ਮੁਖੀ ਦੇ 7 ਗੰਨਮੈਨਾਂ ਨੂੰ ਪੁਲੀਸ ਨੇ ਪੰਚਕੂਲਾ ਦੀ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਨ੍ਹਾਂ ਵਿੱਚ ਹੈਡ ਕਾਂਸਟੇਬਲ ਅਜੇ ਕੁਮਾਰ, ਰਾਮ ਕੁਮਾਰ, ਕਾਂਸਟੇਬਲ ਬਲਵਾਨ ਸਿੰਘ, ਕ੍ਰਿਸ਼ਨ ਦਾਸ, ਖੁਸ਼ਬੀਰ ਸਿੰਘ, ਵਿਜੇ ਸਿੰਘ ਅਤੇ ਫਤਿਹ ਸਿੰਘ ਸ਼ਾਮਲ ਹਨ।

**ਲੜਕੀ ਡੇਰੇ 'ਚੋਂ ਲਾਪਤਾ**
ਚੰਡੀਗੜ੍ਹ: ਡੇਰਾ ਸੱਚਾ ਸੌਦਾ ਸਿਰਸਾ ਦੇ ਇੱਕ ਸ਼ਰਧਾਲੂ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਜਿਸ ਦਿਨ ਤੋਂ ਡੇਰਾ ਮੁਖੀ ਨੂੰ ਸਜ਼ਾ ਸੁਣਾਈ ਹੈ, ਉਨ੍ਹਾਂ ਦੀ ਲੜਕੀ ਲਾਪਤਾ ਹੈ। ਹਰਿਆਣਾ ਦੇ ਜ਼ਿਲ੍ਹਾ ਚਰਖੀ ਦਾਦਰੀ ਦੇ ਪਿੰਡ ਤਿਵਾਲਾ ਦੇ ਵਾਸੀ ਪਰਿਵਾਰ ਨੇ ਕਿਹਾ ਕਿ ਉਨ੍ਹਾਂ ਨੇ ਲੜਕੀ ਸ਼ਰਧਾ ਨੂੰ ਪੜ੍ਹਾਈ ਲਈ ਡੇਰੇ ਵਿੱਚ ਛੱਡਿਆ ਸੀ ਪਰ ਉਸ ਨਾਲ ਉਨ੍ਹਾਂ ਦਾ ਸਾਲ 2008 ਤੋਂ ਕੋਈ ਸੰਪਰਕ ਨਹੀਂ ਹੋਇਆ। ਡੇਰੇ ਦੀਆਂ ਨਾਬਾਲਗ ਬੱਚੀਆਂ ਦੀ ਸੰਭਾਲ ਕਰਦੀ ਪ੍ਰਬੰਧਕ ਪੂਨਮ ਨੇ ਕਿਹਾ ਕਿ ਉਹ 28 ਅਗਸਤ ਤੋਂ ਲਾਪਤਾ ਹੈ। ਸਿਰਸਾ ਦੇ ਐਸਡੀਐਮ ਪਰਮਜੀਤ ਸਿੰਘ ਚਾਹਲ ਨੇ ਦੱਸਿਆ ਕਿ ਸ਼ਰਧਾ ਪੂਨਮ ਨਾਲ ਸੀ ਅਤੇ ਉਨ੍ਹਾਂ ਨਾਲ ਜਾਣ ਲਈ ਸਹਿਮਤ ਨਹੀਂ ਹੋਈ ਸੀ।

# ਦੂਨੀ ਚੰਦ ਸਮੇਤ ਤਿੰਨ ਪ੍ਰੇਮੀ ਕੀਤੇ ਗ੍ਰਿਫ਼ਤਾਰ, ਨਕਦੀ ਤੇ ਡੇਰੇ ਦਾ ਸਾਹਿਤ ਬਰਾਮਦ

**ਸੰਗਰੂਰ/ਬਿਊਰੋ ਨਿਊਜ਼:**
ਸੰਗਰੂਰ ਪੁਲੀਸ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿੱਚ ਵੱਡੇ ਪੱਧਰ 'ਤੇ ਹਿੰਸਾ ਭੜਕਾਉਣ ਲਈ ਡੇਰਾ ਸਿਰਸਾ ਮੁਖੀ ਦੇ ਵਿਸ਼ਵਾਸਪਾਤਰ ਰਾਕੇਸ਼ ਕੁਮਾਰ ਵੱਲੋਂ ਅੱਠ ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸਨੂੰ ਪੰਜਾਬ ਦੀ 'ਏ ਟੀਮ' ਦਾ ਨਾਮ ਦਿੱਤਾ ਗਿਆ। ਇਸ ਟੀਮ ਦਾ ਇੰਚਾਰਜ ਰਵੀ ਕੁਮਾਰ ਵਾਸੀ ਮੁਕਤਸਰ ਨੂੰ ਬਣਾਇਆ ਗਿਆ।

ਇਹ ਖੁਲਾਸਾ ਅੱਠ ਮੈਂਬਰੀ 'ਏ ਟੀਮ' ਦੇ ਮੈਂਬਰ ਦੂਨੀ ਚੰਦ ਵਾਸੀ ਸ਼ੇਰਪੁਰ ਸਮੇਤ ਦੋ ਜਣਿਆਂ ਦੀ ਗ੍ਰਿਫ਼ਤਾਰੀ ਮਗਰੋਂ ਅੱਜ ਜ਼ਿਲ੍ਹਾ ਪੁਲੀਸ ਮੁਖੀ ਮਨਦੀਪ ਸਿੰਘ ਸਿੱਧੂ ਵੱਲੋਂ ਬੁਲਾਈ ਪ੍ਰੈਸ ਕਾਨਫਰੰਸ ਦੌਰਾਨ ਕੀਤਾ ਗਿਆ। ਸ੍ਰੀ ਸਿੱਧੂ ਨੇ ਦੱਸਿਆ ਕਿ ਦੂਨੀ ਚੰਦ ਨੂੰ ਦਿੜ੍ਹਬਾ ਪੁਲੀਸ ਵੱਲੋਂ ਬਾਹੱਦ ਪਿੰਡ ਗੁੱਜਰਾਂ ਤੋਂ ਰਿਟਜ਼ ਕਾਰ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਜਾਂਚ ਦੌਰਾਨ 1 ਲੱਖ 70 ਹਜ਼ਾਰ ਰੁਪਏ ਨਕਦੀ, ਪੀਸੀਆਂ ਹੋਈਆਂ ਮਿਰਚਾਂ ਅਤੇ ਡੇਰਾ ਸਿਰਸਾ ਨਾਲ ਸਬੰਧਤ ਸਾਹਿਤ ਬਰਾਮਦ ਕੀਤਾ ਹੈ। ਇਸ ਤੋਂ ਇਲਾਵਾ ਇੱਕ ਹੋਰ ਵਿਅਕਤੀ ਰਣਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦੂਨੀ ਚੰਦ ਮਾਲਵਾ ਏਰੀਆ ਵਿਚ ਅੱਗ ਲਾਉਣ, ਭੰਨ-ਤੋੜ ਕਰਨ ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀਆਂ ਵਾਰਦਾਤਾਂ ਦਾ ਮੁੱਖ ਸਾਜ਼ਿਸ਼ਕਾਰ ਸੀ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਪੁਲੀਸ ਵੱਲੋਂ 59 ਵਿਅਕਤੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਤੋਂ ਹਿੰਸਕ ਵਾਰਦਾਤਾਂ ਕਰਨ ਸਮੇਂ ਵਰਤੇ 22 ਮੋਟਰਸਾਈਕਲ ਅਤੇ ਤਿੰਨ ਕਾਰਾਂ-ਜੀਪਾਂ ਵੀ ਪੁਲੀਸ ਨੇ ਕਬਜ਼ੇ ਵਿੱਚ ਲਈਆਂ ਹਨ।

ਜ਼ਿਲ੍ਹਾ ਪੁਲੀਸ ਮੁਖੀ ਨੇ ਦੱਸਿਆ ਕਿ ਦੂਨੀ ਚੰਦ ਨੇ ਖੁਲਾਸਾ ਕੀਤਾ ਹੈ ਕਿ ਡੇਰਾ ਸਿਰਸਾ ਮੁਖੀ ਦਾ ਵਿਸ਼ਵਾਸ ਪਾਤਰ ਰਾਕੇਸ਼ ਕੁਮਾਰ, ਜੋ ਸਿਰਸਾ ਰਹਿੰਦਾ ਹੈ, ਨੇ ਪੰਜਾਬ ਵਿੱਚ ਹਿੰਸਾ ਭੜਕਾਉਣ ਲਈ ਅੱਠ ਮੈਂਬਰੀ ਕਮੇਟੀ (ਏ ਟੀਮ) ਬਣਾਈ ਸੀ, ਜਿਸ ਵਿੱਚ ਸੰਗਰੂਰ ਤੋਂ ਦੂਨੀ ਚੰਦ ਵਾਸੀ ਸ਼ੇਰਪੁਰ, ਮਾਨਸਾ ਤੋਂ ਮੇਜਰ ਸਿੰਘ ਖਿਆਲਾ, ਬਠਿੰਡਾ ਤੋਂ ਬਲਵਿੰਦਰ ਸਿੰਘ ਬੰਦੀ, ਬਾਘਾ ਪੁਰਾਣਾ ਤੋਂ ਪ੍ਰਿਥਵੀ ਚੰਦ, ਬਠਿੰਡਾ ਤੋਂ ਗੁਰਦੇਵ ਸਿੰਘ, ਕੋਟਕਪੂਰਾ ਤੋਂ ਮਹਿੰਦਰਪਾਲ ਸਿੰਘ ਬਿੱਟੂ, ਕੋਟ ਭਾਈ ਬਠਿੰਡਾ ਤੋਂ ਗੁਰਦਾਸ ਸਿੰਘ ਅਤੇ ਗੁਰਜੀਤ ਸਿੰਘ ਮੋਗਾ ਦੀ ਚੋਣ ਕੀਤੀ ਗਈ। ਇਸ ਟੀਮ ਦਾ ਇੰਚਾਰਜ ਰਵੀ ਕੁਮਾਰ ਵਾਸੀ ਮੁਕਤਸਰ ਨੂੰ ਬਣਾਇਆ ਗਿਆ। 'ਏ ਟੀਮ' ਦੀ ਪਹਿਲੀ ਮੀਟਿੰਗ 17 ਅਗਸਤ ਨੂੰ ਸਿਰਸਾ ਵਿੱਚ ਰਾਤ ਨੂੰ ਦੋ ਵਜੇ ਹੋਈ ਸੀ, ਜੋ ਕਰੀਬ 40 ਮਿੰਟ ਤੱਕ ਚੱਲੀ ਸੀ। ਟੀਮ ਨੂੰ ਅੱਗੇ ਦੋ ਟੀਮਾਂ ਵਿੱਚ ਵੰਡਿਆ ਗਿਆ। ਪੰਜ ਮੈਂਬਰਾਂ ਨੂੰ ਬਠਿੰਡਾ, ਪਟਿਆਲਾ, ਮਾਨਸਾ, ਬਰਨਾਲਾ ਅਤੇ ਸੰਗਰੂਰ ਦਾ ਇੰਚਾਰਜ ਬਣਾਇਆ ਗਿਆ ਜਦੋਂ ਕਿ ਤਿੰਨ ਮੈਂਬਰਾਂ ਨੂੰ ਬਾਕੀ ਪੰਜਾਬ ਦੀ ਜ਼ਿੰਮੇਵਾਰੀ ਸੌਂਪੀ ਗਈ। ਮੀਟਿੰਗ ਤੋਂ ਬਾਅਦ ਘਰ ਪਹੁੰਚ ਕੇ ਕਮੇਟੀ ਮੈਂਬਰਾਂ ਨੂੰ ਆਪਣੇ ਸਮਰਥਕਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ। ਮੁੜ 20 ਅਗਸਤ ਨੂੰ ਡੇਰਾ ਸਿਰਸਾ ਅੰਦਰ ਡੇਰੇ ਦੇ ਵੱਖ-ਵੱਖ ਕਮੇਟੀਆਂ ਦੇ ਮੈਂਬਰਾਂ ਨਾਲ ਡੇਰੇ ਦੀ ਮੈਨੇਜਮੈਂਟ ਵੱਲੋਂ ਮੀਟਿੰਗ ਕੀਤੀ ਅਤੇ ਸਾਰੇ ਮੈਂਬਰਾਂ ਨੂੰ ਫੈਸਲੇ ਵਾਲੇ ਦਿਨ ਪੰਚਕੂਲਾ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਲਈ ਆਖਿਆ ਗਿਆ। ਫਿਰ 23 ਅਗਸਤ ਨੂੰ ਦਿੜ੍ਹਬਾ ਵਿੱਚ ਮੀਟਿੰਗ ਹੋਈ। ਅਗਲੇ ਦਿਨ ਸੰਗਰੂਰ 'ਚ ਇੱਕ ਡੇਰਾ ਪ੍ਰੇਮੀ ਦੇ ਘਰ ਮੀਟਿੰਗ ਹੋਈ। ਮੀਟਿੰਗ 'ਚ ਡੇਰਾ ਮੁਖੀ ਖ਼ਿਲਾਫ਼ ਫੈਸਲਾ ਆਉਣ 'ਤੇ ਸਰਕਾਰੀ ਜਾਇਦਾਦ ਦੀ ਭੰਨ ਤੋੜ ਅਤੇ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਦਾ ਸੰਦੇਸ਼ ਦਿੱਤਾ ਗਿਆ।

## ਡੇਰੇ ਦੇ 67 ਲਾਇਸੰਸੀ ਹਥਿਆਰਾਂ 'ਚੋਂ 33 ਬਰਾਮਦ

**ਸਿਰਸਾ/ਬਿਊਰੋ ਨਿਊਜ਼:** ਸਿਰਸਾ ਦੀ ਥਾਣਾ ਸਦਰ ਪੁਲਿਸ ਨੇ ਹੁਣ ਤੱਕ ਡੇਰਾ ਸਿਰਸਾ ਦੇ 67 ਲਾਇਸੰਸੀ ਹਥਿਆਰਾਂ 'ਚੋਂ 33 ਲਾਇਸੰਸੀ ਹਥਿਆਰਾਂ ਨੂੰ ਬਰਾਮਦ ਕਰ ਲਿਆ ਹੈ। ਇਹ ਸਾਰੇ ਹਥਿਆਰ ਡੇਰਾ ਸਿਰਸਾ ਦੇ ਸੇਵਾਦਾਰਾਂ ਦੇ ਨਾਂਅ ਜਾਰੀ ਹੋਏ ਹਨ। ਇਹ ਜਾਣਕਾਰੀ ਸਿਰਸਾ ਦੇ ਥਾਣਾ ਸਦਰ ਮੁਖੀ ਦਿਨੇਸ਼ ਕੁਮਾਰ ਨੇ ਦੱਸਿਆ ਕਿ ਡੇਰਾ ਮੁਖੀ ਦੇ ਮਾਮਲੇ 'ਚ ਸਿਰਸਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਸਾਰੇ ਅਸਲ੍ਹਾ ਧਾਰਕਾਂ ਨੂੰ ਆਦੇਸ਼ ਦਿੱਤੇ ਗਏ ਸਨ ਕਿ ਉਹ 23 ਅਗਸਤ ਤੱਕ

ਬਾਕੀ ਸਫ਼ਾ 36 'ਤੇ

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਅਕਾਲੀ ਦਲ (ਬਾਦਲ) ਅਮਰੀਕਾ ਇਕਾਈ ਵੱਲੋਂ ਰਾਮ ਰਹੀਮ ਨੂੰ ਮਿਲੀ ਸਜ਼ਾ ਦਾ ਭਰਵਾਂ ਸਵਾਗਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**
ਭਾਰਤੀ ਭਾਈਚਾਰੇ ਵਿਚ ਵਿਸ਼ਵ ਪੱਧਰੀ ਨਮੋਸ਼ੀ ਦਾ ਕਾਰਨ ਬਣੇ ਬਾਬਾ ਰਾਮ ਰਹੀਮ ਨੂੰ ਉਸ ਦੀਆਂ ਅਣਮਨੁੱਖੀ ਕਰਤੂਤਾਂ ਕਰਕੇ ਮਿਲੀ ਸਜ਼ਾ ਦਾ ਅਮਰੀਕਾ ਸਥਿਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਸੀਨੀਅਰ ਆਗੂਆਂ ਨੇ ਭਰਵਾਂ ਸਵਾਗਤ ਕਰਦਿਆਂ ਕਿਹਾ ਹੈ ਕਿ ਅਜਿਹੀਆਂ ਹਰਕਤਾਂ ਜੋ ਬਾਬੇ ਰਾਮ ਰਹੀਮ ਨੇ ਬੀਤੇ ਸਮੇਂ 'ਚ ਕੀਤੀਆਂ ਕੋਈ ਵੀ ਇਨਸਾਨ ਬਰਦਾਸ਼ਤ ਨਹੀਂ ਕਰਦਾ।

ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂਆਂ ਵਿਚ ਕੁਲਵੰਤ ਸਿੰਘ ਖੈਰਾ, ਗੁਰਨਾਮ ਸਿੰਘ ਪੰਮਾ, ਰੌਣਕ ਸਿੰਘ ਐਲ ਏ, ਹਰਬੰਸ ਚਾਹਲ, ਦਲਬੀਰ ਸੰਘੇੜਾ, ਸੁਖਵਿੰਦਰ ਅਬਲੋਵਾਲ, ਪ੍ਰਤੀਮ ਸਿੰਘ ਗਰੇਵਾਲ, ਸਰਬਜੋਤ ਸਿੰਘ ਸਵੱਦੀ, ਬਲਦੇਵ ਸਿੰਘ ਸੰਘਾ, ਛਿੰਦਾ ਸਿੰਘ ਉੱਪਲ, ਨੈਕਸਨ ਸਿੰਘ, ਬਲਦੇਵ ਸਿੰਘ ਸੱਲ੍ਹਾ, ਰਵਿੰਦਰ ਸਿੰਘ ਬੋਇਲ, ਪਰਵਿੰਦਰ ਲਾਖਨ ਤੇ ਜੋਬਨਜੀਤ ਸਿੰਘ ਨੇ ਸਾਂਝੇ ਬਿਆਨ 'ਚ ਪੰਜਾਬ ਤੇ ਹਰਿਆਣਾ ਹਾਈਕੋਰਟ ਤੋਂ ਇਲਾਵਾ ਸੀਬੀਆਈ ਦੀ ਵਿਸ਼ੇਸ਼ ਅਦਾਲਤ ਦੇ ਮਾਣਯੋਗ ਜੱਜ ਸ੍ਰੀ ਜਗਦੀਪ ਸਿੰਘ ਦੀ ਵੀ ਸਰਾਹਨਾ ਕੀਤੀ ਜਿਨ੍ਹਾਂ ਨੇ ਸਿਆਸੀ ਦਬਾਅ ਤੇ ਅਖੌਤੀ ਬਾਬੇ ਦੀ ਪ੍ਰਵਾਹ ਨਹੀਂ ਕੀਤੀ। ਅਮਰੀਕਾ ਦੇ ਅਕਾਲੀ ਆਗੂਆਂ ਨੇ ਕਿਹਾ ਕਿ ਸਿਆਸੀ ਆਗੂ ਵੀ ਅਗਾਂਹ ਤੋਂ ਕਿਸੇ ਵੀ ਡੇਰੇ ਤੇ ਸਿਆਸੀ ਮਦਦ ਨਾ ਲੈਣ ਜੋ ਬਾਅਦ 'ਚ ਨਮੋਸ਼ੀ ਦਾ ਕਾਰਨ ਬਣੇ।

## ਕੈਨੇਥ ਜਸਟਰ ਭਾਰਤ 'ਚ ਅਮਰੀਕਾ ਦੇ ਸ.ਫੀਰ ਹੋਣਗੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਚੋਟੀ ਦੇ ਆਰਥਿਕ ਸਲਾਹਕਾਰ ਅਤੇ ਭਾਰਤ-ਅਮਰੀਕਾ ਇਤਿਹਾਸਕ ਸਿਵਲ ਪਰਮਾਣੂ ਸਮਝੌਤੇ ਨੂੰ ਸਿਰੇ ਚੜ੍ਹਾਉਣ ਵਿਚ ਯੋਗਦਾਨ ਪਾਉਣ ਵਾਲੇ ਕੈਨੇਥ ਜਸਟਰ (62) ਨੂੰ ਭਾਰਤ ਵਿਚ ਅਗਲੇ ਅਮਰੀਕੀ ਸਫ਼ੀਰ ਵਜੋਂ ਨਾਮਜ਼ਦ ਕੀਤਾ ਜਾਵੇਗਾ। ਸ੍ਰੀ ਜਸਟਰ ਨੂੰ ਜੇਕਰ ਸੈਨੇਟ ਪ੍ਰਵਾਨਗੀ ਦੇ ਦਿੰਦੀ ਹੈ ਤਾਂ ਉਹ ਰਿਚਰਡ ਵਰਮਾ ਦੀ ਥਾਂ ਭਾਰਤ ਵਿਚ ਨਵੇਂ ਸਫ਼ੀਰ ਹੋਣਗੇ।

# 'ਆਪ' ਵਲੋਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਅਧੀਨ ਕੈਪਟਨ ਦੀ ਕੋਠੀ ਵੱਲ ਕੂਚ

### *ਰੋਸ ਮੁਜ਼ਾਹਰਾ ਕਰਨ ਜਾ ਰਹੇ ਵਿਧਾਇਕਾਂ ਉੱਤੇ ਪਾਣੀਆਂ ਵਾਲੀਆਂ ਤੋਪਾਂ ਚਲਾਈਆਂ*



'ਆਪ' ਦੇ ਆਗੂਆਂ ਨੂੰ ਹਿਰਾਸਤ 'ਚ ਲੈਂਦੀ ਹੋਈ ਪੁਲੀਸ।



ਵਿਧਾਇਕ ਪ੍ਰੋ. ਬਲਜਿੰਦਰ ਕੌਰ

**ਚੰਡੀਗੜ੍ਹ/ਬਿਊਰੋ ਨਿਊਜ਼:**
ਆਮ ਆਦਮੀ ਪਾਰਟੀ ਪੰਜਾਬ ਵਲੋਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਅਧੀਂਨ ਸੋਮਵਾਰ ਨੂੰ ਇੱਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਵੱਲ ਕੂਚ ਕੀਤਾ ਗਿਆ। ਚੰਡੀਗੜ੍ਹ ਪੁਲੀਸ ਨੇ ਰੋਸ ਮੁਜ਼ਾਹਰਾ ਕਰਨ ਜਾ ਰਹੇ ਵਿਧਾਇਕਾਂ ਨੂੰ ਪਾਣੀਆਂ ਵਾਲੀਆਂ ਤੋਪਾਂ ਚਲਾਈਆਂ ਜਿਸ ਕਾਰਨ ਕਈ ਆਪ' ਆਗੂਆਂ ਤੇ ਪੁਲੀਸ ਮੁਲਾਜ਼ਮਾਂ ਦੀਆਂ ਪੱਗਾਂ ਲੱਥ ਗਈਆਂ। ਇਸ ਦੌਰਾਨ ਦੋਵੇਂ ਧਿਰਾਂ ਵਿੱਚ ਕਾਫ਼ੀ ਖਿੱਚ-ਧੂਹ ਵੀ ਹੋਈ।

ਕੈਪਟਨ ਅਮਰਿੰਦਰ ਸਿੰਘ ਦੇ ਲੁਧਿਆਣਾ ਦੇ ਸਿਟੀ ਸੈਂਟਰ ਸਕੈਮ, ਅੰਮ੍ਰਿਤਸਰ ਇੰਪਰੂਵਮੈਂਟ ਟਰਸੱਟ ਘੋਟਾਲੇ ਅਤੇ ਰਾਣਾ ਗੁਰਜੀਤ ਦੇ ਰੇਤ ਖੱਡ ਨਿਲਾਮੀ ਘੋਟਾਲੇ ਖਿਲਾਫ ਪ੍ਰਦਰਸ਼ਨ ਕਰਨ ਜਾ ਰਹੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਅਤੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਸਮੇਤ ਹੋਰ ਵਿਧਾਇਕਾਂ ਅਤੇ ਆਗੂਆਂ ਨੂੰ ਪੁਲਿਸ ਨੇ ਐਮ.ਐਲ.ਏ. ਹੋਸਟਲ ਦੇ ਬਾਹਰ ਗ੍ਰਿਫਤਾਰ ਕਰ ਲਿਆ। ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਲੁਧਿਆਣਾ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘਪਲਿਆਂ 'ਚ ਸ਼ਮੂਲੀਅਤ ਬਾਰੇ ਸੀਬੀਆਈ ਤੋਂ ਜਾਂਚ ਕਰਾਉਣ ਅਤੇ ਰੇਤ ਕਾਂਡ ਲਈ ਵਜ਼ੀਰ ਰਾਣਾ ਗੁਰਜੀਤ ਸਿੰਘ ਤੋਂ ਅਸਤੀਫ਼ਾ ਲੈਣ ਦੀ ਮੰਗ ਲਈ 'ਆਪ' ਨੇ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਦੇਣ ਦਾ ਐਲਾਨ ਕੀਤਾ ਸੀ।

ਆਪ' ਦੇ ਕੁੱਲ 20 ਵਿਧਾਇਕਾਂ 'ਚੋਂ 14 ਵਿਧਾਇਕ, ਬੈਂਸ ਭਰਾ ਤੇ ਆਪ' ਦੇ ਆਗੂ ਇਥੇ ਐਮਐਲਏ ਹੋਸਟਲ 'ਚ ਇਕੱਠੇ ਹੋਏ। ਡੀਐਸਪੀ ਕੇਂਦਰੀ ਰਾਮ ਗੋਪਾਲ ਦੀ ਅਗਵਾਈ ਹੇਠ ਇਥੇ ਪਹਿਲਾਂ ਹੀ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ।

ਜਿਉਂ ਹੀ 'ਆਪ' ਆਗੂ ਕੈਪਟਨ ਦੀ ਕੋਠੀ ਵੱਲ ਮਾਰਚ ਕਰਨ ਲੱਗੇ ਤਾਂ ਪੁਲੀਸ ਨੇ ਐਮਐਲਏ ਹੋਸਟਲ ਦੇ ਗੇਟ ਅੱਗੇ ਹੀ ਉਨ੍ਹਾਂ ਨੂੰ ਘੇਰ ਲਿਆ। ਇਸ ਦੌਰਾਨ ਕਾਫੀ ਖਿੱਚ-ਧੂਹ ਹੋਈ ਅਤੇ ਅਖ਼ੀਰ ਜਲ ਤੋਪਾਂ ਚਲਾਉਣੀਆਂ ਪਈਆਂ। ਇਸ ਦੌਰਾਨ ਕਈ ਆਗੂਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਭਗਵੰਤ ਮਾਨ ਸਮੇਤ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਆਦਿ ਪਾਣੀ ਦੀਆਂ ਬੁਛਾੜਾਂ ਕਾਰਨ ਭਿੱਜ ਗਏ। ਪੁਲੀਸ ਨੇ ਮੁਜ਼ਾਹਰਾਕਾਰੀਆਂ ਨੂੰ ਬੱਸਾਂ ਵਿੱਚ ਚਾੜ੍ਹ ਲਿਆ ਅਤੇ ਸੈਕਟਰ-17 ਦੇ ਥਾਣੇ 'ਚ ਬੰਦ ਕਰ ਦਿੱਤਾ।

ਇਸ ਮੌਕੇ ਮੁੱਖ ਬੁਲਾਰਿਆਂ ਮੈਂਬਰ ਪਾਰਲੀਮੈਂਟ ਭਗਵੰਤ ਮਾਨ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਤੇ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਕੈਪਟਨ ਅਮਰਿੰਦਰ ਆਪਣੇ ਘਪਲਿਆਂ ਲਈ ਖ਼ੁਦ ਨੂੰ ਕਲੀਨ ਚਿੱਟ ਦੇ ਕੇ ਹਾਸੇ ਦਾ ਪਾਤਰ ਬਣ ਗਏ ਹਨ। ਕੈਪਟਨ ਤੇ ਬਾਦਲ ਸਮਝੌਤੇ ਤਹਿਤ ਇਕ-ਦੂਜੇ ਵਿਰੁੱਧ ਦਰਜ ਕੇਸਾਂ ਨੂੰ ਖਤਮ ਕਰਨ ਦੀਆਂ ਖੇਡਾਂ ਖੇਡ ਕੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ।

ਇਸ ਮੌਕੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਉਪ ਆਗੂ ਸਰਬਜੀਤ ਕੌਰ ਮਾਣੂੰਕੇ, ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਕੁਲਵੰਤ ਸਿੰਘ ਪੰਡੋਰੀ, ਪ੍ਰੋ. ਬਲਜਿੰਦਰ ਕੌਰ, ਮੀਤ ਪ੍ਰਧਾਨ ਕੁਲਦੀਪ ਧਾਲੀਵਾਲ, ਕਰਨਵੀਰ ਟਿਵਾਣਾ ਤੇ ਮੁੱਖ ਬੁਲਾਰਾ ਹਰਜੋਤ ਬੈਂਸ ਮੌਜੂਦ ਸੀ। ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਕੁਲਤਾਰ ਸੰਧਵਾਂ ਨੇ ਦੱਸਿਆ ਕਿ 20 ਸਤੰਬਰ ਨੂੰ ਕੋਟਕਪੂਰਾ ਵਿੱਚ 'ਵਿਸ਼ਵਾਸਘਾਤ ਪਰਦਾਫਾਸ਼ ਸੰਮੇਲਨ' ਕਰਾਇਆ ਜਾਵੇਗਾ, ਜਿਸ 'ਚ ਕੈਪਟਨ ਵੱਲੋਂ ਕਿਸਾਨਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਚ ਕੀਤੇ ਵਿਸ਼ਵਾਸਘਾਤ ਦਾ ਪਰਦਾਫਾਸ਼ ਕੀਤਾ ਜਾਵੇਗਾ। ਪੁਲੀਸ ਨੇ ਬਾਅਦ ਦੁਪਹਿਰ ਸਾਰੇ 112 ਪ੍ਰਦਰਸ਼ਨਕਾਰੀਆਂ ਨੂੰ ਰਿਹਾਅ ਕਰ ਦਿੱਤਾ।

**ਮੋਬਾਈਲ ਫੋਨਾਂ ਨੂੰ ਦਿੱਤੇ ਭਾਸ਼ਨ**

ਆਪ' ਆਗੂ ਸੈਕਟਰ-17 ਦੇ ਥਾਣੇ 'ਚ ਧਰਨੇ ਦੌਰਾਨ ਧਰਨਾਕਾਰੀਆਂ ਨੂੰ ਸੰਬੋਧਨ ਹੋਣ ਦੀ ਥਾਂ ਮੋਬਾਈਲ ਵੱਲ ਮੂੰਹ ਕਰਕੇ ਲਾਈਵ ਟੈਲੀਕਾਸਟ ਕਰਨ 'ਚ ਰੁੱਝੇ ਰਹੇ। ਮੁੱਖ ਤੌਰ 'ਤੇ ਸੁਖਪਾਲ ਖਹਿਰਾ ਲਾਈਵ ਟੈਲੀਕਾਸਟ 'ਚ ਰੁੱਝੇ ਰਹੇ ਅਤੇ ਭਗਵੰਤ ਮਾਨ ਨੇ ਵੀ ਇਸ ਪ੍ਰਕਿਰਿਆ 'ਚ ਹਿੱਸਾ ਲਿਆ। ਵਿਧਾਇਕ ਕੰਵਰ ਸੰਧੂ, ਅਮਨ ਅਰੋੜਾ, ਐਚ.ਐਸ. ਫੂਲਕਾ, ਨਾਜਰ ਸਿੰਘ ਮਨਸ਼ਾਹੀਆ, ਪ੍ਰਿੰਸੀਪਲ ਬੁੱਧ ਰਾਮ ਅਤੇ ਪਿਰਮਲ ਸਿੰਘ ਖਾਲਸਾ ਧਰਨੇ 'ਚ ਸ਼ਾਮਲ ਨਹੀਂ ਸਨ।

Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।

2161 SQ Feet home Natomas Sacramento
3 BR 2.5 bath with loft available for $389,000

Kulwinder Kaur K.D.
Cell 916-212-0123
e-mail kdkaur9@yahoo.com

ACURA
AutoNation Acura Stevens Creek
4747 Stevens Creek Bl.
Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਹਿੰਦ-ਪਾਕਿ ਵੰਡ ਦਾ ਦਰਦ...

ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ। (ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ ’ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੇਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।



# ਬਲੋਚੀਸਤਾਨ ’ਚ ਭਾਰਤ ਨੂੰ ਦਖ਼ਲ ਦੇਣ ਦਾ ਮੌਕਾ

**ਜਾਵੇਦ ਸੁਮਰੋ**

‘ਬਲੋਚੀਸਤਾਨ ਵਿਚ ਰਾਸ਼ਟਰਵਾਦੀ ਅੰਦੋਲਨ ਨੂੰ ਕੁਚਲਨ ਲਈ ਸਰਕਾਰੀ ਏਜੰਸੀਆਂ ਨੇ ਦੂਸਰੇ ਇਲਾਕਿਆਂ ’ਚੋਂ ਸੂਬੇ ਵਿਚ ਅਤਿਵਾਦ ਦੀ ਦਰਾਮਦ ਕੀਤੀ।’

ਬਲੋਚੀਸਤਾਨ ਨੈਸ਼ਨਲ ਪਾਰਟੀ ਦੇ ਮੁਖੀ ਅਤੇ ਬੋਲਚੀਸਤਾਨ ਦੇ ਸਾਬਕਾ ਮੁੱਖ ਮੰਤਰੀ ਸਰਦਾਰ ਅਖ਼ਤਰ ਮੇਨਗਲ ਨੇ ਬੀ.ਬੀ.ਸੀ. ਨਾਲ ਖ਼ਾਸ ਗੱਲਬਾਤ ਵਿਚ ਇਹ ਦੋਸ਼ ਲਾਏ ਹਨ।

ਪਾਕਿਸਤਾਨ ਦੀ ਸਥਾਪਨਾ ਦੇ 70 ਸਾਲ ਪੂਰੇ ਹੋਣ ਦੇ ਸਿਲਸਿਲੇ ਵਿਚ ਮੁਲਕ ਦੇ ਅਤੀਤ, ਵਰਤਮਾਨ ਅਤੇ ਭਵਿੱਖ ’ਤੇ ਬੀ.ਬੀ.ਸੀ. ਉਰਦੂ ਸੇਵਾ ਤੋਂ ਗੱਲ ਕਰਦਿਆਂ ਅਖ਼ਤਰ ਮੇਨਗਲ ਨੇ ਕਿਹਾ, “ਬਲੋਚੀਸਤਾਨ ਵਿਚ ਜਾਰੀ ਅਤਿਵਾਦ ਨੂੰ ਸਮਝਣਾ ਕੋਈ ਗਣਿਤ ਦਾ ਸਵਾਲ ਨਹੀਂ ਹੈ। ਸਾਰੇ ਜਾਣਦੇ ਹਨ ਕਿ ਮਜ਼੍ਹਬੀ ਕੱਟੜਵਾਦ ਫੈਲਾਉਣ ਵਾਲੇ ਸੰਗਠਨਾਂ ਦੇ ਲੋਕ ਇਥੇ ਖ਼ੁੱਲ੍ਹੇਆਮ ਘੁੰਮ ਸਕਦੇ ਹਨ ਤੇ ਉਨ੍ਹਾਂ ਕੋਲ ਅਜਿਹੇ ਸੰਗਠਨਾਂ ਦੇ ਪਛਾਣ ਪੱਤਰ ਵੀ ਹਨ। ਉਨ੍ਹਾਂ ਨੂੰ ਕਤਲ ਦਾ ਲਾਇਸੈਂਸ ਮਿਲਿਆ ਹੋਇਆ ਹੈ।

**ਬਲੋਚੀਸਤਾਨ ਵਿਚ ਦਖ਼ਲਅੰਦਾਜ਼ੀ**

ਸੂਬੇ ਦੇ ਸਾਬਕਾ ਮੁੱਖ ਮੰਤਰੀ ਅਨੁਸਾਰ ਉਹ ਅਜਿਹੀਆਂ ਤਸਵੀਰਾਂ ਦਿਖਾ ਸਕਦੇ ਹਨ, ਜਿਨ੍ਹਾਂ ਵਿਚ ਲੋੜੀਂਦੇ ਕਿਸਮ ਦੇ ਅਪਰਾਧੀ ਅਤੇ ਕੱਟੜਪੰਥੀ ਹਕੂਮਤਾਂ ਦੇ ਉਚ ਅਹੁਦੇਦਾਰਾਂ ਨਾਲ ਲਗ ਕੇ ਖੜ੍ਹੇ ਹਨ। ਉਨ੍ਹਾਂ ਕਿਹਾ, “ਮੈਂ ਇਹ ਨਹੀਂ ਕਹਿ ਸਕਦਾ ਕਿ ਭਾਰਤ ਬਲੋਚੀਸਤਾਨ ਵਿਚ ਦਖ਼ਲ ਦੇਵੇਗਾ, ਉਹ ਦੇਵੇਗਾ, ਪਰ ਉਸ ਨੂੰ ਇਹ ਮੌਕਾ ਵੀ ਅਸੀਂ ਦਿੱਤਾ ਹੈ। ਜੇਕਰ ਅਸੀਂ ਕਿਸੇ ਦੇ ਮਾਮਲਿਆਂ ਵਿਚ ਦਖ਼ਲ ਦੇਵਾਂਗੇ ਤਾਂ ਉਹ ਵੀ ਅਜਿਹਾ ਹੀ ਕਰੇਗਾ। ਇਹ ਦੋਵੇਂ ਪਾਸਿਆਂ ਤੋਂ ਹੋ ਰਿਹਾ ਹੈ, ਜੋ ਨਹੀਂ ਹੋਣਾ ਚਾਹੀਦਾ।”

ਸਰਦਾਰ ਮੇਨਗਲ ਨੇ ਸਵਾਲ ਕੀਤਾ, “ਕੀ ਅਸੀਂ ਅਫ਼ਗਾਨਿਸਤਾਨ ਵਿਚ ਦਖ਼ਲਅੰਦਾਜ਼ੀ ਨਹੀਂ ਕੀਤੀ ਹੈ? ਕੀ ਉਸ ਦੀ ਜ਼ਿੰਮੇਵਾਰੀ ਤੋਂ ਅਸੀਂ ਖ਼ੁਦ ਨੂੰ ਬਰੀ ਕਰ ਸਕਦੇ ਹਾਂ? ਕੀ ਮੁਜ਼ਾਹਿਦੀਨ ਅਸੀਂ ਨਹੀਂ ਪਾਲੇ, ਕੀ ਤਾਲਿਬਾਨ ਅਸੀਂ ਨਹੀਂ ਪਾਲੇ? ਕੀ ਇਹ ਇਸਲਾਮ ਦੇ ਨਾਂ ’ਤੇ ਸੀ ਜਾਂ ਪਾਕਿਸਤਾਨ ਲਈ ਸੀ ਜਾਂ ਫਿਰ ਡਾਲਰ ਕਾਰਨ ਸੀ? ਅਸੀਂ ਡਾਲਰ ਕਾਰਨ ਪਾਕਿਸਤਾਨ ਨੂੰ ਵੇਚ ਦਿੱਤਾ।”

**ਪਾਕਿਸਤਾਨੀ ਦੀ ਸਿਆਸੀ ਅਗਵਾਈ**

ਬਲੋਚੀਸਤਾਨ ਵਿਚ ਹਾਲਾਤ ਕਿਵੇਂ ਬਿਹਤਰ ਕੀਤੇ ਜਾ ਸਕਦੇ ਹਨ? ਇਸ ਸਵਾਲ ਦੇ ਜਵਾਬ ਵਿਚ ਸਰਦਾਰ ਅਖ਼ਤਰ ਮੇਨਗਲ ਨੇ ਕਿਹਾ ਕਿ ਅਤਿਵਾਦੀਆਂ ਨਾਲ ਨਾਲ ਗੱਲ ਕੀਤੀ ਜਾਣੀ ਚਾਹੀਦੀ ਹੈ, ਜਦੋਂ ਆਈ.ਆਰ.ਏ. ਅਤੇ ਬਰਤਾਨਵੀ ਸਰਕਾਰ ਗੱਲ ਕਰ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ ਕਰ ਸਕਦੇ?”

ਮੇਨਗਲ ਦਾ ਕਹਿਣਾ ਹੈ ਕਿ ਪਾਕਿਸਤਾਨ ਦੀ ਸਿਆਸੀ ਅਗਵਾਈ ਬਹੁਤ ਕਮਜ਼ੋਰ ਹੈ, ਉਥੇ ਤਾਕਤ ਸਿਰਫ਼ ਫ਼ੌਜ ਕੋਲ ਹੈ। ਉਨ੍ਹਾਂ ਕਿਹਾ, “ਇੰਸਟੈਬਲਿਸ਼ਮੈਂਟ ਨੇ ਬਲੋਚੀਸਤਾਨ ਨੂੰ ਕਦੇ ਆਪਣਾ ਹਿੱਸਾ ਨਹੀਂ ਸਮਝਿਆ, ਇਹ ਸਿਰਫ਼ ਇਕ ਅਪਨਿਵੇਸ਼ ਸਮਝਿਆ ਜਾਂਦਾ ਹੈ, ਉਸ ਨੂੰ ਪੰਜਾਬ ਦੀ ਕਲੋਨੀ ਸਮਝਿਆ ਜਾਂਦਾ ਹੈ, ਜਦੋਂ ਤਕ ਬਲੋਚੀਸਤਾਨ ਨੂੰ ਮੁਲਕ ਦਾ ਹਿੱਸਾ ਨਹੀਂ ਮੰਨਿਆ ਜਾਵੇਗਾ, ਸਮੱਸਿਆਵਾਂ ਦਾ ਹੱਲ ਨਹੀਂ ਹੋਵੇਗਾ।”



ਸਰਦਾਰ ਅਖ਼ਤਰ ਮੇਨਗਲ

**ਜਿਨਹਾ ਦਾ ਨਜ਼ਰੀਆ**

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, ‘ਪਾਕਿਸਤਾਨ ਨੂੰ ਹੁਣ ਤਕ ਤਾਂ ਅੱਲ੍ਹਾ ਹੀ ਬਚਾਉਂਦਾ ਆਇਆ ਹੈ, ਪਰ ਜਿਵੇਂ ਦੇ ਹਾਲਾਤ ਹਨ, ਪਤਾ ਨਹੀਂ ਇਹ ਵੀ ਬਚ ਸਕੇਗਾ ਜਾਂ ਨਹੀਂ। ਜੇਕਰ ਦੇਸ਼ ਨੂੰ ਇਕੱਠਾ ਰੱਖਣਾ ਹੈ ਤਾਂ ਹੁਕਮਰਾਨਾਂ ਨੂੰ ਅਕਲ ਤੋਂ ਕੰਮ ਲੈਣਾ ਹੋਵੇਗਾ।”

ਪਾਕਿਸਤਾਨ ਬਾਰੇ ਜਿਨਹਾ ਦੇ ਨਜ਼ਰੀਏ ’ਤੇ ਗੱਲ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ 70 ਵਰ੍ਹਿਆਂ ਵਿਚ ਜਿੰਨੇ ਵੀ ਹੁਕਮਰਾਨ ਆਏ, ਉਹ ਭਾਵੇਂ ਵੋਟ ਨਾਲ ਆਏ ਹੋਣ ਜਾਂ ਬੰਦੂਕ ਰਾਹੀਂ, ਉਨ੍ਹਾਂ ਸਾਰਿਆਂ ਨੇ ਜਿਨਹਾ ਸਾਹਿਬ ਦੇ ਨਜ਼ਰੀਏ ਨੂੰ ਵਿਗਾੜਿਆ ਹੀ ਹੈ। ਉਨ੍ਹਾਂ ਅਨੁਸਾਰ ਮੁਹੰਮਦ ਅਲੀ ਜਿਨਹਾ ਨੇ ਪਾਕਿਸਤਾਨ ਦੇ ਸਾਰੇ ਸੂਬਿਆਂ ਨੂੰ ਖ਼ੁਦਮੁਖਤਿਆਰੀ ਦੇਣ ਦੀ ਗੱਲ ਕਹੀ ਸੀ।

**ਖ਼ੁਦਮੁਖਤਿਆਰੀ ਦਾ ਸਵਾਲ**

ਉਨ੍ਹਾਂ ਦਾ ਕਹਿਣਾ ਸੀ, “ਕੀ ਅੱਜ ਦੇ ਪਾਕਿਸਤਾਨ ਵਿਚ ਉਨ੍ਹਾਂ ਨੂੰ ਉਹ ਖ਼ੁਦਮੁਖਤਿਆਰੀ ਹਾਸਲ ਹੈ? ਸੂਬਿਆਂ ਨੂੰ ਜੇਕਰ ਅਹਿਮੀਅਤ ਦਿੱਤੀ ਜਾਂਦੀ ਤਾਂ ਪਾਕਿਸਤਾਨ ਨਾ ਟੁੱਟਦਾ। ਜਿਨਹਾ ਸਾਹਿਬ ਦੇ ਨਜ਼ਰੀਏ ਦੀ ਮੌਤ ਤਾਂ ਉਸੇ ਦਿਨ ਹੋ ਗਈ ਸੀ, ਜਿਸ ਦਿਨ ਉਨ੍ਹਾਂ ਦੀ ਮੌਤ ਹੋਈ ਸੀ।”

ਉਨ੍ਹਾਂ ਕਿਹਾ ਕਿ ਮਜਬੂਰੀ ਕਾਰਨ ਸਰਕਾਰ ਬਲੋਚੀਸਤਾਨ ਦੇ ਵਜੂਦ ਨੂੰ ਸਵੀਕਾਰ ਕਰਦੇ ਹਨ, ਰਾਜਨੇਤਾ ਵੀ ਮਜਬੂਰ ਹਨ, ਸੂਬੇ ਵੀ ਮਜਬੂਰ ਹਨ। ਉਨ੍ਹਾਂ ਅਨੁਸਾਰ ਬਲੋਚੀਸਾਤਨ ਵਿਚ ਵੱਖਵਾਦੀ ਅੰਦੋਲਨ ਲਈ ਜ਼ਿੰਮੇਵਾਰ ਉਹ ਦਲ ਹਨ, ਉਹ ਸੰਗਠਨ ਹਨ, ਤੇ ਉਹ ਸਰਕਾਰਾਂ ਹਨ, ਜਿਨ੍ਹਾਂ ਨੇ ਉਥੇ ਨੌਜਵਾਨਾਂ ਨੂੰ ਨਿਰਾਸ਼ਾ ਵਿਚ ਇਸ ਹੱਦ ਤਕ ਧੱਕ ਦਿੱਤਾ ਕਿ ਉਹ ਹੁਣ ਵੱਖ ਹੋਣ ਲਈ ਲੜ ਰਹੇ ਹਨ।

**ਹਨੇਰੇ ਵੱਲ ਪਾਕਿਸਤਾਨ**

ਸਰਦਾਰ ਅਖ਼ਤਰ ਮੇਨਗਲ ਨੇ ਬਲੋਚੀਸਤਾਨ ਵਿਚ ਅਤਿਵਾਦੀਆਂ ਵਲੋਂ ਨਿਰਦੋਸ਼ ਲੋਕਾਂ ਦੀ ਹੱਤਿਆ ਕੀਤੇ ਜਾਣ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਬਲੋਚੀਸਤਾਨ ਵਿਚ ਸਿਆਸੀ ਗਤੀਵਿਧੀਆਂ ਖ਼ਤਮ ਕਰ ਦਿੱਤੀਆਂ ਹਨ, ਸਿਆਸੀ ਵਰਕਰ ਗਾਇਬ ਕੀਤੇ ਜਾ ਰਹੇ ਹਨ, ਨਤੀਜਾ ਇਹ ਹੈ ਕਿ ਨੌਜਵਾਨ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਹਕੂਮਤ ਆਪਣੀ ਸੋਚ ਨਹੀਂ ਬਦਲੇਗੀ, ਪਾਕਿਸਤਾਨ ਹਨੇਰੇ ਵੱਲ ਜਾਵੇਗਾ। ‘ਮੈਨੂੰ ਪਾਕਿਸਤਾਨ ਹਨੇਰੇ ਵੱਲ ਜਾਂਦਾ ਦਿਖ ਰਿਹਾ ਹੈ, ਕੋਈ ਅਗਵਾਈ ਨਹੀਂ ਹੈ, ਜੋ ਇਸ ਨੂੰ ਰੌਸ਼ਨੀ ਵੱਲ ਲੈ ਜਾ ਸਕੇ।’

# ਮਹਿੰਦਰਾ ਅਤੇ ਮੁਹੰਮਦ ਦਾ ਉਹ ਦਿਲਚਸਪ ਕਿੱਸਾ...

**ਸੰਜੇ ਮਜੂਮਦਾਰ**

ਕੀ ਤੁਸੀਂ ਜਾਣਦੇ ਹੋ ਕਿ ਬਟਵਾਰੇ ਨਾਲ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦਾ ਡੂੰਘਾ ਨਾਤਾ ਹੈ। ਮਹਿੰਦਰਾ ਐਂਡ ਮਹਿੰਦਰਾ ਭਾਰਤ ਦੀਆਂ ਵੱਡੀਆਂ ਕੰਪਨੀਆਂ ਵਿਚੋਂ ਇਕ ਹੈ। ਇਹ ਭਾਰਤ ਦੀ ਵੱਡੀ ਆਟੋਮੋਬਾਈਲ ਕੰਪਨੀਆਂ ਵਿਚੋਂ ਇਕ ਹੈ। ਮਹਿੰਦਰਾ ਐਂਡ ਮਹਿੰਦਰਾ ਦੁਨੀਆ ਦੀ ਸਭ ਤੋਂ ਵੱਡੀ ਟਰੈਕਟਰ ਕੰਪਨੀ ਹੈ। ਅੱਜ ਇਸ ਦਾ ਕਾਰੋਬਾਰ ਅਰਬਾਂ ਡਾਲਰ ਵਿਚ ਹੈ। ਪਰ ਕੀ ਤੁਹਾਨੂੰ ਪਤਾ ਹੈ ਕਿ ਕਦੇ ਇਸ ਕੰਪਨੀ ਦਾ ਨਾਂ ਮਹਿੰਦਰਾ ਐਂਡ ਮੁਹੰਮਦ ਸੀ?

ਜੀ ਹਾਂ, ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦੀ ਜਦੋਂ ਸ਼ੁਰੂਆਤ ਹੋਈ ਸੀ ਤਾਂ ਇਸ ਦਾ ਨਾਂ ਮਹਿੰਦਰਾ ਐਂਡ ਮੁਹੰਮਦ ਸੀ। ਇਸ ਦਾ ਦੇਸ਼ ਦੇ ਬਟਵਾਰੇ ਨਾਲ ਵੀ ਡੂੰਘਾ ਸਬੰਧ ਹੈ। ਬਟਵਾਰੇ ਦਾ ਇਸ ਕੰਪਨੀ ’ਤੇ ਅਜਿਹਾ ਅਸਰ ਪਿਆ ਸੀ ਕਿ ਇਸ ਦਾ ਨਾਂ ਤਕ ਬਦਲ ਗਿਆ।




ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦੀ ਸ਼ੁਰੂਆਤ 1945 ਵਿਚ ਹੋਈ ਸੀ। ਇਸ ਨੂੰ ਸੀ ਮਹਿੰਦਰਾ, ਜੇ ਸੀ ਮਹਿੰਦਰਾ ਤੇ ਮਲਿਕ ਗੁਲਾਮ ਮੁਹੰਮਦ ਨੇ ਲੁਧਿਆਣਾ ਵਿਚ ਸ਼ੁਰੂ ਕੀਤਾ ਸੀ। ਸ਼ੁਰੂਆਤ ਵਿਚ ਇਹ ਕੰਪਨੀ ਸਟੀਲ ਦਾ ਕਾਰੋਬਾਰ ਕਰਦੀ ਸੀ। ਕੰਪਨੀ ਦੇ ਚੇਅਰਮੈਨ ਕੇਸ਼ਬ ਮਹਿੰਦਰਾ ਦੱਸਦੇ ਹਨ ਕਿ ਕੇ.ਸੀ. ਮਹਿੰਦਰਾ ਅਤੇ ਜੇ.ਸੀ. ਮਹਿੰਦਰਾ ਨੇ ਮਲਿਕ ਗੁਲਾਮ ਮੁਹੰਮਦ ਨੂੰ ਇਸ ਲਈ ਕੰਪਨੀ ਵਿਚ ਹਿੱਸੇਦਾਰ ਬਣਾਇਆ ਸੀ ਤਾਂ ਕਿ ਹਿੰਦੂ-ਮੁਸਲਿਮ ਏਕਤਾ ਦੇ ਸੰਦੇਸ਼ ਦੇ ਸਕਣ। ਗੁਲਾਮ ਮੁਹੰਮਦ ਦੀ ਕੰਪਨੀ ਵਿਚ ਛੋਟੀ ਹੀ ਹਿੱਸੇਦਾਰੀ ਸੀ। ਪਰ ਉਨ੍ਹਾਂ ਦਾ ਨਾਂ ਕੰਪਨੀ ਨਾਲ ਜੁੜਿਆ ਸੀ। ਕੇਸ਼ਬ ਮਹਿੰਦਰਾ ਦੱਸਦੇ ਹਨ ਕਿ ਬਟਵਾਰੇ ਤੋਂ ਪਹਿਲਾਂ ਜਦੋਂ ਪਾਕਿਸਤਾਨ ਦੀ ਮੰਗ ਨੇ ਜ਼ੋਰ ਫੜਿਆ ਤਾਂ ਵੀ ਗੁਲਾਮ ਮੁਹੰਮਦ ਅਤੇ ਮਹਿੰਦਰਾ ਪਰਿਵਾਰ ਦੀ ਦੋਸਤੀ ਬਰਕਰਾਰ ਰਹੀ। ਸਾਂਝਾ ਕਾਰੋਬਾਰ ਚੱਲਦਾ ਰਿਹਾ। ਜਦੋਂ ਅਗਸਤ 1947 ਨੂੰ ਦੇਸ਼ ਆਜ਼ਾਦ ਹੋਇਆ ਤਾਂ ਦੋ ਹਿੱਸਿਆਂ ਵਿਚ ਵੰਡਿਆ ਜਾ ਚੁੱਕਾ ਸੀ। ਮਲਿਕ ਗੁਲਾਮ ਮੁਹੰਮਦ, ਪਾਕਿਸਤਾਨ ਚਲੇ ਗਏ। ਉਹ ਪਾਕਿਸਤਾਨ ਦੇ ਪਹਿਲੇ ਵਿੱਤ ਮੰਤਰੀ ਬਣਾਏ ਗਏ ਸਨ। ਦੇਸ਼ ਦਾ ਬਟਵਾਰਾ ਹੋਇਆ ਤਾਂ ਕਾਰੋਬਾਰ ਦਾ ਵੀ ਹੋ ਗਿਆ। 1948 ਵਿਚ ਮਹਿੰਦਰਾ ਐਂਡ ਮੁਹੰਮਦ ਦਾ ਨਾਂ ਬਦਲ ਕੇ ਮਹਿੰਦਰਾ ਐਂਡ ਮਹਿੰਦਰਾ ਕਰ ਦਿੱਤਾ ਗਿਆ, ਕਿਉਂਕਿ ਹੁਣ ਗੁਲਾਮ ਮੁਹੰਮਦ ਇਸ ਕੰਪਨੀ ਦੇ ਹਿੱਸੇਦਾਰ ਨਹੀਂ ਰਹਿ ਗਏ ਸਨ। ਹਾਲਾਂਕਿ ਦੋਵੇਂ ਪਰਿਵਾਰਾਂ ਵਿਚਾਲੇ ਰਿਸ਼ਤਾ ਬਟਵਾਰੇ ਤੋਂ ਬਾਅਦ ਵੀ ਬਣਿਆ ਰਿਹਾ ਪਰ ਕਾਰੋਬਾਰੀ ਤਾਲੁੱਕ ਖ਼ਤਮ ਹੋ ਗਏ। ਕੇਸ਼ਬ ਮਹਿੰਦਰਾ ਕਹਿੰਦੇ ਹਨ ਕਿ ਜਦੋਂ ਮਲਿਕ ਗੁਲਾਮ ਮੁਹੰਮਦ ਪਾਕਿਸਤਾਨ ਗਏ, ਤਾਂ ਉਨ੍ਹਾਂ ਦੇ ਪਰਿਵਾਰ ਨੂੰ ਸਦਮਾ ਲੱਗਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਸੀ ਕਿ ਗੁਲਾਮ ਮੁਹੰਮਦ ਨੇ ਆਪਣੇ ਇਰਾਦਿਆਂ ਬਾਰੇ ਕਦੇ ਵੀ ਮਹਿੰਦਰਾ ਪਰਿਵਾਰ ਨੂੰ ਨਹੀਂ ਦੱਸਿਆ ਸੀ।

1951 ਵਿਚ ਮਲਿਕ ਗੁਲਾਮ ਮੁਹੰਮਦ ਪਾਕਿਸਤਾਨ ਦੇ ਗਵਰਨਰ ਜਨਰਲ ਬਣਾਏ ਗਏ। ਕੇਸ਼ਬ ਮਹਿੰਦਰਾ ਦੱਸਦੇ ਹਨ ਕਿ ਗਵਰਨਰ ਜਨਰਲ ਬਣਨ ਤੋਂ ਬਾਅਦ ਵੀ ਮਲਿਕ ਗੁਲਾਮ ਮੁਹੰਮਦ ਮਹਿੰਦਰਾ ਪਰਿਵਾਰ ਨਾਲ ਪੁਰਾਣੇ ਰਿਸ਼ਤਿਆਂ ਨੂੰ ਨਹੀਂ ਭੁੱਲੇ। 1955 ਵਿਚ ਗੁਲਾਮ ਮੁਹੰਮਦ ਰਾਜਪਥ ’ਤੇ ਹੋਈ ਗਣਤੰਤਰ ਦਿਵਸ ਦੀ ਪਹਿਲੀ ਪਰੇਡ ਦੇ ਮੁੱਖ ਮਹਿਮਾਨ ਸਨ। ਕੇਸ਼ਬ ਮਹਿੰਦਰਾ ਦੱਸਦੇ ਹਨ ਕਿ ਜਦੋਂ ਗੁਲਾਮ ਮੁਹੰਮਦ ਦਿੱਲੀ ਆਏ ਤਾਂ ਉਨ੍ਹਾਂ ਨੇ ਪਹਿਲਾ ਫ਼ੋਨ ਉਨ੍ਹਾਂ ਦੀ ਦਾਦੀ ਨੂੰ ਕੀਤਾ ਸੀ। ਇਸ ਤਰ੍ਹਾਂ ਦੋਸਤੀ ਦਾ ਰਿਸ਼ਤਾ ਅਗਲੀਆਂ ਪੀੜ੍ਹੀਆਂ ਤਕ ਚੱਲਦਾ ਰਿਹਾ। ਅੱਜ ਦੀ ਤਾਰੀਕ ਵਿਚ ਮਹਿੰਦਰਾ ਐਂਡ ਮਹਿੰਦਰਾ 15 ਅਰਬ ਡਾਲਰ ਦੀ ਕੰਪਨੀ ਹੈ। ਕੇਸ਼ਬ ਮਹਿੰਦਰਾ ਕਹਿੰਦੇ ਹਨ ਕਿ ਭਾਰਤ ਤੇ ਪਾਕਿਸਤਾਨ ਦਾ ਸਭਿਆਚਾਰ ਸਾਂਝਾ ਹੈ। ਦੋਵੇਂ ਮੁਲਕਾਂ ਦੇ ਲੋਕ ਇਕ ਦੂਸਰੇ ਨੂੰ ਪਸੰਦ ਕਰਦੇ ਹਨ। ਪਰ ਇਸ ਦਾ ਅਸਰ ਸਿਆਸੀ ਰਿਸ਼ਤਿਆਂ ’ਤੇ ਨਹੀਂ ਦਿਖਾਈ ਦਿੰਦਾ।

# ਜਦੋਂ ਪਾਕਿਸਤਾਨ ਦੀ ਸ਼ਫ਼ੀਆ ਨੇ 70 ਸਾਲ ਬਾਅਦ ਦੇਖਿਆ ਭਾਰਤ ਦਾ ਆਪਣਾ ਪੁਸ਼ਤੈਨੀ ਘਰ

**ਇਸ਼ਲੀਨ ਕੌਰ**

ਭਾਰਤ ਅਤੇ ਪਾਕਿਸਤਾਨ ਆਪਣੀ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾ ਰਹੇ ਹਨ ਪਰ ਆਜ਼ਾਦੀ ਦੀ ਖ਼ੁਸ਼ੀ ਦੇ ਨਾਲ ਨਾਲ ਦੋਵੇਂ ਮੁਲਕਾਂ ਨੂੰ ਬਟਵਾਰੇ ਦਾ ਗ਼ਮ ਵੀ ਝਲਣਾ ਪਿਆ ਸੀ। ਬਟਵਾਰੇ ਕਾਰਨ ਲੱਖਾਂ ਲੋਕ ਆਪਣਾ ਘਰ-ਬਾਰ ਛੱਡ ਕੇ ਸਰਹੱਦ ਦੇ ਦੂਸਰੇ ਪਾਸੇ ਜਾਣ ਲਈ ਮਜਬੂਰ ਹੋ ਗਏ ਸਨ। ਬਟਵਾਰੇ ਨੂੰ 70 ਸਾਲ ਹੋ ਚੁੱਕੇ ਹਨ, ਪਰ ਅੱਜ ਵੀ ਕਈ ਲੋਕ ਅਜਿਹੇ ਹਨ ਜੋ ਸਿਰਫ਼ ਇਕ ਵਾਰ ਆਪਣਾ ਉਹ ਘਰ ਦੇਖਣ ਦੀ ਹਸਰਤ ਲਈ ਜਿਉ ਰਹੇ ਹਨ ਜਿਥੇ ਜਾਂ ਤਾਂ ਉਹ ਖ਼ੁਦ ਜਾਂ ਉਨ੍ਹਾਂ ਦੇ ਪਰਿਵਾਰ ਦੇ ਬਜ਼ੁਰਗ ਬਟਵਾਰੇ ਤੋਂ ਪਹਿਲਾਂ





ਰਿਹਾ ਕਰਦੇ ਸਨ। ਬੀ.ਬੀ.ਸੀ. ਉਰਦੂ ਦੇ ਰਜ਼ਾ ਹਮਦਾਨੀ ਦੀ ਮਾਂ, ਸ਼ਫ਼ੀਆ ਵੀ ਅਜਿਹੀ ਹੀ ਤਮੰਨਾ ਲਈ ਵਰ੍ਹਿਆਂ ਤੋਂ ਜਿਉ ਰਹੀ ਹੈ।

ਸ਼ਫ਼ੀਆ ਬਟਵਾਰੇ ਤੋਂ ਪਹਿਲਾਂ ਭਾਰਤੀ ਪੰਜਾਬ ਦੇ ਫ਼ਿਰੋਜ਼ਪੁਰ ਸ਼ਹਿਰ ਵਿਚ ਰਹਿੰਦੀ ਸੀ। ਰਜ਼ਾ ਆਪਣੀ ਮਾਂ ਨੂੰ ਉਨ੍ਹਾਂ ਦਾ ਘਰ ਦਿਖਾਉਣ ਲਈ ਭਾਰਤ ਜਾਣਾ ਚਾਹੁੰਦੇ ਸਨ। ਪਰ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਰਜ਼ਾ ਤੇ ਸ਼ਫ਼ੀਆ ਨੂੰ ਭਾਰਤ ਦਾ ਵੀਜ਼ਾ ਨਹੀਂ ਮਿਲਿਆ। ਸ਼ਫ਼ੀਆ ਨੂੰ ਭਾਰਤ ਜਾਣ ਦਾ ਮੌਕਾ ਤਾਂ ਨਹੀਂ ਮਿਲਿਆ, ਪਰ ਤਕਨੀਕ ਦੇ ਇਸ ਦੌਰ ਵਿਚ ਕੁਝ ਵੀ ਨਾਮੁਮਕਿਨ ਨਹੀਂ। ਇਸੇ ਉਮੀਦ ਨਾਲ ਸ਼ਫ਼ੀਆ ਦੀ ਇਸ ਖਵਾਹਿਸ਼ ਨੂੰ ਪੂਰਾ ਕਰਨ ਲਈ ਮੈਂ ਫ਼ਿਰੋਜ਼ਪੁਰ ਜਾਣ ਦਾ ਫ਼ੈਸਲਾ ਕੀਤਾ। ਸ਼ਫ਼ੀਆ ਨੇ ਮੈਨੂੰ ਉਸ ਗਲੀ ਦਾ ਨਕਸ਼ਾ ਦਿੱਤਾ ਸੀ ਜਿਥੇ ਉਨ੍ਹਾਂ ਦਾ ਘਰ ਸੀ। 70 ਵਰ੍ਹਿਆਂ ਬਾਅਦ ਵੀ ਉਨ੍ਹਾਂ ਨੂੰ ਗਲੀ ਤੋਂ ਲੈ ਕੇ ਦੁਕਾਨਾਂ ਤਕ ਦੇ ਨਾਂ ਯਾਦ ਸਨ। ਫ਼ਿਰੋਜ਼ਪੁਰ ਤਾਂ ਮੈਂ ਆਸਾਨੀ ਨਾਲ ਪਹੁੰਚ ਗਈ ਪਰ ਘਰ ਲੱਭਣ ਲਈ ਫ਼ਿਰੋਜ਼ਪੁਰ ਵਿਚ ਵਸੇ ਪੱਤਰਕਾਰ ਮਲਕੀਤ ਸਿੰਘ ਦੀ ਮਦਦ ਲਈ। ਬਚਪਨ ਤੋਂ ਫ਼ਿਰੋਜ਼ਪੁਰ

ਬਾਕੀ ਸਫ਼ਾ 36 ’ਤੇ

# ਸਿਆਸੀ ਚਾਸ਼ਨੀ ’ਚ ਲਿਪਟੀ ਡੇਰਿਆਂ ਦੀ ਕੌੜੀ ਵੇਲ

**ਸਮੇਂ ਸਮੇਂ ’ਤੇ ਕੋਈ ਨਾ ਕੋਈ ਡੇਰਾ ਸਾਡੇ ਸਾਹਮਣੇ ਵਿਵਾਦ ਲੈ ਕੇ ਖੜ੍ਹਾ ਹੋ ਜਾਂਦਾ ਹੈ। ਹੁਣ ਇਹ ਗੱਲ ਵੀ ਅਣਦੇਖੀ-ਅਣਸਮਝੀ ਨਹੀਂ ਰਹੀ ਕਿ ਸਾਡੇ ਧਾਰਮਿਕ ਸਥਾਨਾਂ ਦੀ ਦਲਿਤਾਂ ਪ੍ਰਤੀ ਬੇਰੁਖ਼ੀ, ਗੈਰਬਰਾਬਰੀ ਨੇ ਇਨ੍ਹਾਂ ਨੂੰ ਪ੍ਰਫੁੱਲਤ ਹੋਣ ਦਾ ਮੌਕਾ ਦਿੱਤਾ ਤੇ ਸਿਆਸਤ ਨੇ ਆਪਣੇ ਲਾਹੇ ਲਈ ਇਨ੍ਹਾਂ ਨੂੰ ਹੱਥੋ-ਹੱਥੀ ਚੁੱਕ ਲਿਆ। ਡੇਰਾਵਾਦ ਪਿਛਲੇ ਸਿਆਸੀ, ਮਨੋਵਿਗਿਆਨਕ, ਜਾਤੀ ਤੇ ਸਮਾਜਿਕ ਕਾਰਨਾਂ ਨੂੰ ਪੇਸ਼ ਕਰ ਰਹੀਆਂ ਨੇ ਇਹ ਖ਼ਾਸ ਰਿਪੋਰਟਾਂ।**

## ਪੈਸੇ ਤੇ ਤਾਕਤ ਸਹਾਰੇ ਬਾਬੇ ਤਿਆਰ ਕਰਦੇ ਹਨ ਸਿਆਸੀ ਆਧਾਰ

**ਹਮੀਰ ਸਿੰਘ**

ਡੇਰਾ ਸਿਰਸਾ ਮੁਖੀ ਦੇ ਮਾਮਲੇ ਅਤੇ ਇਸ ਨਾਲ ਸਿੱਝਣ ਦੀ ਸਿਆਸੀ ‘ਬੇਰੁਚੀ’ ਨੇ ਡੇਰਾਵਾਦ ਦੇ ਫੈਲਾਅ ਕਾਰਨ ਪੈਦਾ ਹੋਏ ਟਕਰਾਅ ਵੱਲ ਧਿਆਨ ਖਿੱਚਿਆ ਹੈ।

ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਰੌਣਕੀ ਰਾਮ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਛੋਟੇ-ਵੱਡੇ ਲਗਪਗ 9000 ਡੇਰੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਡੇਰੇ ਅਸਲ ਵਿੱਚ ਮੱਠਾਂ, ਧਰਮਾਂ ਦੀਆਂ ਮਰਿਯਾਦਾਵਾਂ ਅਤੇ ਇੱਕੋ ਤਰ੍ਹਾਂ ਦੇ ਅਨੁਸ਼ਾਸਨ ਨੂੰ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੇ ਵਿਕਲਪ ਵਜੋਂ ਹੋਂਦ ਵਿੱਚ ਆਉਂਦੇ ਹਨ। ਇਨ੍ਹਾਂ ਵਿੱਚ ਧਰਮ, ਜਾਤ, ਅਮੀਰ-ਗਰੀਬ, ਖੇਤਰ, ਭਾਸ਼ਾ ਸਬੰਧੀ ਉਦਾਰ ਰੁਖ਼ ਅਪਣਾਇਆ ਜਾਂਦਾ ਹੈ। ਇਸ ਲਈ ਵੱਖ ਵੱਖ ਵੰਨਗੀਆਂ ਦੇ ਲੋਕ ਇਨ੍ਹਾਂ ਡੇਰਿਆਂ ਨਾਲ ਸਮਾਜਿਕ ਤੌਰ ਉੱਤੇ ਜੁੜਦੇ ਹਨ ਅਤੇ ਮਨੋਵਿਗਿਆਨਕ ਰਾਹਤ ਮਹਿਸੂਸ ਕਰਦੇ ਸਨ। ਜਿਨ੍ਹਾਂ ਡੇਰਿਆਂ ਦੇ ਸ਼ਰਧਾਲੂਆਂ ਦੀ ਗਿਣਤੀ ਵਧ ਜਾਂਦੀ ਹੈ, ਉਹ ਮੱਠਾਂ ਦੀ ਤਰ੍ਹਾਂ ਕੋਈ ਨਾਮ ਦਾਨ, ਵਿਸ਼ੇਸ਼ ਡਰੈੱਸ, ਲਾਕਟ ਰਾਹੀਂ ਸੰਗਠਿਤ ਸੰਸਥਾਵਾਂ ਦਾ ਰੂਪ ਧਾਰਨ ਲੱਗ ਜਾਂਦੇ ਹਨ। ਪੈਸੇ ਤੇ ਤਾਕਤ ਸਹਾਰੇ ਬਾਬੇ ਸਿਆਸੀ ਪਾਰਟੀਆਂ ਦੇ ਹਿੱਤਾਂ ਨੂੰ ਪੂਰਨ ਦਾ ਆਧਾਰ ਵੀ ਤਿਆਰ ਕਰਦੇ ਹਨ। ਸਿਆਸਤਦਾਨਾਂ ਲਈ ਕਿਸੇ ਕੇਸ ਵਿੱਚ ਫਸ ਚੁੱਕੇ ਜਾਂ ਫਸਾਏ ਜਾ ਸਕਣ ਵਾਲੇ ਬਾਬੇ ਨੂੰ ਵੋਟਾਂ ਲਈ ਵਰਤਣਾ ਲੋਕਾਂ ਨਾਲ ਵਾਅਦੇ ਵਫ਼ਾ ਨਾ ਕਰ ਸਕਣ ਦੇ ਸਵਾਲਾਂ ਦੇ ਜਵਾਬ ਦੇਣ ਨਾਲੋਂ ਜ਼ਿਆਦਾ ਆਸਾਨ ਹੈ।

ਪੰਜਾਬ ਵਿੱਚ ਡੇਰਿਆਂ ਦਾ ਟਕਰਾਅ ਮੁੱਖ ਤੌਰ ਉੱਤੇ ਸਿੱਖਾਂ ਜਾਂ ਜਾਤ ਦੇ ਆਧਾਰ ਉੱਤੇ ਹੁੰਦਾ ਆਇਆ ਹੈ। 1978 ਵਿੱਚ ਨਿਰੰਕਾਰੀ-ਸਿੱਖ ਖ਼ੂਨੀ ਝੜਪ ਵਿੱਚ 13 ਸਿੱਖ ਮਾਰੇ ਗਏ। ਇਹ ਟਕਰਾਅ ਸਥਾਈ ਰੂਪ ਲੈ ਗਿਆ ਕਿਉਂਕਿ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਦੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਜਾਰੀ ਹੋਇਆ ਹੈ। 2001 ਵਿੱਚ ਪਿਆਰਾ ਸਿੰਘ ਭਨਿਆਰਾਂ ਵਾਲਾ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾੜਨ ਤੋਂ ਬਾਅਦ ਪੈਦਾ ਹੋਇਆ ਟਕਰਾਅ ਵੀ ਗੰਭੀਰ ਰੂਪ ਧਾਰ ਗਿਆ ਸੀ। ਜਲੰਧਰ ਨੇੜਲੇ ਪਿੰਡ ਤੱਲ੍ਹਣ ਵਿੱਚ 2003 ਦਾ ਖ਼ੂਨੀ ਟਕਰਾਅ ਦਲਿਤਾਂ ਨੂੰ ਧਾਰਮਿਕ ਸਥਾਨ ਦੇ ਪ੍ਰਬੰਧ ਵਿੱਚ ਹਿੱਸੇਦਾਰੀ ਨਾ ਦੇਣ ਦਾ ਨਤੀਜਾ ਸੀ।

ਡੇਰਾ ਸੱਚਾ ਸੌਦਾ ਨੇ ਪਹਿਲਾਂ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਖੁੱਲ੍ਹ ਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਮਦਦ ਕੀਤੀ। ਡੇਰੇ ਦੇ ਸਮਰਥਨ ਅਤੇ ਕਈ ਹੋਰ ਕਾਰਨਾਂ ਕਰ ਕੇ ਅਕਾਲੀ ਦਲ ਦਾ ਆਪਣੇ ਗੜ੍ਹ ਮਾਲਵਾ ਵਿੱਚੋਂ ਸਫ਼ਾਇਆ ਹੋ ਗਿਆ ਸੀ। ਡੇਰਾ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਤੋਂ ਪੈਦਾ ਹੋਏ ਵਿਵਾਦ ਦਾ ਲਾਹਾ ਲੈਂਦਿਆਂ ਤਤਕਾਲੀ ਅਕਾਲੀ-ਭਾਜਪਾ ਸਰਕਾਰ ਦੀ ਸਰਪ੍ਰਸਤੀ ਹੇਠ ਪ੍ਰੇਮੀਆਂ ਖ਼ਿਲਾਫ਼ ਖ਼ੂਬ ਗੁੱਸਾ ਕੱਢਿਆ ਗਿਆ। ਜਥੇਦਾਰ ਅਕਾਲ ਤਖ਼ਤ ਵੱਲੋਂ ਵੀ ਪ੍ਰੇਮੀਆਂ ਦੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ। ਇਸ ਤੋਂ ਕੁੱਝ ਸਮੇਂ ਬਾਅਦ ਹੀ ਅਕਾਲੀ ਦਲ ਦੀ ਡੇਰੇ ਨਾਲ ਅੰਦਰੋਂ ਅੰਦਰੀਂ ਖਿਚੜੀ ਪੱਕਣ ਕਾਰਨ ਡੇਰਾ ਮੁਖੀ ਨੂੰ ਅਕਾਲ ਤਖ਼ਤ ਤੋਂ ਮੁਆਫ਼ੀ ਦਿਵਾਉਣ ਦੀ ਕੋਸ਼ਿਸ਼ ਹੋਈ, ਜੋ ਸਿੱਖਾਂ ਦੇ ਵਿਆਪਕ ਵਿਰੋਧ ਕਾਰਨ ਸਿਰੇ ਨਹੀਂ ਚੜ੍ਹ ਸਕੀ। ਬਲਾਤਕਾਰ ਵਰਗੇ ਸੰਗੀਨ ਕੇਸਾਂ ਵਿੱਚ ਫਸਿਆ ਡੇਰਾ ਮੁਖੀ ਸੀਬੀਆਈ ਦੇ ਸ਼ਿਕੰਜੇ ਵਿੱਚੋਂ ਨਿਕਲਣ ਲਈ ਅਕਾਲੀ-ਭਾਜਪਾ ਅਤੇ ਕਾਂਗਰਸ ਪਾਰਟੀਆਂ ਦੇ ਹੱਥਾਂ ਦੀ ਕਠਪੁਤਲੀ ਬਣ ਗਿਆ।

ਆਸਟਰੀਆ ਦੇ ਸ਼ਹਿਰ ਵੀਏਨਾ ਦੇ ਰਵਿਦਾਸ ਮੰਦਿਰ ਵਿੱਚ ਹੋਏ ਹਮਲੇ ਦੌਰਾਨ ਡੇਰਾ ਬੱਲਾਂ ਦੇ ਉਪ ਮੁਖੀ ਰਾਮਾਨੰਦ ਦੀ ਹੱਤਿਆ ਅਤੇ ਮੁਖੀ ਸੰਤ ਨਿਰੰਜਨ ਦਾਸ ਦੇ ਜ਼ਖ਼ਮੀ ਹੋਣ ਤੋਂ ਸਿੱਖਾਂ ਅਤੇ ਦਲਿਤਾਂ ਦਰਮਿਆਨ ਟਕਰਾਅ ਪੈਦਾ ਹੋ ਗਿਆ। ਜਲੰਧਰ ਵਿੱਚ ਭੜਕੇ ਸ਼ਰਧਾਲੂਆਂ ਵੱਲੋਂ ਰੇਲਾਂ ਅਤੇ ਹੋਰ ਬਹੁਤ ਸਾਰੇ ਵਾਹਨ ਅੱਗ ਦੀ ਭੇਂਟ ਕਰ ਦਿੱਤੇ ਗਏ। ਮਈ 2016 ਵਿੱਚ ਦਮਦਮੀ ਟਕਸਾਲ ਨਾਲ ਸਬੰਧਤ ਵਿਅਕਤੀਆਂ ਵੱਲੋਂ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਕਾਫ਼ਲੇ ਉੱਤੇ ਕੀਤੇ ਹਮਲੇ ਨੇ ਸਿੱਖ ਸੰਤਾਂ ਦੇ ਅੰਦਰੂਨੀ ਟਕਰਾਅ ਨੂੰ ਖ਼ਤਰਨਾਕ ਹੱਦ ਤੱਕ ਵਧਾ ਦਿੱਤਾ। ਅਜੇ ਤੱਕ ਵੀ ਇਹ ਕਸ਼ਮਕਸ਼ ਜਾਰੀ ਹੈ। ਵਿਦੇਸ਼ਾਂ ਵਿੱਚ ਸਿੱਖ ਪ੍ਰਚਾਰਕ ਪੰਥਪ੍ਰੀਤ ਸਿੰਘ ਅਤੇ ਟਕਸਾਲੀ ਸਿੰਘਾਂ ਦਰਮਿਆਨ ਟਕਰਾਅ ਦੀਆਂ ਖ਼ਬਰਾਂ ਹਾਲ ਹੀ ਵਿੱਚ ਛਪਦੀਆਂ ਰਹੀਆਂ ਹਨ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਡੇਰਾ ਪ੍ਰੇਮੀਆਂ ਨੂੰ ਸਿੱਖ ਪੰਥ ਵਿੱਚ ਵਾਪਸੀ ਦਾ ਸੱਦਾ ਦਿੱਤਾ ਹੈ। ਇਸ ਉਤੇ ਕਈ ਸਿੱਖ ਜਥੇਬੰਦੀਆਂ ਨੇ ਹੀ ਸੁਆਲ ਉਠਾਏ ਹਨ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਮਾਜ ਸ਼ਾਸਤਰੀ ਪ੍ਰੋਫੈਸਰ ਸੁਰਿੰਦਰ ਸਿੰਘ ਜੋਧਕਾ ਦਾ ਕਹਿਣਾ ਹੈ ਕਿ ਡੇਰੇ ਸਮਾਜ ਅਤੇ ਸਰਕਾਰਾਂ ਵੱਲੋਂ ਨਜ਼ਰਅੰਦਾਜ਼ ਕੀਤੇ ਗਰੀਬ, ਦਲਿਤ ਅਤੇ ਹੋਰ ਲੋਕਾਂ ਨੂੰ ਸਮਾਜਿਕ ਤੇ ਸਿਆਸੀ ਪਛਾਣ ਦੇਣ, ਭਾਈਚਾਰਕ ਗਰੁੱਪ ਵਜੋਂ ਮਾਨਤਾ ਦੇਣ ਅਤੇ ਆਪਣੇ ਬੱਚਿਆਂ ਦੀਆਂ ਪੜ੍ਹਾਈ, ਸਿਹਤ ਆਦਿ ਲੋੜਾਂ ਪੂਰੀਆਂ ਕਾਰਨ ਦੀ ਜਗ੍ਹਾ ਮੁਹੱਈਆ ਕਰਵਾਉਣ ਦਾ ਅਹਿਸਾਸ ਦਿਵਾਉਂਦੇ ਹਨ।

### ਡੇਰਿਆਂ ਨੂੰ ਨਿਯਮਿਤ ਕਰਨ ਦੀ ਲੋੜ: ਗਰਗ

ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਸਾਬਕਾ ਰਜਿਸਟਰਾਰ ਡਾ. ਪੀ.ਐਲ. ਗਰਗ ਨੇ ਕਿਹਾ ਕਿ ਡੇਰੇ ਅਤੇ ਹੋਰ ਅਜਿਹੀਆਂ ਸੰਸਥਾਵਾਂ ਲੋਕਾਂ ਦੀ ਸਮਾਜਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਲੋੜ ਕਾਰਨ ਖ਼ਤਮ ਨਹੀਂ ਹੋ ਸਕਦੀਆਂ। ਇਨ੍ਹਾਂ ਨੂੰ ਨਿਯਮਤ ਕਰ ਕੇ ਕੰਮਕਾਜ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ।



## ਡੇਰਾ ਬਿਆਸ ਨੇ ਵੋਟ ਸਿਆਸਤ ਤੋਂ ਦੂਰੀ ਹੀ ਰੱਖੀ ਪਰ ਸਿਆਸੀ ਆਗੂ ਅਕਸਰ ਹੀ ਡੇਰੇ ਦੇ ਚੱਕਰ ਲਾਉਂਦੇ ਹਨ

**ਬਲਵਿੰਦਰ ਜੰਮੂ**

ਰਾਧਾਸੁਆਮੀ ਸਤਿਸੰਗ ਬਿਆਸ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਡੇਰਿਆਂ ਵਿੱਚੋਂ ਹੈ, ਜਿਸ ਦਾ ਪਸਾਰ ਦੇਸ਼-ਵਿਦੇਸ਼ ਵਿੱਚ ਹੋ ਚੁੱਕਾ ਹੈ। ਇਸ ਵੇਲੇ 100 ਦੇ ਕਰੀਬ ਦੇਸ਼ਾਂ ਵਿੱਚ ਡੇਰੇ ਦਾ ਪਸਾਰ ਹੋ ਚੁੱਕਾ ਹੈ। ਮੁਹਾਲੀ ਵਿੱਚ ਪੂਰੇ ਸੈਕਟਰ ਵਿੱਚ ਸਤਿਸੰਗ ਘਰ ਹੈ।

ਰਾਧਾਸੁਆਮੀ ਸਤਿਸੰਗ ਦੀ ਸ਼ੁਰੂਆਤ 1891 ਵਿੱਚ ਹੋਈ ਸੀ ਤੇ ਬਿਆਸ ਸਥਿਤ ਡੇਰੇ ਦਾ ਬਾਬਾ ਚਰਨ ਸਿੰਘ ਦੀ ਰਹਿਨੁਮਾਈ ਵਿੱਚ ਸਭ ਤੋਂ ਵੱਧ ਪਸਾਰ ਹੋਇਆ। ਉਸ ਸਮੇਂ ਹੀ ਡੇਰਾ ਬਿਆਸ ਦੀ ਚਾਰਦੀਵਾਰੀ ਤੋਂ ਲੈ ਕੇ ਹਸਪਤਾਲਾਂ ਤੱਕ ਦਾ ਨਿਰਮਾਣ ਕੀਤਾ ਗਿਆ। ਇਸ ਵੇਲੇ ਡੇਰੇ ਵੱਲੋਂ ਪੰਜ ਹਸਪਤਾਲ ਚਲਾਏ ਜਾ ਰਹੇ ਹਨ ਤੇ ਇਨ੍ਹਾਂ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਡੇਰੇ ਦੇ 69 ਦੇ ਕਰੀਬ ਸਕੂਲ ਹਨ। ਬਾਬਾ ਚਰਨ ਸਿੰਘ ਨੇ ਹੀ ਡੇਰੇ ਵਿੱਚੋਂ ਜਾਤ-ਪਾਤ ਦੀਆਂ ਹੱਦਬੰਦੀਆਂ ਖਤਮ ਕੀਤੀਆਂ ਸਨ।

1988 ਵਿੱਚ ਆਏ ਹੜ੍ਹਾਂ ਤੋਂ ਬਾਅਦ ਲੋਕਾਂ ਦੀ ਮਦਦ ਲਈ ਰਾਜਪਾਲ ਪੰਜਾਬ ਦੇ ਹੜ੍ਹ ਰਾਹਤ ਫੰਡ ਵਿੱਚ ਰਾਧਾਸੁਆਮੀ ਸਤਿਸੰਗ ਨੇ ਦਸ ਲੱਖ ਰੁਪਏ ਦਾ ਅੰਸ਼ਦਾਨ ਦਿੱਤਾ ਸੀ। ‘ਅਨਮੋਲ ਖ਼ਜ਼ਾਨਾ’ ਪੁਸਤਕ ਦੀ ਲੇਖਿਕਾ ਸ਼ਾਂਤੀ ਸੇਠੀ ਨੇ ਇਸ ਸੰਦਰਭ ਵਿਚ ਲਿਖਿਆ ਹੈ ਕਿ ਮਹਾਰਾਜ ਸਭ ਤੋਂ ਪਹਿਲਾਂ ਲੋਕਾਂ ਦੇ ਦੁੱਖ ਤਕਲੀਫ ਨੂੰ ਦੇਖਦੇ ਹਨ, ਬਾਕੀ ਸਭ ਪਿੱਛੋਂ। ਉਨ੍ਹਾਂ ਨੇ ਡੇਰੇ ਲਈ ਜ਼ਮੀਨ ਦੀ ਜਿੰਨੀ ਕੀਮਤ ਬਣਦੀ ਸੀ ਅਦਾ ਕੀਤੀ, ਜਦੋਂ ਕਿ ਸਰਕਾਰੀ ਜ਼ਮੀਨ ਸਰਕਾਰ ਕੋਲੋਂ ਅਲਾਟ ਕਰਵਾਈ ਜਾ ਸਕਦੀ ਸੀ। ਅਜਿਹੇ ਦਾਅਵੇ ਦੇ ਬਾਵਜੂਦ ਡੇਰੇ ਦੇ ਆਸ-ਪਾਸ ਦੇ ਕੁਝ ਪਿੰਡਾਂ ਦੇ ਲੋਕ ਸ਼ਿਕਾਇਤਾਂ ਕਰਦੇ ਹਨ ਕਿ ਡੇਰੇ ਦੇ ਪ੍ਰਬੰਧਕ ਕਥਿਤ ਧੱਕੇ ਕਰਨ ਲੱਗੇ ਹਨ, ਜ਼ਮੀਨਾਂ ’ਤੇ ਕਬਜ਼ੇ ਕਰਦੇ ਹਨ ਜਾਂ ਜ਼ਮੀਨਾਂ ਵੇਚਣ ਲਈ ਮਜਬੂਰ ਕਰਦੇ ਹਨ। ਇਸ ਸਬੰਧੀ ਕੁਝ ਕੇਸ ਅਦਾਲਤਾਂ ਵਿੱਚ ਵੀ ਚੱਲਦੇ ਦੱਸੇ ਗਏ ਹਨ। ਡੇਰਾ ਵੋਟਾਂ ਦੀ ਰਾਜਨੀਤੀ ਤੋਂ ਦੂਰ ਰਿਹਾ ਹੈ। ਇਸ ਸਬੰਧ ਵਿਚ ਡੇਰੇ ਦੇ ਤਤਕਾਲੀ ਮੁਖੀ ਕੋਲ ਰਾਜਨੀਤਕ ਆਗੂਆਂ ਨੇ ਪਹੁੰਚ ਵੀ ਕੀਤੀ, ਪਰ ਉਨ੍ਹਾਂ ਨੇ 29 ਅਕਤੂਬਰ 1989 ਨੂੰ ਡੇਰੇ ਵਿੱਚ ਭੰਡਾਰੇ ਲਈ ਜੁੜੇ ਤਿੰਨ ਲੱਖ ਦੇ ਇਕੱਠ ਸਾਹਮਣੇ ਐਲਾਨ ਕੀਤਾ, “ਹਮੇਸ਼ਾ ਚੋਣਾਂ ਤੋਂ ਪਹਿਲਾਂ ਮੈਂ ਅਰਜ਼ ਕਰਦਾ ਹਾਂ ਕਿ ਰਾਧਾਸੁਆਮੀ ਸਤਿਸੰਗ ਬਿਆਸ ਦਾ ਚੋਣਾਂ ਨਾਲ ਕਿਸੇ ਕਿਸਮ ਦਾ ਤੁਅੱਲਕ ਨਹੀਂ ਹੈ। ਵੋਟਾਂ ਤੁਹਾਡੀਆਂ ਆਪਣੀਆਂ ਹਨ। ਜਿਹਨੂੰ ਮੁਨਾਸਬ ਸਮਝਦੇ ਹੋ, ਬੜੀ ਖ਼ੁਸ਼ੀ ਨਾਲ ਵੋਟ ਦਿਓ।” ਅਜਿਹੇ ਐਲਾਨ ਦੇ ਬਾਵਜੂਦ ਡੇਰੇ ਦੇ ਪੈਰੋਕਾਰਾਂ ਵੱਲੋਂ ਕੁਝ ਹਲਕਿਆਂ ਵਿੱਚ ਕਿਸੇ ਇਕ ਪਾਰਟੀ ਦੇ ਹੱਕ ਵਿੱਚ ਭੁਗਤਣ ਦਾ ਰੁਝਾਨ ਦੇਖਣ ਨੂੰ ਮਿਲਦਾ ਰਿਹਾ ਹੈ।

ਬਿਆਸ ਸਥਿਤ ਰਾਧਾ ਸੁਆਮੀ ਸਤਿਸੰਗ ਬੇਸ਼ੱਕ ਸਿੱਧੇ ਤੌਰ ਉਤੇ ਸਿਆਸੀ ਐਲਾਨਾਂ ਤੋਂ ਦੂਰ ਰਹਿੰਦਾ ਹੈ ਪਰ ਡੇਰੇ ਉਤੇ ਸਿਆਸੀ ਆਗੂਆਂ ਦਾ ਧਿਆਨ ਲਗਾਤਾਰ ਬਣਿਆ ਹੋਇਆ ਹੈ। ਹੁਣ ਤੱਕ ਦੇ ਕਿਸੇ ਡੇਰਾ ਮੁਖੀ ਨੇ ਕਿਸੇ ਵਿਸ਼ੇਸ਼ ਸਿਆਸੀ ਪਾਰਟੀ ਦੀ ਹਮਾਇਤ ਨਹੀਂ ਕੀਤੀ ਪਰ ਮੁੱਖ ਸਿਆਸੀ ਪਾਰਟੀਆਂ ਦੇ ਆਗੂ ਅਕਸਰ ਡੇਰੇ ਦੇ ਚੱਕਰ ਲਾਉਂਦੇ ਹਨ। ਉੱਤਰੀ ਭਾਰਤ ਦੇ ਜ਼ਿਆਦਾਤਰ ਸ਼ਹਿਰਾਂ ਅਤੇ ਪਿੰਡਾਂ ਵਿੱਚੋਂ ਇਕੋ ਡਿਜ਼ਾਇਨ ਦੇ ਸਤਿਸੰਗ ਘਰਾਂ ਦੇ ਰੂਪ ਵਿੱਚ ਸਥਾਪਤ ਬਰਾਂਚਾਂ ਰਾਹੀਂ ਡੇਰੇ ਦੀ ਜ਼ਮੀਨੀ ਮਾਲਕੀ ਵਿੱਚ ਵਿਆਪਕ ਵਾਧਾ ਹੋਇਆ ਹੈ। ਪੰਜਾਬ ਦੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਡੇਰਾ ਬਿਆਸ ਵਿੱਚ ਰਾਤ ਗੁਜ਼ਾਰ ਕੇ ਆਏ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਹੋਰ ਪਾਰਟੀਆਂ ਦੇ ਆਗੂ ਵੀ ਡੇਰੇ ਦੇ ਚੱਕਰ ਲਾਉਂਦੇ ਅਕਸਰ ਦੇਖੇ ਜਾਂਦੇ ਹਨ।



# ਡੇਰਾ ਸਿਰਸਾ : ਰਾਜਸੀ ਆਗੂਆਂ ਦੀ ਵੋਟ ਸਿਆਸਤ ਨਾਲ ਲਲਚਾਈ ਖਾਮੋਸ਼ੀ ਉਧੜਨ ਲੱਗੀ

**ਜਲੰਧਰ/ਬਿਊਰੋ ਨਿਊਜ਼:** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਬਲਾਤਕਾਰ ਦੇ ਕੇਸਾਂ ਵਿਚ ਕੈਦ ਕੱਟਣ ਲਈ ਜੇਲ੍ਹ ਚਲੇ ਜਾਣ ਬਾਅਦ ਡੇਰੇ ਦੇ ਭਵਿੱਖ ਬਾਰੇ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ ਤੇ ਰਾਜਸੀ ਪਾਰਟੀਆਂ ਦੇ ਆਗੂਆਂ ਦੀ ਵੀ ਵੋਟ ਸਿਆਸਤ ਨਾਲ ਲਲਚਾਈ ਖਾਮੋਸ਼ੀ ਮੁੜ ਉਧੜਨ ਲੱਗੀ ਹੈ। ਉੱਤਰੀ ਭਾਰਤ ਵਿਚ ਡੇਰਾ ਸਿਰਸਾ ਅਜਿਹਾ ਪਹਿਲਾ ਡੇਰਾ ਸੀ ਜਿਹੜਾ ਖੁੱਲ੍ਹ ਕੇ ਸਿਆਸਤ ਖੇਡਦਾ ਰਿਹਾ ਹੈ ਤੇ ਸ਼ਰੇਆਮ ਰਾਜਸੀ ਪਾਰਟੀਆਂ ਨਾਲ ਸੌਦੇਬਾਜ਼ੀ ਵਿਚ ਪਿਆ ਨਜ਼ਰ ਆਉਂਦਾ ਰਿਹਾ ਹੈ। ਸੀਨੀਅਰ ਪੱਤਰਕਾਰ ਮੇਜਰ ਸਿੰਘ ਦੀ ਰਿਪੋਰਟ ਅਨੁਸਾਰ ਡੇਰਾ ਮੁਖੀ ਦੀ ਬਦਇਖਲਾਕੀ ਤੇ ਅਦਾਲਤੀ ਕਟਹਿਰੇ ਵਿਚ ਦਿਖਾਈ ਬੁਜ਼ਦਿਲੀ ਨੇ ਕੁਝ ਦਿਨਾਂ ਤੱਕ ਉਸ ਅੱਗੇ ਨੱਕ ਰਗੜਨ ਵਾਲੇ ਸਿਆਸਤਦਾਨਾਂ ਨੂੰ ਕੁਝ ਹੱਦ ਤੱਕ ਸ਼ਰਮਸਾਰ ਕੀਤਾ ਦਿਖਾਈ ਦਿੱਤਾ, ਪਰ ਹੁਣ ਡੇਰੇ ਦੀਆਂ ਵੋਟਾਂ ਦਾ ਮੋਹ ਫਿਰ ਉਨ੍ਹਾਂ ਅੰਦਰ 'ਡੇਰਾ ਪ੍ਰੇਮ' ਦੀ ਮੁੜ ਧੂਹ ਪਾਉਣ ਲੱਗਾ ਹੈ। ਕਾਂਗਰਸ ਦੇ ਯੂਥ ਕਾਂਗਰਸ ਦੇ ਪ੍ਰਧਾਨ ਤੇ ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਬੜਿੰਗ ਤੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਖੁੱਲ੍ਹੇਆਮ ਡੇਰੇ ਦੀ ਹਮਾਇਤ ਉੱਪਰ ਉਤਰ ਆਏ ਹਨ ਤੇ ਬਹੁਤ ਸਾਰੇ ਕਾਂਗਰਸੀਆਂ ਨੂੰ ਅੰਦਰੋ-ਅੰਦਰ ਡੇਰਾ ਪ੍ਰੇਮ ਦਾ ਮੋਹ ਸਤਾ ਰਿਹਾ ਹੈ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਚਕੂਲਾ ਜਾਂ ਹੋਰਨਾਂ ਥਾਵਾਂ ਉੱਪਰ ਹੁੱਲੜਬਾਜ਼ੀ ਕਰਨ ਗਏ ਡੇਰਾ ਹਮਾਇਤੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਜਾਂ ਰਿਆਇਤ ਨਾ ਦੇਣ ਦੇ ਕੀਤੇ ਐਲਾਨ ਕਾਰਨ ਬਹੁਤੇ ਕਾਂਗਰਸੀ ਮੂੰਹ ਖੋਲ੍ਹਣ ਲਈ ਤਿਆਰ ਨਹੀਂ। ਇਹ ਗੱਲ ਕਿਸੇ ਤੋਂ ਛੁਪੀ ਨਹੀਂ ਕਿ ਸਿੱਖਾਂ 'ਤੇ ਪੰਜਾਬ ਦੇ ਬਹੁਤ ਸਾਰੇ ਮਾਮਲਿਆਂ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਸਟੈਂਡ ਰਵਾਇਤੀ ਕਾਂਗਰਸੀਆਂ ਨਾਲੋਂ ਵੱਖ ਹੀ ਰਹਿੰਦਾ ਰਿਹਾ ਹੈ। ਸੰਨ 2004 ਵਿਚ ਦਰਿਆਈ ਪਾਣੀਆਂ ਦੇ ਸਮਝੌਤੇ ਰੱਦ ਕਰਨ ਦਾ ਕਾਨੂੰਨ ਪਾਸ ਕਰਾਉਣ ਦਾ ਫੈਸਲਾ ਬਹੁਤੇ ਕਾਂਗਰਸੀਆਂ ਨੂੰ ਹਜ਼ਮ ਨਹੀਂ ਸੀ ਹੋ ਰਿਹਾ। ਭਾਜਪਾ ਦਾ ਹਰਿਆਣਾ ਡੇਰੇ ਪ੍ਰਤੀ ਵਤੀਰਾ ਚਾਬਕ ਹੱਥ ਫੜੀ ਖੜ੍ਹੇ ਥਾਣੇਦਾਰ ਵਾਲਾ ਹੈ। ਉਹ ਡੇਰੇ ਵਾਲਿਆਂ ਨੂੰ ਕੁਸਕਣ ਵੀ ਨਹੀਂ ਦੇ ਰਹੇ, ਪਰ ਭਾਜਪਾ ਤੋਂ ਦੂਰ ਚਲੇ ਜਾਣ ਵਾਲੀ ਕਾਰਵਾਈ ਨਹੀਂ ਕਰ ਰਹੇ।



ਸਿਆਸੀ ਹਲਕਿਆਂ ਵਿਚ ਆਮ ਪ੍ਰਭਾਵ ਹੈ ਕਿ ਭਾਜਪਾ ਪੰਜਾਬ ਤੇ ਹਰਿਆਣਾ ਵਿਚ ਪਛੜੇ ਵਰਗਾਂ ਦੇ ਲੋਕਾਂ ਦੇ ਆਧਾਰ ਨੂੰ ਆਪਣੇ ਹੱਕ ਵਿਚ ਵਰਤਣ ਲਈ ਹਰ ਦਾਅ ਵਰਤ ਰਹੀ ਹੈ। ਪੰਚਕੂਲਾ ਵਿਚ ਪਹਿਲਾਂ ਇਕੱਠੇ ਹੋਣ ਦੀ ਖੁੱਲ੍ਹ ਦੇਣੀ ਤੇ ਫਿਰ ਡੇਰਾ ਮੁਖੀ ਨੂੰ ਅਦਾਲਤ ਤੱਕ ਸ਼ਾਹੀ ਕਾਰਾਂ ਦੇ ਕਾਫ਼ਲੇ ਵਿਚ ਜਾਣ ਦਾ ਮੌਕਾ ਦੇਣਾ ਤਾਂ ਡੇਰੇ ਪ੍ਰਤੀ ਭਾਜਪਾ ਦੀ ਖੁੱਲ੍ਹਦਿਲੀ ਦੀ ਖੁੱਲ੍ਹੀ ਨੁਮਾਇਸ਼ ਹੈ ਹੀ, ਪਰ ਸਾਰੇ ਘਟਨਾਕ੍ਰਮ ਤੋਂ ਬਾਅਦ ਭਾਜਪਾ ਨੇ ਡੇਰੇ ਪ੍ਰਤੀ ਕਦੇ ਕੋਈ ਸਖ਼ਤ ਰੁਖ਼ ਨਹੀਂ ਅਪਣਾਇਆ। ਉਲਟਾ ਸਗੋਂ ਭਾਰੀ ਦਬਾਅ ਦੇ ਬਾਵਜੂਦ ਅਜੇ ਤੱਕ ਨਾ ਪੁਲਿਸ ਡੇਰੇ ਵਿਚ ਗਈ ਹੈ ਤੇ ਨਾ ਹੀ ਤਲਾਸ਼ੀ ਲਈ ਗਈ ਹੈ। ਡੇਰੇ ਤੋਂ ਦੂਰ ਭਾਵੇਂ ਫੌਜ ਨੇ ਘੇਰਾਬੰਦੀ ਕਰ ਰੱਖੀ ਹੈ। ਡੇਰੇ ਦੀਆਂ ਵੋਟਾਂ ਲਈ ਅੱਡੀਆਂ ਰਗੜਨ ਵਾਲੇ ਅਕਾਲੀ ਅਜੇ ਤੱਕ ਖਾਮੋਸ਼ ਰਹਿਣ ਵਿਚ ਹੀ ਭਲਾ ਸਮਝ ਰਹੇ ਹਨ, ਪਰ ਅੰਦਰੋ-ਅੰਦਰੀ ਉਹ ਵੀ ਸੰਪਰਕ ਰੱਖ ਕੇ ਚੱਲ ਰਹੇ ਹਨ।

## ਡੇਰਾ ਰੂੰਮੀ ਨੂੰ ਸਿਰਮੌਰ ਸਿਆਸੀ ਆਗੂਆਂ ਦੀ ਸਰਪ੍ਰਸਤੀ ਹਾਸਲ

**ਪਵਨ ਗੋਇਲ**

ਪੰਜਾਬ ਦੇ ਪ੍ਰਸਿੱਧ ਡੇਰਿਆਂ ਵਿੱਚ ਪਿੰਡ ਭੁੱਚੋ ਕਲਾਂ ਦੇ 'ਡੇਰਾ ਰੂੰਮੀ ਸਾਹਿਬ' ਦਾ ਨਾਮ ਸ਼ਾਮਲ ਹੈ। 136 ਸਾਲ ਪੁਰਾਣੇ ਇਸ ਡੇਰੇ ਨੂੰ ਦੇਸ਼ ਵਿਦੇਸ਼ ਵਿੱਚ ਪ੍ਰਸਿੱਧੀ ਹਾਸਲ ਹੈ। ਇਹ ਡੇਰਾ ਸੰਨ 1881 ਵਿੱਚ ਬਾਬਾ ਹਰਨਾਮ ਸਿੰਘ ਨੇ ਸ਼ੁਰੂ ਕੀਤਾ ਸੀ ਅਤੇ ਹੁਣ ਬਾਬਾ ਸੁਖਦੇਵ ਸਿੰਘ 5ਵੇਂ ਗੱਦੀਨਸ਼ੀਨ ਵਜੋਂ ਡੇਰਾ ਸੰਭਾਲ ਰਹੇ ਹਨ। ਇਸ ਡੇਰੇ ਦਾ ਜ਼ਿਆਦਾ ਵਿਸਥਾਰ ਚੌਥੇ ਮੁਖੀ ਬਾਬਾ ਖੇਮ ਸਿੰਘ ਦੇ ਸਮੇਂ ਹੋਇਆ।

ਇਸ ਡੇਰੇ ਨੂੰ ਸਿਰਮੌਰ ਸਿਆਸੀ ਆਗੂਆਂ ਦੀ ਸਰਪ੍ਰਸਤੀ ਹਾਸਲ ਹੈ। ਇਸ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਕਾਂਗਰਸ ਨਾਲ ਸਬੰਧਤ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਗੂ ਡੇਰੇ ਦੀ ਗੱਦੀ 'ਤੇ ਮੱਥਾ ਟੇਕਦੇ ਹਨ। ਬਾਦਲ ਪਰਿਵਾਰ ਵੱਲੋਂ ਡੇਰੇ ਵਿੱਚ ਸਭ ਤੋਂ ਵੱਧ ਚੱਕਰ ਲਾਏ ਜਾਂਦੇ ਹਨ।



ਪਿੰਡ ਭੁੱਚੋ ਕਲਾਂ ਦੇ ਡੇਰਾ ਰੂੰਮੀ ਸਾਹਿਬ 'ਚ ਆਸ਼ੀਰਵਾਦ ਲੈਣ ਪੁੱਜੇ ਕੈਪਟਨ ਅਮਰਿੰਦਰ ਸਿੰਘ ਦੀ ਫਾਈਲ ਫੋਟੋ।

ਪੰਜਾਬ ਦਾ ਡਿਪਟੀ ਸਪੀਕਰ ਬਣਦਿਆਂ ਮਲੋਟ ਤੋਂ ਕਾਂਗਰਸੀ ਵਿਧਾਇਕ ਅਜੈਬ ਸਿੰਘ ਭੱਟੀ ਡੇਰੇ ਵਿੱਚ ਪੁੱਜੇ। ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਅਤੇ ਹਲਕਾ ਭੁੱਚੋ ਦੇ ਮੌਜੂਦਾ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਨੇ ਵੀ ਡੇਰਾ ਮੁਖੀ ਤੋਂ ਪ੍ਰਸ਼ਾਦ ਲਿਆ। ਕੈਪਟਨ ਅਮਰਿੰਦਰ ਸਿੰਘ ਦੀ ਪੁਰਖਿਆਂ ਤੋਂ ਇਸ ਡੇਰੇ ਵਿੱਚ ਸ਼ਰਧਾ ਹੈ। ਮਹਾਰਾਜਾ ਪਟਿਆਲਾ ਵੱਲੋਂ ਮੰਗ ਕੇ ਲਈ ਸੇਵਾ ਵਿੱਚ ਉਨ੍ਹਾਂ ਡੇਰੇ ਦਾ ਦਰਬਾਰ ਸਾਹਿਬ ਬਣਾ ਕੇ ਦਿੱਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ 2002 ਤੋਂ 2007 ਤੱਕ ਦੇ ਆਪਣੇ ਕਾਰਜਕਾਲ ਦੌਰਾਨ ਬਾਬਾ ਖੇਮ ਸਿੰਘ ਦੇ ਕਹਿਣ 'ਤੇ ਭੁੱਚੋ ਚੌਕ ਵਿਚਲੇ ਪੈਟਰੋਲ ਪੰਪਾਂ ਨੂੰ ਚੁੰਗੀ ਤੋਂ ਮੁਕਤ ਕਰਵਾਉਣ ਲਈ ਇਸ ਖੇਤਰ ਨੂੰ ਪਿੰਡ ਭੁੱਚੋ ਕਲਾਂ ਵਿੱਚ ਤਬਦੀਲ ਕਰ ਦਿੱਤਾ ਸੀ। ਹੋਰ ਸਿਆਸੀ ਲੀਡਰਾਂ ਵੱਲੋਂ ਵੀ ਡੇਰਾ ਮੁਖੀਆਂ ਦੇ ਬੋਲਾਂ 'ਤੇ ਫੁੱਲ ਚੜ੍ਹਾਏ ਜਾਂਦੇ ਹਨ। ਲੋਕ ਜਨਸ਼ਕਤੀ ਪਾਰਟੀ ਪੰਜਾਬ ਦੇ ਸੂਬਾਈ ਪ੍ਰਧਾਨ ਕਿਰਨਜੀਤ ਸਿੰਘ ਗਹਿਰੀ ਨੇ ਕਿਹਾ ਕਿ ਪਹਿਲਾਂ ਇਸ ਡੇਰੇ ਵਿੱਚ ਜਾਤੀ ਵਿਤਕਰਾ ਰੱਖਿਆ ਜਾਂਦਾ ਸੀ। ਲੋਕਾਂ ਨੂੰ ਡੇਰੇ ਅੰਦਰ ਜਾਣ ਸਮੇਂ ਉਨ੍ਹਾਂ ਦੀ ਜਾਤ ਪੁੱਛੀ ਜਾਂਦੀ ਸੀ ਅਤੇ ਦਲਿਤ ਹੋਣ 'ਤੇ ਅੰਦਰ ਜਾਣੋਂ ਰੋਕ ਦਿੱਤਾ ਜਾਂਦਾ ਸੀ। ਇਕ ਦਹਾਕਾ ਪਹਿਲਾਂ ਪਾਰਟੀ ਵੱਲੋਂ ਜਾਤੀ ਵਿਤਕਰੇ ਖ਼ਿਲਾਫ਼ ਭੁੱਚੋ ਕਲਾਂ ਵਿੱਚ ਸੰਘਰਸ਼ ਕੀਤਾ ਗਿਆ। ਹੁਣ ਕਿਸੇ ਦੀ ਜਾਤ ਨਹੀਂ ਪੁੱਛੀ ਜਾਂਦੀ ਅਤੇ ਨਾ ਕਿਸੇ ਵਿਅਕਤੀ ਨੇ ਇਸ ਸਬੰਧੀ ਕੋਈ ਸ਼ਿਕਾਇਤ ਕੀਤੀ ਹੈ।

ਡੇਰਾ ਰੂੰਮੀ ਸਾਹਿਬ ਦੇ ਮੁੱਖ ਸੇਵਾਦਾਰ ਦਲਜੀਤ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ ਡੇਰਾ ਮੁਖੀ ਬਾਬਾ ਸੁਖਦੇਵ ਸਿੰਘ ਵੱਲੋਂ ਡੇਰੇ ਵਿੱਚ ਕੋਈ ਜਾਤੀ ਵਿਤਕਰਾ ਨਹੀਂ ਹੈ। ਦਲਿਤ ਭਾਈਚਾਰੇ ਦੇ ਲੋਕ ਵੀ ਡੇਰੇ ਵਿੱਚ ਆਉਂਦੇ ਹਨ।

## ਵਿਵਾਦਾਂ ਵਿੱਚ ਬੁਰੀ ਤਰ੍ਹਾਂ ਘਿਰੀ ਹੋਈ ਹੈ ਦਮਦਮੀ ਟਕਸਾਲ

**ਦਵਿੰਦਰ ਸਿੰਘ ਭੰਗੂ**

ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਪਹਿਲੇ ਮੁਖੀ ਬਾਬਾ ਦੀਪ ਸਿੰਘ ਤੋਂ ਬਾਅਦ ਟਕਸਾਲ ਨੇ ਵੱਖ ਵੱਖ ਸਮੇਂ ਸਿੱਖੀ ਦੇ ਪ੍ਰਚਾਰ ਲਈ ਅਹਿਮ ਭੂਮਿਕਾ ਨਿਭਾਈ। ਇਸ ਦੇ ਨਾਲ ਹੀ ਮਰਿਆਦਾ ਅਤੇ ਹੋਰ ਕਈ ਸੰਤਾਂ ਨਾਲ ਸਬੰਧਾਂ ਦੇ ਮਾਮਲੇ ਵਿੱਚ ਟਕਸਾਲ ਵਿਵਾਦਾਂ ਵਿੱਚ ਵੀ ਰਹੀ ਹੈ। 1980ਵਿਆਂ ਦੌਰਾਨ ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਦਮਦਮੀ ਟਕਸਾਲ ਮਸ਼ਹੂਰ ਵੀ ਹੋਈ ਅਤੇ ਵਿਵਾਦਾਂ ਦਾ ਸ਼ਿਕਾਰ ਵੀ ਬਣੀ। ਪਰ ਪਿਛਲੇ ਕੁਝ ਸਾਲਾਂ ਦੌਰਾਨ ਸ੍ਰੀ ਅਕਾਲ ਤਖ਼ਤ ਵੱਲੋਂ ਪ੍ਰਵਾਨਤ ਮਰਿਆਦਾ ਨੂੰ ਲਾਗੂ ਨਾ ਕਰਨ, ਨਾਨਕਸ਼ਾਹੀ ਕੈਲੰਡਰ ਨਾ ਮੰਨਣ, ਦਸਮ ਗ੍ਰੰਥ ਬਾਰੇ ਵੱਖਰਾ ਸਟੈਂਡ ਲੈਣ ਤੋਂ ਇਲਾਵਾ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਉਤੇ ਹੋਏ ਹਮਲੇ ਸਮੇਤ ਕਈ ਕਾਰਨਾਂ ਕਰ ਕੇ ਦਮਦਮੀ ਟਕਸਾਲ ਬਾਰੇ ਵਿਵਾਦ ਜਾਰੀ ਹਨ। ਲੁਧਿਆਣਾ ਨੇੜੇ ਛਬੀਲ ਲਾ ਕੇ ਦਮਦਮੀ ਟਕਸਾਲ ਨਾਲ ਸਬੰਧਤ ਵਿਅਕਤੀਆਂ ਨੇ ਸੰਤ ਢੱਡਰੀਆਂ ਵਾਲੇ ਦੇ ਕਾਫ਼ਲੇ ਉਤੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਉਨ੍ਹਾਂ ਦਾ ਇਕ ਸਾਥੀ ਮਾਰਿਆ ਗਿਆ। ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਇਸ ਘਟਨਾ ਉਤੇ ਪ੍ਰਤੀਕਰਮ ਦਿੰਦਿਆਂ ਕਿਹਾ ਸੀ ਕਿ ਉਹ ਟਕਸਾਲੀ ਸਿੰਘਾਂ ਦੀ ਕੇਸ ਲੜਨ ਵਿੱਚ ਮਦਦ ਕਰਨਗੇ। ਤਤਕਾਲੀ ਅਕਾਲੀ-ਭਾਜਪਾ ਸਰਕਾਰ ਨਾਲ ਦੋਸਤਾਨਾ ਸਬੰਧ ਹੋਣ ਕਾਰਨ ਇਸ ਮਾਮਲੇ ਦੀ ਜਾਂਚ ਵੀ ਕਿਸੇ ਤਣ ਪੱਤਣ ਨਹੀਂ ਲੱਗੀ ਸੀ। ਵਿਰੋਧੀਆਂ ਦਾ ਕਹਿਣਾ ਹੈ ਕਿ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਅਮਰੀਕਾ ਦੇ ਗਰੀਨ ਕਾਰਡ ਹੋਲਡਰ ਹਨ। ਉਨ੍ਹਾਂ ਅਨੁਸਾਰ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕੁਰ ਸਿੰਘ ਦੇ 2004 ਵਿੱਚ ਚਲਾਣੇ ਤੋਂ ਪਹਿਲਾ ਦਮਦਮੀ ਟਕਸਾਲ ਦੇ ਅਗਲੇ ਜਥੇਦਾਰ ਦੀ ਚੋਣ ਸਬੰਧੀ ਹੋਈ ਗੱਲਬਾਤ ਦੌਰਾਨ ਗਿਆਨੀ ਰਾਮ ਸਿੰਘ ਸੰਗਰਾਵਾਂ ਨੂੰ ਸਾਰੀਆਂ ਸੰਸਥਾਵਾਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਪਰ ਇਕ ਨਾਟਕੀ ਮਾਹੌਲ ਵਿੱਚ ਅਮਰੀਕਾ ਤੋਂ ਲਿਆ ਕੇ ਬਾਬਾ ਧੁੰਮਾ ਦੀ ਤਾਜਪੋਸ਼ੀ ਕਰਵਾਉਣ ਦਾ ਮਾਮਲਾ ਵੀ ਚਰਚਾ ਦਾ ਵਿਸ਼ਾ ਬਣਿਆ ਰਿਹਾ। 2 ਜਨਵਰੀ 2005 ਨੂੰ ਬਾਬਾ ਧੁੰਮਾ ਨੂੰ ਦਮਦਮੀ ਟਕਸਾਲ ਮਹਿਤਾ ਦਾ ਜਥੇਦਾਰ ਬਣਾਇਆ ਗਿਆ। ਐਸਜੀਪੀਸੀ ਨੇ ਆਪਣਾ ਫੈਸਲਾ ਲੈਂਦਿਆਂ ਗਿਆਨੀ ਰਾਮ ਸਿੰਘ ਦੀ ਹਮਾਇਤ ਵਾਪਸ ਲੈ ਕੇ ਅਤੇ ਬਾਬਾ ਧੁੰਮਾ ਦੀ ਦਸਤਾਰਬੰਦੀ ਕਰ ਕੇ ਮਾਨਤਾ ਦੇ ਦਿੱਤੀ। ਇਸ ਤਰ੍ਹਾਂ ਦਮਦਮੀ ਟਕਸਾਲ ਧੜਿਆਂ ਵਿੱਚ ਵੰਡੀ ਗਈ। ਬਾਅਦ ਵਿੱਚ ਬਾਬਾ ਧੁੰਮਾ ਦੀ ਅਗਵਾਈ ਵਾਲੀ ਟਕਸਾਲ ਬਾਦਲਾਂ ਦੀ ਪੱਕੀ ਹਮਾਇਤੀ ਵਜੋਂ ਵਿਚਰਨ ਲੱਗੀ। ਅਕਤੂਬਰ 2015 ਵਿੱਚ ਬਰਗਾੜੀ ਅਤੇ ਪੰਜਾਬ ਦੀਆਂ ਹੋਰ ਥਾਵਾਂ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਹੋਈ ਬੇਅਦਬੀ ਦੇ ਮਾਮਲੇ ਸਮੇਂ ਟਕਸਾਲ ਵੱਲੋਂ ਸਰਕਾਰ ਦੇ ਪੱਖ ਵਿੱਚ ਡੱਕਾ ਸੁੱਟਣ ਨੂੰ ਬਹੁਤ ਸਾਰੀਆਂ ਪੰਥਕ ਜਥੇਬੰਦੀਆਂ ਨੇ ਚੰਗਾ ਨਹੀਂ ਸਮਝਿਆ।

## ਦੋਆਬੇ ਦੇ ਡੇਰਿਆਂ ਵਿਚ ਵੀ ਲੱਗੀ ਰਹਿੰਦੀ ਹੈ ਸਿਆਸਤਦਾਨਾਂ ਦੀ 'ਰੌਣਕ'

**ਪਾਲ ਸਿੰਘ ਨੌਲੀ**

ਪੰਜਾਬ ਦੇ ਮਾਲਮੇ ਖਿੱਤੇ ਤੋਂ ਇਲਾਵਾ ਦੋਆਬੇ ਵਿਚ ਵੀ ਡੇਰਿਆਂ ਦੀ ਭਰਮਾਰ ਹੈ। ਦੋਆਬੇ ਵਿਚ ਨੂਰਮਹਿਲ ਡੇਰਾ ਸਭ ਤੋਂ ਵੱਧ ਚਰਚਿਤ ਹੈ। ਇਹ ਡੇਰਾ ਉਦੋਂ ਸਭ ਤੋਂ ਵੱਧ ਚਰਚਾ ਵਿਚ ਆਇਆ, ਜਦੋਂ ਡੇਰੇ ਦੇ ਬਾਨੀ ਮੁਖੀ ਆਸ਼ੂਤੋਸ਼ ਦੀ 29 ਜਨਵਰੀ 2014 ਨੂੰ ਕਲੀਨੀਕਲੀ ਤੌਰ 'ਤੇ ਮੌਤ ਹੋ ਗਈ ਪਰ ਅਧਿਆਤਮਕ ਤੌਰ 'ਤੇ ਡੇਰੇ ਦੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਉਹ ਡੂੰਘੀ ਸਮਾਧੀ ਵਿਚ ਹੈ। ਪਿਛਲੇ ਕਰੀਬ ਸਾਢੇ 3 ਸਾਲ ਤੋਂ ਉਸ ਦੀ ਦੇਹ ਨੂੰ ਫਰੀਜ਼ਰ ਵਿਚ ਰੱਖਿਆ ਹੋਇਆ ਹੈ। ਇਹ ਮਾਮਲਾ ਹਾਈ ਕੋਰਟ ਵਿਚ ਵੀ ਚੱਲਿਆ ਤੇ ਆਖ਼ਰਕਾਰ ਹਾਈ ਕੋਰਟ ਨੇ ਆਸ਼ੂਤੋਸ਼ ਦੀ ਦੇਹ ਸੰਭਾਲੀ ਰੱਖਣ ਦੀ ਇਜਾਜ਼ਤ ਦੇ ਦਿੱਤੀ। ਇਸ ਡੇਰੇ ਦਾ ਸਿੱਖ ਭਾਈਚਾਰੇ ਨਾਲ ਕਈ ਵਾਰ ਟਕਰਾਅ ਹੋ ਚੁੱਕਾ ਹੈ। ਹੋਰ ਡੇਰਿਆਂ ਵਾਂਗ ਇਸ ਡੇਰੇ ਵਿਚ ਵੀ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਕਾਂਗਰਸੀ ਆਗੂ ਬਿਨਾਂ ਝਿਜਕ ਆਉਂਦੇ ਜਾਂਦੇ ਹਨ। ਇਸ ਡੇਰੇ ਬਾਰੇ ਉਦੋਂ ਵੀ ਚਰਚਾ ਛਿੜੀ ਸੀ, ਜਦੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਸੁਰਿੰਦਰ ਕੌਰ ਬਾਦਲ ਆਸ਼ੂਤੋਸ਼ ਨੂੰ ਮਿਲਣ ਗਈ ਸੀ। ਇਹ ਤਸਵੀਰ ਮੀਡੀਆ ਵਿਚ ਆਉਣ 'ਤੇ ਕਈ ਪੰਥਕ ਜਥੇਬੰਦੀਆਂ ਨੇ ਇਸ ਦੀ ਸ਼ਿਕਾਇਤ ਉਸ ਵੇਲੇ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਕੋਲ ਕੀਤੀ ਸੀ, ਜਿਸ ਦਾ ਅੱਜ ਤਕ ਕੋਈ ਫ਼ੈਸਲਾ ਨਹੀਂ ਹੋਇਆ। ਭਾਜਪਾ ਦੇ ਮੌਜੂਦਾ ਪ੍ਰਦਾਨ ਵਿਜੈ ਸਾਂਪਲਾ ਵੀ ਅਕਸਰ ਇਸ ਡੇਰੇ ਵਿਚ ਹਾਜ਼ਰੀ ਭਰਦੇ ਹਨ।

ਇਸ ਖਿੱਤੇ ਦਾ ਡੇਰਾ ਸੱਚਖੰਡ ਬੱਲਾਂ ਦਾ ਵੀ ਦਲਿਤ ਭਾਈਚਾਰੇ 'ਤੇ ਤਕੜਾ ਪ੍ਰਭਾਵ ਹੈ। ਇਹ ਡੇਰਾ ਦੁਆਬੇ ਦੀ ਸਿਆਸਤ ਨੂੰ ਗੇੜਾ ਦੇਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਮਈ 2009 ਵਿਚ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਬਾਬਾ ਨਿਰੰਜਣ ਦਾਸ ਤੇ ਬਾਬਾ ਰਾਮਾਨੰਦ 'ਤੇ ਆਸਟਰੀਆ ਦੇ ਸ਼ਹਿਰ ਵੀਆਨਾ ਵਿਚ ਜਾਨਲੇਵਾ ਹਮਲਾ ਹੋ ਗਿਆ ਸੀ। ਹਮਲੇ ਵਿਚ ਬਾਬਾ ਰਾਮਾਨੰਦ ਦਾ ਦੇਹਾਂਤ ਹੋ ਗਿਆ ਸੀ, ਜਦੋਂ ਕਿ ਬਾਬਾ ਨਿਰੰਜਣ ਦਾਸ ਗੰਭੀਰ ਜ਼ਖਮੀ ਹੋ ਗਿਆ ਸੀ। ਇਸ ਘਟਨਾ ਨਾਲ ਦੋਆਬੇ ਤੇ ਖ਼ਾਸ ਕਰ ਕੇ ਜਲੰਧਰ ਵਿਚ ਸਾੜ ਫੂਕ ਹੋਈ ਸੀ। ਜਨਵਰੀ 2010 ਵਿਚ ਡੇਰਾ ਸੱਚਖੰਡ ਬੱਲਂ ਨੇ ਬਨਾਰਸ ਤੋਂ ਨਵਾਂ ਰਵੀਦਾਸੀਆ ਧਰਮ ਬਣਾਉਣ ਦਾ ਐਲਾਨ ਕੀਤਾ ਸੀ।



ਰਵੀਦਾਸੀਆ ਧਰਮ ਨੇ ਆਪਣਾ ਨਵਾਂ 'ਅੰਮ੍ਰਿਤ ਬਾਣੀ' ਨਾਂ ਦਾ ਗ੍ਰੰਥ ਵੀ ਸਥਾਪਤ ਕਰ ਦਿੱਤਾ ਹੈ। ਇਸ ਡੇਰੇ 'ਤੇ ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਵੀ ਆਪਣੀ ਹਾਜ਼ਰੀ ਭਰ ਚੁੱਕੇ ਹਨ। ਸੱਤਾ ਵਿਚ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਡੇਰਾ ਸੱਚਖੰਡ ਬੱਲਾਂ ਵਿਚ ਹਾਜ਼ਰੀ ਭਰਦੇ ਰਹੇ ਹਨ। ਭਾਜਪਾ ਦੇ ਸੂਬਾਈ ਪ੍ਰਧਾਨ ਤੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਵੀ ਇਸ ਡੇਰੇ ਵਿਚ ਹਾਜ਼ਰੀ ਲਵਾਉਣਾ ਨਹੀਂ ਭੁੱਲਦੇ।

ਦੋਆਬੇ ਵਿਚ ਗੁਰਦੁਆਰਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਤੱਲ੍ਹਣ ਸੁਰਖੀਆਂ ਵਿਚ ਰਿਹਾ ਸੀ, ਜਦੋਂ ਇਥੋਂ ਦੀ ਪ੍ਰਬੰਧਕੀ ਕਮੇਟੀ ਨੇ ਦਲਿਤਾਂ ਨੂੰ ਮੈਂਬਰ ਬਣਾਉਣ ਤੋਂ ਨਾਂਹ ਕਰ ਦਿੱਤੀ ਸੀ। ਤੱਲ੍ਹਣ ਵਿਖੇ 2003 ਵਿਚ ਹੋਏ ਜਾਤੀ ਵਿਵਾਦ ਨੇ ਏਨਾ ਤੂਲ ਫੜ ਲਿਆ ਸੀ ਕਿ ਇਸ ਦੀ ਗੂੰਜ ਸੰਸਦ ਵਿਚ ਵੀ ਪਈ ਸੀ। ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੀ ਸਨ। ਕਾਂਗਰਸ ਹਾਈ ਕਮਾਂਡ ਵਲੋਂ ਉਸ ਵੇਲੇ ਦੇ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਡਾ. ਮਨਮੋਹਨ ਸਿੰਘ ਸਮੇਤ ਸਾਰੀ ਲੀਡਰਸ਼ਿਪ ਪੁੱਜੀ ਸੀ, ਜਿਸ ਦਾ ਤੱਲ੍ਹਣ ਦੇ ਦਲਿਤਾਂ ਨੇ ਕਾਲੇ ਝੰਡੇ ਦਿਖਾ ਕੇ ਵਿਰੋਧ ਕੀਤਾ ਸੀ। ਤੱਲ੍ਹਣ ਕਾਂਡ ਨਾਲ ਮਸ਼ਹੂਰ ਹੋਏ ਇਸ ਮਾਮਲੇ ਨੇ ਦੋਆਬੇ ਵਿਚ ਦਲਿਤਾਂ ਤੇ ਜੱਟ ਸਿੱਖਾਂ ਵਿਚ ਡੂੰਘੀ ਲੀਕ ਖਿੱਚ ਦਿੱਤੀ ਸੀ।

# ਗੁਰਮੀਤ ਰਾਮ ਰਹੀਮ ਦੀ 'ਬੁਜ਼ਦਿਲੀ' ਨੇ ਨਿਰਾਸ਼ ਕੀਤੇ ਡੇਰਾ ਪ੍ਰੇਮੀ

**ਮੇਜਰ ਸਿੰਘ**

ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵਲੋਂ ਅਦਾਲਤੀ ਕਟਹਿਰੇ 'ਚ ਖੜ੍ਹ ਕੇ ਜਾਨ ਬਖਸ਼ੀ ਲਈ ਹਾੜੇ ਕੱਢਣ ਅਤੇ ਹੰਝੂ ਕੇਰਨ ਦੀ ਬੁਜ਼ਦਿਲੀ ਤੇ ਬੇਦਿਲੀ ਦਿਖਾਉਣ ਨੇ ਡੇਰਾ ਪ੍ਰੇਮੀਆਂ ਵਿਚ ਸਭ ਤੋਂ ਵੱਡੀ ਪੱਧਰ 'ਤੇ ਨਿਰਾਸ਼ਾ ਪੈਦਾ ਕੀਤੀ ਹੈ। ਇਸ ਪੱਤਰਕਾਰ ਵੱਲੋਂ ਮਾਲਵਾ ਖੇਤਰ ਦੇ ਦੋ ਦਰਜਨ ਦੇ ਕਰੀਬ ਡੇਰਾ ਪ੍ਰੇਮੀਆਂ ਤੇ ਕੁਝ ਹੋਰ ਅਹਿਮ ਵਿਅਕਤੀਆਂ ਨਾਲ ਕੀਤੀ ਗੱਲਬਾਤ ਵਿਚ ਇਹ ਗੱਲ ਬੜੀ ਨਿੱਖਰ ਕੇ ਸਾਹਮਣੇ ਆ ਰਹੀ ਹੈ ਕਿ ਔਰਤਾਂ ਨਾਲ ਕਲੋਲਾਂ ਕਰਨ ਤੇ ਫਿਲਮੀ ਖਰਮਸਤੀਆਂ ਨੂੰ ਤਾਂ ਡੇਰਾ ਪ੍ਰੇਮੀ ਬਾਬੇ ਦੀਆਂ ਕਰਾਮਾਤੀ ਕਾਰਵਾਈਆਂ ਮੰਨ ਕੇ ਸਹਾਰਦੇ ਆ ਰਹੇ ਸਨ, ਪਰ ਸ਼ਰੇਆਮ ਸਾਹਮਣੇ ਆਈ ਬਦਇਖ਼ਲਾਕੀ ਤੇ ਪੰਚਕੂਲਾ ਤੇ ਸੁਨਾਰੀਆ ਜੇਲ੍ਹ ਵਿਚ ਲੱਗੀ ਅਦਾਲਤ ਵਿਚ ਆਪਣੇ-ਆਪ ਨੂੰ ਰੱਬ ਦੱਸਣ ਵਾਲੇ ਨੇ ਜੱਜ ਅੱਗੇ ਹੱਥ ਜੋੜ ਕੇ ਜਾਨ ਬਖ਼ਸ਼ੀ ਲਈ ਹਾੜੇ ਕੱਢਣ ਅਤੇ ਡੁਸਕਦਿਆਂ-ਡੁਸਕਦਿਆਂ ਫਰਸ਼ ਉੱਪਰ ਡਿੱਗ ਪੈਣ ਦੀਆਂ ਘਟਨਾਵਾਂ ਦਾ ਸਦਮਾ ਪ੍ਰੇਮੀਆਂ ਲਈ ਝੱਲਣਾ ਵੱਸੋਂ ਬਾਹਰ ਹੋ ਰਿਹਾ ਹੈ। ਰੱਬ ਕਹਾਉਂਦੇ ਕਿਸੇ ਵੀ ਬੰਦੇ ਦੀ ਅਜਿਹੀ ਬੁਜ਼ਦਿਲੀ ਉਪਾਸਕਾਂ ਦਾ ਦਿਲ ਦਹਿਲਾਉਣ ਵਾਲੀ ਹੁੰਦੀ ਹੈ। ਗੱਲਬਾਤ ਵਿਚ ਇਹ ਗੱਲ ਤਾਂ ਸਾਫ ਨਜ਼ਰ ਆਉਂਦੀ ਹੈ ਕਿ ਬਾਬੇ ਦੇ ਹਮਾਇਤੀਆਂ ਦਾ ਭਾਵੇਂ ਦਿਲ ਟੁੱਟਾ ਹੈ, ਪਰ ਅਜੇ ਵੀ ਮੋਹ ਭੰਗ ਨਹੀਂ ਹੋਇਆ। ਉਂਜ ਡੇਰਾ ਸਮਰਥਕ ਅੰਦਰੋ-ਅੰਦਰੀ ਬੁਰੀ ਤਰ੍ਹਾਂ ਹਿੱਲੇ ਨਜ਼ਰ ਆ ਰਹੇ ਹਨ। ਡੇਰਾ ਮੁਖੀ ਦੇ ਸਮਰਥਕ ਇਕ ਪਾਸੇ ਤਾਂ ਇਹ ਗੱਲ ਆਖ ਕੇ ਮਨ ਨੂੰ ਧਰਵਾਸ ਦੇਣ ਦਾ ਯਤਨ ਕਰਦੇ ਹਨ ਕਿ ਬਾਬੇ ਨੂੰ ਵੱਡੀ ਸਾਜਿਸ਼ ਦਾ ਸ਼ਿਕਾਰ ਬਣਾਇਆ ਗਿਆ ਹੈ, ਪਰ ਸਿਰ ਆਈ ਆਫ਼ਤ ਮੌਕੇ ਬਾਬੇ ਵਲੋਂ ਦਿਖਾਈ ਬੁਜ਼ਦਿਲੀ ਤੇ ਡਰਪੋਕਪੁਣਾ ਉਨ੍ਹਾਂ ਨੂੰ ਸ਼ਰਮਸਾਰ ਕਰਨ ਵਾਲਾ ਹੈ। ਬਠਿੰਡਾ ਜ਼ਿਲ੍ਹੇ ਵਿਚ 1500 ਦੇ ਕਰੀਬ ਵੋਟਾਂ ਵਾਲਾ ਪਿੰਡ ਕਮਾਲੂ ਡੇਰੇ ਦੇ ਪ੍ਰਭਾਵ ਵਾਲਾ ਪਿੰਡ ਸਮਝਿਆ ਜਾਂਦਾ ਰਿਹਾ ਹੈ। ਇਸ ਪਿੰਡ ਵਿਚ 4-5 ਸੌ ਲੋਕ ਬਾਬੇ ਦੇ ਸੇਵਕ ਦੱਸੇ ਜਾਂਦੇ ਹਨ। ਇਹ ਸਾਰੇ ਇਸ ਵੇਲੇ ਮਾਯੂਸੀ ਦੇ ਆਲਮ ਵਿਚ ਹਨ। ਪਿੰਡ ਦੇ ਇਕ ਪਤਵੰਤੇ ਨੇ ਦੱਸਿਆ ਕਿ ਪਹਿਲਾਂ ਜਿਵੇਂ ਬੜੇ ਮਾਣ ਨਾਲ ਉਹ ਬਾਬੇ ਬਾਰੇ ਗੱਲ ਕਰਦੇ ਸਨ, ਹੁਣ ਇਹ ਰੋਅਬ ਵਾਲੀ ਗੱਲ ਨਹੀਂ ਰਹੀ, ਸਗੋਂ ਹੁਣ ਤਾਂ ਬਹੁਤ ਸਾਰੇ ਲੋਕ ਬਾਬੇ ਬਾਰੇ ਗੱਲ ਕਰਨ ਤੋਂ ਅੱਖਾਂ ਚੁਰਾਉਣ ਲੱਗੇ ਹਨ। ਪਿੰਡ ਦੇ ਇਕ ਮੋਹਰੀ ਰਹੇ ਪ੍ਰੇਮੀ ਨਾਲ ਫੋਨ ਉੱਪਰ ਹੋਈ ਗੱਲਬਾਤ ਨੂੰ ਉਹ ਬੜੀ ਮਾਯੂਸੀ ਨਾਲ ਬਾਬੇ ਵੱਲੋਂ ਅਦਾਲਤ ਵਿਚ ਦਿਖਾਈ ਕਮਜ਼ੋਰੀ ਤੋਂ ਸਖ਼ਤ ਨਾਰਾਜ਼ ਨਜ਼ਰ ਆ ਰਹੇ ਸਨ। ਕਿਸੇ ਵੇਲੇ ਡੇਰੇ ਦੇ ਪ੍ਰਭਾਵ ਵਾਲੇ ਕਸਬਾ ਬਾਜਾਖਾਨਾ ਦਾ ਇਕ ਡੇਰਾ ਪ੍ਰੇਮੀ ਬੇਹੱਦ ਨਿਮੋਝੂਣਾ ਹੋਇਆ ਕਹਿ ਰਿਹਾ ਸੀ ਕਿ ਅਦਾਲਤ ਵਿਚ ਬਾਬੇ ਨੂੰ ਏਨਾ ਛੋਟਾ ਦਿਲ ਕਰਕੇ ਨਹੀਂ ਸੀ ਜਾਣਾ ਚਾਹੀਦਾ। ਜੇਕਰ ਕੋਈ ਮੁਸੀਬਤ ਹੀ ਆਣ ਪਈ ਸੀ ਤਾਂ ਖਿੜੇ ਮੱਥੇ ਪ੍ਰਵਾਨ ਕਰਦਾ। ਉਹ ਕਹਿ ਰਿਹਾ ਸੀ ਕਿ ਡੇਰੇ ਵਿਰੁੱਧ ਸਾਜ਼ਿਸ਼ ਤਹਿਤ ਹੀ ਪ੍ਰਚਾਰ ਕੀਤਾ ਗਿਆ ਹੈ। ਪਰ ਨਾਲ ਹੀ ਉਹ ਇਹ ਗੱਲ ਵੀ ਪ੍ਰਵਾਨ ਕਰ ਰਿਹਾ ਸੀ ਕਿ ਹੁਣ ਪਰਿਵਾਰਾਂ ਵਿਚ ਬੈਠ ਕੇ ਬਾਬੇ ਬਾਰੇ ਗੱਲ ਕਰਨ ਲੱਗਿਆਂ ਝਿਜਕ ਆਉਣ ਲੱਗ ਪਈ ਹੈ। ਡੇਰੇ ਦੇ ਪੰਜਾਬ ਦੇ ਹੈੱਡਕੁਆਰਟਰ ਸਲਾਬਤਪੁਰਾ ਦੇ ਮੁਖੀ ਸ. ਜੋਰਾ ਸਿੰਘ ਸਾਰੇ ਘਟਨਾਕ੍ਰਮ ਨੂੰ ਹੀ ਰੱਦ ਕਰਦੇ ਹਨ। ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਦਾਲਤ ਵਿਚ ਮੁਆਫੀ ਮੰਗਣ ਤੇ ਹੰਝੂ ਕੇਰਨ ਦੀ ਘਟਨਾ ਮੀਡੀਆ ਦਾ ਆਪੇ ਘੜਿਆ ਪ੍ਰਚਾਰ ਹੈ। ਉਹ ਕਹਿੰਦੇ ਹਨ ਕਿ ਅਜਿਹਾ ਹੋ ਨਹੀਂ ਸਕਦਾ ਤੇ ਨਾ ਹੋਇਆ ਹੈ। ਡੇਰਾ ਪ੍ਰੇਮੀਆਂ ਵਿਚ ਪੈਦਾ ਹੋ ਰਹੀ ਬਦਜ਼ਨੀ ਤੇ ਬੇਵਿਸ਼ਵਾਸੀ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਪੱਕੇ ਤੇ ਵਿਸ਼ਵਾਸ ਵਾਲੇ ਲੋਕ ਅਡੋਲ ਖੜ੍ਹੇ ਹਨ ਤੇ ਕੱਚੇ ਪਿੱਲੇ ਝੜ ਰਹੇ ਹਨ। ਮਾਲਵਾ ਖੇਤਰ ਦੇ ਪਿੰਡਾਂ ਤੇ ਸ਼ਹਿਰਾਂ ਵਿਚੋਂ ਕਾਫੀ ਗਿਣਤੀ ਵਿਚ ਡੇਰਾ ਸ਼ਰਧਾਲੂਆਂ ਦੇ ਬੱਚੇ ਸਿਰਸਾ ਡੇਰੇ ਵਿਖੇ ਚੱਲ ਰਹੇ ਸਕੂਲਾਂ, ਕਾਲਜਾਂ ਤੇ ਪ੍ਰੋਫੈਸ਼ਨਲ ਸੰਸਥਾਵਾਂ ਵਿਚ ਪੜ੍ਹ ਰਹੇ ਹਨ। ਇਹ ਸਾਰੀਆਂ ਸੰਸਥਾਵਾਂ ਇਸ ਵੇਲੇ ਬੰਦ ਹਨ। ਪਰ ਇਨ੍ਹਾਂ ਸੰਸਥਾਵਾਂ ਵਿਚ ਪੜ੍ਹਦੀਆਂ ਲੜਕੀਆਂ ਦੇ ਮਾਪੇ ਬੇਹੱਦ ਫਿਕਰਮੰਦ ਹਨ। ਡੇਰੇ ਵਿਚ ਬਦਇਖ਼ਲਾਕੀ ਬਾਰੇ ਛਪ ਰਹੀਆਂ ਖ਼ਬਰਾਂ ਤੋਂ ਚਿੰਤਤ ਅਜਿਹੇ ਬਹੁਤ ਮਾਪੇ ਆਪਣੀਆਂ ਲੜਕੀਆਂ ਨੂੰ ਡੇਰੇ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਪੜ੍ਹਨੋਂ ਹਟਾਉਣ ਬਾਰੇ ਸੋਚ ਰਹੇ ਹਨ। ਮਾਲਵਾ ਖੇਤਰ ਵਿਚ ਤਾਇਨਾਤ ਇਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਦੱਸਿਆ ਕਿ ਕਈ ਲੜਕੀਆਂ ਦੇ ਮਾਪਿਆਂ ਨੇ ਕਾਲਜ, ਸਕੂਲ ਬਦਲਣ ਲਈ ਉਨ੍ਹਾਂ ਤੱਕ ਪਹੁੰਚ ਵੀ ਕੀਤੀ ਹੈ।

## ਬਲਾਤਕਾਰੀ ਰਾਮ ਰਹੀਮ ਦਾ 'ਜੰਮਣਾ' ਵੀ ਝੂਠ

### *ਆਜ਼ਾਦੀ ਦਿਹਾੜੇ 'ਤੇ ਮਨਾਉਂਦਾ ਸੀ ਆਪਣਾ ਜਨਮ ਦਿਨ*

**ਡੱਬਵਾਲੀ/ਬਿਊਰੋ ਨਿਊਜ਼ :** ਬਲਾਤਕਾਰੀ ਗੁਰਮੀਤ ਰਾਮ ਰਹੀਮ ਦੀ ਜਨਮ ਮਿਤੀ, ਨਾਂ ਅਤੇ ਜਨਮ ਸਥਾਨ ਬਾਰੇ ਵੀ ਵਿਵਾਦ ਹੈ। ਡੇਰਾ ਮੁਖੀ ਦੀ ਜਨਮ ਤਰੀਕ 15 ਅਗਸਤ, 1967 ਅਤੇ ਜਨਮ ਸਥਾਨ ਪਿੰਡ ਗੁਰੂਸਰ ਮੋਡੀਆ (ਰਾਜਸਥਾਨ) ਦੱਸਿਆ ਜਾਂਦਾ ਹੈ। ਉਸ ਦਾ ਜਨਮ ਦਿਨ ਆਜ਼ਾਦੀ ਦਿਹਾੜੇ ਮੌਕੇ ਡੇਰਾ ਸੱਚਾ ਸੌਦਾ ਸਿਰਸਾ ਵਿੱਚ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਦੂਜੇ ਪਾਸੇ ਦਸਤਾਵੇਜ਼ੀ ਰਿਕਾਰਡ ਗੁਰਮੀਤ ਰਾਮ ਰਹੀਮ ਦੇ ਜਨਮ ਦੀ ਅਸਲ ਤਰੀਕ 10 ਜੁਲਾਈ, 1967 ਅਤੇ ਜਨਮ ਅਸਥਾਨ ਪਿੰਡ ਕਿੱਕਰਖੇੜਾ (ਜ਼ਿਲ੍ਹਾ ਫਿਰੋਜ਼ਪੁਰ) ਦੱਸਦਾ ਹੈ, ਜਿੱਥੇ ਉਸ ਦੇ ਨਾਨਕੇ ਹਨ। ਉਸ ਦਾ ਨਾਂਅ ਵੀ ਹਰਪਾਲ ਸੀ। ਇਹ ਖੁਲਾਸਾ ਜ਼ਿਲ੍ਹਾ ਫਿਰੋਜ਼ਪੁਰ ਦੇ ਮੈਡੀਕਲ ਰਜਿਸਟਰਾਰ (ਜਨਮ ਤੇ ਮੌਤ) ਵੱਲੋਂ ਜਾਰੀ ਜਨਮ ਸਰਟੀਫਿਕੇਟ ਨੰਬਰ 15845 ਵਿੱਚ ਹੋਇਆ ਹੈ। ਇਸ ਵਿਚ ਬੱਚੇ ਦਾ ਨਾਂਅ ਹਰਪਾਲ ਅਤੇ ਉਸ ਦੇ ਪਿਤਾ ਦਾ ਨਾਂਅ ਮੱਘਰ ਸਿੰਘ, ਮਾਤਾ ਦਾ ਨਾਂ ਨਸੀਬ ਕੌਰ ਅਤੇ ਦਾਦੇ ਦਾ ਨਾਂਅ ਚੇਤ ਸਿੰਘ ਲਿਖਿਆ ਹੈ। ਇਹ ਖੁਲਾਸਾ ਡੇਰਾ ਸਿਰਸਾ ਵਿਚ 6 ਸਾਲ ਸੇਵਾ ਕਰਨ ਵਾਲੇ ਗੁਰਦਾਸ ਸਿੰਘ ਤੂਰ ਵਾਸੀ ਸਿਰਸਾ ਨੇ ਕੀਤਾ ਹੈ। ਉਹ ਡੇਰੇ ਵਿੱਚ ਪ੍ਰਿੰਟਿੰਗ ਪ੍ਰੈੱਸ ਵਿਚ ਇੰਚਾਰਜ ਨੰਬਰ 4 ਰਿਹਾ ਸੀ। ਤੂਰ ਦਾ ਕਹਿਣਾ ਹੈ ਕਿ ਡੇਰਾ ਮੁਖੀ ਨੇ ਸ਼ਰਧਾਲੂਆਂ 'ਤੇ ਪ੍ਰਭਾਵ ਪਾਉਣ ਲਈ ਆਪਣੇ ਜਨਮ ਨੂੰ ਭਾਰਤ ਦੇ ਆਜ਼ਾਦੀ ਦਿਵਸ (15 ਅਗਸਤ) ਨਾਲ ਜੋੜ ਦਿੱਤਾ। ਉਨ੍ਹਾਂ ਕਿਹਾ ਕਿ ਉਹ 1996 ਤੋਂ 2002 ਤਕ ਡੇਰੇ ਵਿਚ ਸੇਵਾਦਾਰ ਰਿਹਾ ਪਰ ਸੱਚਾਈ ਦਾ ਪਤਾ ਲੱਗਣ 'ਤੇ ਉਸ ਨੇ ਡੇਰਾ ਤਿਆਗ ਦਿੱਤਾ। ਉਸ ਨੇ ਸੱਚ ਤਕ ਪੁੱਜਣ ਲਈ ਗੁਰਮੀਤ ਰਾਮ ਰਹੀਮ ਦੀ ਜੀਵਨੀ ਫਰੋਲਣੀ ਸ਼ੁਰੂ ਕੀਤੀ ਅਤੇ ਪਿੰਡ ਗੁਰੂਸਰ ਮੋਡੀਆ ਦੇ ਸ਼ਿਵਜੰਟ ਸਿੰਘ ਨੇ ਰਾਮ ਰਹੀਮ ਦੀ ਜਨਮ ਤਰੀਕ ਦੀ ਹਕੀਕਤ ਬਾਰੇ ਦੱਸਿਆ। ਤੂਰ ਅਨੁਸਾਰ ਕੁਝ ਸਮੇਂ ਬਾਅਦ ਸ਼ਿਵਜੰਟ ਸਿੰਘ ਦਾ ਕਤਲ ਹੋ ਗਿਆ ਸੀ। ਉਸ ਨੇ ਕਾਫ਼ੀ ਮੁਸ਼ੱਕਤ ਬਾਅਦ ਫਿਰੋਜ਼ਪੁਰ ਤੋਂ ਰਿਕਾਰਡ ਹਾਸਲ ਕੀਤਾ। ਉਸ ਨੇ ਅਜਮੇਰ ਤੋਂ ਗੁਰਮੀਤ ਰਾਮ ਰਹੀਮ ਦੇ 10ਵੀਂ ਜਮਾਤ ਦੇ ਸਰਟੀਫਿਕੇਟ ਦੀ ਕਾਪੀ ਕਢਵਾਈ, ਜਿਸ ਵਿੱਚ ਉਸ ਦੀ ਜਨਮ ਤਰੀਕ 15 ਅਗਸਤ 1967 ਦਰਸਾਈ ਗਈ ਹੈ। ਸਰਟੀਫਿਕੇਟ ਅਨੁਸਾਰ ਗਣਿਤ ਵਿਸ਼ੇ ਵਿਚੋਂ ਫੇਲ੍ਹ ਹੋਣ ਕਾਰਨ ਗੁਰਮੀਤ ਦੀ ਮੈਟਰਿਕ ਵਿਚੋਂ ਕੰਪਾਰਟਮੈਂਟ ਸੀ। ਸੂਤਰਾਂ ਮੁਤਾਬਕ ਸਿੱਖਿਆ ਬੋਰਡ ਦੇ ਰਿਕਾਰਡ ਦੀ ਪੜਤਾਲ ਹੋਣ 'ਤੇ ਦਸਤਾਵੇਜ਼ਾਂ ਵਿਚ ਜਨਮ ਤਰੀਕ ਨਾਲ ਕਥਿਤ ਛੇੜਛਾੜ ਉਜਾਗਰ ਹੋਣ ਦੀ ਸੰਭਾਵਨਾ ਹੈ।


ਜਨਮ ਸਰਟੀਫਿਕੇਟ / Birth Certificate

ਗੁਰਮੀਤ ਰਾਮ ਰਹੀਮ ਦੇ ਜਨਮ ਸਰਟੀਫਿਕੇਟ ਦੀ ਫੋਟੋ।

## ਡੇਰਾ ਮੁਖੀ ਨੂੰ ਮੁਆਫ਼ ਕਰਨ ਵਾਲੇ ਜਥੇਦਾਰ ਮੁਆਫ਼ੀ ਮੰਗਣ : ਦਲ ਖ਼ਾਲਸਾ




ਦਲ ਖਾਲਸਾ ਦੀ ਮੀਟਿੰਗ ਦੀ ਇਕ ਝਲਕ।

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਡੇਰਾ ਪ੍ਰੇਮੀਆਂ ਨੂੰ ਘਰ ਵਾਪਸੀ ਦੀ ਕੀਤੀ ਗਈ ਅਪੀਲ 'ਤੇ ਪ੍ਰਤੀਕਰਮ ਕਰਦਿਆਂ ਦਲ ਖ਼ਾਲਸਾ ਨੇ ਗਿਆਨੀ ਗੁਰਬਚਨ ਸਿੰਘ ਨੂੰ ਕਿਹਾ ਹੈ ਕਿ ਉਹ ਪਹਿਲਾਂ ਆਪਣੀ ਘਰ-ਵਾਪਸੀ ਕਰਵਾਉਣ। ਉਨ੍ਹਾਂ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਗੁਰਮਤਿ ਵਿਰੋਧੀ ਡੇਰੇਦਾਰ ਗੁਰਮੀਤ ਰਾਮ ਰਹੀਮ ਨੂੰ ਮੁਆਫ਼ ਕਰਨ ਦੀ ਆਪਣੀ ਗਲਤੀ ਮੰਨਣ, ਸੰਸਥਾ ਦੇ ਵੱਕਾਰ ਅਤੇ ਮਰਿਆਦਾ ਨੂੰ ਢਾਹ ਲਾਉਣ ਲਈ ਖ਼ਾਲਸਾ ਪੰਥ ਤੋਂ ਖਿਮਾ ਯਾਚਨਾ ਮੰਗਣ ਅਤੇ ਅਸਤੀਫ਼ਾ ਦੇਣ।

ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੌਜੂਦਾ ਜਥੇਦਾਰ ਸਿੱਖ ਪੰਥ ਵਿੱਚ ਆਪਣਾ ਵੱਕਾਰ ਅਤੇ ਵਿਸ਼ਵਾਸ ਗੁਆ ਚੁੱਕੇ ਹਨ ਅਤੇ ਪੰਥ ਇਨ੍ਹਾਂ ਨੂੰ ਰੱਦ ਕਰ ਚੁੱਕਾ ਹੈ। ਉਹ ਜਲਦੀ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੂੰ ਮਿਲ ਕੇ ਇਸ ਸਬੰਧੀ ਕੌਮੀ ਚਿੰਤਾ ਅਤੇ ਆਪਣਾ ਪੱਖ ਰੱਖਣਗੇ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਪੰਥ ਦੀ ਇਸ ਵੇਦਨਾ ਨੂੰ ਨਾ ਸਮਝਿਆ ਅਤੇ ਜਥੇਦਾਰ ਨੂੰ ਨਾ ਬਦਲਿਆ ਤਾਂ ਉਹ ਇਸ ਮੁੱਦੇ 'ਤੇ ਸੰਘਰਸ਼ ਤੇਜ਼ ਕਰਨਗੇ।

ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸੋਚ-ਢੰਗ ਅਤੇ ਕੰਮਕਾਜ ਵਿੱਚ ਇਨਕਲਾਬੀ ਬਦਲਾਅ ਲਿਆਉਣ ਅਤੇ ਅਕਾਲ ਤਖ਼ਤ 'ਤੇ ਬੇਮੁਹਤਾਜ਼ ਅਤੇ ਨਿਡਰ ਸ਼ਖ਼ਸੀਅਤ ਦੀ ਨਿਯੁਕਤੀ ਅਤੇ ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਦੀ ਲੋੜ ਹੈ, ਜਿਨ੍ਹਾਂ ਕਰਕੇ ਲੋਕ ਸਿੱਖੀ ਦੀ ਮੁੱਖ ਧਾਰਾ ਨੂੰ ਛੱਡਕੇ ਮਨਮਤੀ ਡੇਰਿਆਂ ਵੱਲ ਜਾ ਰਹੇ ਹਨ।

ਉਨ੍ਹਾਂ ਸਪਸ਼ਟ ਕੀਤਾ ਕਿ ਜਥੇਦਾਰ ਬਦਲਣ ਲਈ ਸ਼੍ਰੋਮਣੀ ਕਮੇਟੀ ਨੂੰ ਕਹਿਣ ਦਾ ਇਹ ਅਰਥ ਨਾ ਲਿਆ ਜਾਵੇ ਕਿ ਉਨ੍ਹਾਂ ਕਮੇਟੀ ਵੱਲੋਂ ਆਪ-ਮੁਹਾਰੇ ਜਥੇਦਾਰ ਲਾਉਣ ਦੀ ਪਿਰਤ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਬਦਲਣ ਅਤੇ ਨਵੀਂ-ਨਿਯੁਕਤੀ ਲਈ ਪੰਥਕ ਸੰਸਥਾਵਾਂ ਅਤੇ ਪਾਰਟੀਆਂ ਨੂੰ ਭਰੋਸੇ ਵਿੱਚ ਲਿਆ ਜਾਵੇ।

## ਡੇਰਾ ਪ੍ਰੇਮੀਆਂ ਦੀਆਂ ਮੌਤਾਂ ਲਈ ਕਿਸ ਦੀ ਜ਼ਿੰਮੇਵਾਰੀ ਤੈਅ ਹੋਵੇਗੀ ?

**ਤਰਲੋਚਨ ਸਿੰਘ**

ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਲੋਂ 25 ਅਗਸਤ ਨੂੰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਬਲਾਤਾਕਰ ਕੇਸ ਵਿਚ ਦੋਸ਼ੀ ਕਰਾਰ ਦੇਣ ਮਗਰੋਂ ਪੰਚਕੂਲਾ ਤੇ ਸਿਰਸਾ ਵਿਚ ਹੋਈ ਹਿੰਸਾ ਦੌਰਾਨ 38 ਡੇਰਾ ਪ੍ਰੇਮੀ ਮਾਰੇ ਗਏ। ਇਸ ਵਿਵਾਦ ਤੋਂ ਅਹਿਮ ਸਵਾਲ ਇਹ ਉਪਜਦਾ ਹੈ ਕਿ ਇਨ੍ਹਾਂ ਮੌਤਾਂ ਲਈ ਜ਼ਿੰਮੇਵਾਰ ਕੌਣ ਹੈ ?

ਹਰਿਆਣਾ ਸਰਕਾਰ ਵਲੋਂ 38 ਡੇਰਾ ਪ੍ਰੇਮੀਆਂ ਦੀ ਮੌਤ ਲਈ ਜ਼ਿੰਮੇਵਾਰ, ਭੀੜ ਵਿਚ ਘੁਸਪੈਠ ਕਰੀ ਬੈਠੇ ਗੁੰਡਾ ਅਨਸਰਾਂ ਨੂੰ ਮੰਨਿਆ ਜਾ ਰਿਹਾ ਹੈ, ਜਦੋਂ ਕਿ ਡੇਰੇ ਵਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਪੁਲੀਸ ਨੇ ਮਾਸੂਮ ਪ੍ਰੇਮੀਆਂ ਨੂੰ ਕੋਹ ਕੋਹ ਕੇ ਮਾਰਿਆ।



ਹਰਿਆਣਾ ਦੀ ਪੁਲੀਸ ਤੇ ਪ੍ਰਸ਼ਾਸਨ ਦੋਸ਼ ਲਾ ਰਿਹਾ ਹੈ ਕਿ ਇਸ ਲਈ ਮੁੱਖ ਤੌਰ 'ਤੇ ਡੇਰਾ ਮੁਖੀ ਦਾ ਗੁੰਡਾ ਦਲ ਜ਼ਿੰਮੇਵਾਰ ਹੈ। ਪੁਲੀਸ ਦੀ ਦਲੀਲ ਹੈ ਕਿ ਡੇਰਾ ਮੁਖੀ ਨੇ ਸਾਜ਼ਿਸ਼ ਤਹਿਤ ਪੰਚਕੂਲਾ ਵਿਚ ਵੱਡੀ ਭੀੜ ਇਕੱਠੀ ਕਰ ਕੇ ਇਹ ਸਭ ਕੁਝ ਕਰਵਾਇਆ ਹੈ। ਇਸ ਦੇ ਨਾਲ ਹੀ ਡੇਰਾ ਮੁਖੀ ਨੂੰ ਪੁਲੀਸ ਘੇਰੇ ਵਿਚ ਫ਼ਰਾਰ ਕਰਨ ਦੀ ਯੋਜਨਾ ਵੀ ਘੜੀ ਸੀ। ਇਸ ਤਹਿਤ ਪੰਚਕੂਲਾ ਪੁਲੀਸ ਨੇ ਜਿੱਥੇ ਡੇਰਾ ਮੁਖੀ ਦੇ ਗੰਨਮੈਨਾਂ (ਹਰਿਆਣਾ ਪੁਲੀਸ ਦੇ ਮੁਲਾਜ਼ਮਾਂ) ਵਿਰੁੱਧ ਦੇਸ਼ ਧ੍ਰੋਹ ਦੇ ਕੇਸ ਦਰਜ ਕਰ ਲਏ ਹਨ, ਉਥੇ ਡੇਰਾ ਮੁਖੀ ਦੀ ਗੋਦ ਲਈ ਧੀ ਹਨੀਪ੍ਰੀਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਦੋਸ਼ ਲਾਏ ਹਨ ਕਿ ਡੇਰ ਮੁਖੀ ਨੇ ਫਰਾਰ ਹੋਣ ਲਈ 'ਗੁਪਤ ਕੋਡ' ਰੱਖੇ ਸਨ। ਹੁਣ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਸਮੇਤ ਨਿਆਂਪਾਲਿਕਾ ਅਤੇ ਹੋਰ ਧਿਰਾਂ ਪੁਲੀਸ ਦੀਆਂ ਗੋਲੀਆਂ ਨਾਲ ਮਰੇ 38 ਪ੍ਰੇਮੀਆਂ ਨੂੰ ਗੁੰਡੇ ਗਰਦਾਨਣ ਨਾਲ ਸੁਰਖ਼ਰੂ ਹੋ ਗੀਆਂ ਹਨ। ਇੰਨੀ ਵੱਡੀ ਗਿਣਤੀ ਵਿਚ ਭੀੜ ਇਕੱਠੀ ਹੋਣ ਦੇਣ, ਗੁਰਮੀਤ ਰਾਮ ਰਹੀਮ ਦੇ ਵੱਡੇ ਕਾਫ਼ਲੇ ਨਾਲ ਕਚਹਿਰੀ ਪੁੱਜਣ 'ਤੇ ਹਿੰਸਾ ਪੈਦਾ ਕਰਨ ਵਿਚ ਸਰਕਾਰ, ਪ੍ਰਸ਼ਾਸਨ ਤੇ ਪੁਲੀਸ ਦੀ ਭੂਮਿਕਾ ਦੀ ਜਾਂਚ ਦੀ ਲੋੜ ਉਤੇ ਵੀ ਪਰਦਾ ਪਾ ਦਿੱਤਾ ਗਿਆ ਹੈ। ਸੂਤਰਾਂ ਅਨੁਸਾਰ ਡੇਰਾ ਮੁਖੀ ਨੇ ਆਪਣੀ ਗੋਦ ਲਈ ਧੀ ਹਨੀਪ੍ਰੀਤ ਨੂੰ ਉਸ ਦੀ ਦੇਖਭਾਲ ਲਈ ਉਸ ਨਾਲ ਜੇਲ੍ਹ ਵਿਚ ਰੱਖਣ ਦੀ ਦੁਹਾਈ ਤਾਂ ਪਾਈ ਪਰ ਇਸ ਕਾਂਡ ਵਿਚ ਮਾਰੇ ਪ੍ਰੇਮੀਆਂ ਦੇ ਪਰਿਵਾਰਾਂ ਦੀ ਮਦਦ ਬਾਰੇ ਕੁਝ ਨਹੀਂ ਕਿਹਾ। ਹਰਿਆਣਾ ਪੁਲੀਸ ਵਲੋਂ ਹਿੰਸਾ ਭੜਕਾਉਣ ਅਤੇ ਡੇਰਾ ਮੁਖੀ ਨੂੰ ਪੁਲੀਸ ਹਿਰਾਸਤ ਵਿਚ ਫ਼ਰਾਰ ਕਰਵਾਉਣ ਦੇ ਯਤਨਾਂ ਦੇ ਦੋਸ਼ਾਂ ਤਹਿਤ ਡੇਰੇ ਦੇ ਪੰਜ ਬੁਲਾਰਿਆਂ, ਬਾਬੇ ਦੇ ਗੰਨਮੈਨਾਂ ਤੇ ਹੋਰਾਂ ਵਿਰੁੱਧ ਦੇਸ਼ ਧ੍ਰੋਹ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਲਏ ਗਏ ਹਨ।

ਕਾਂਗਰਸ ਵੀ ਡੇਰਾ ਪ੍ਰੇਮੀਆਂ ਦੇ ਮੁੱਦੇ ਉਤੇ ਵੰਡੀ ਦਿਖਾਈ ਦੇ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਹਿੰਸਾ ਵਿਚ ਮਰੇ ਡੇਰਾ ਪ੍ਰੇਮੀਆਂ ਦੇ ਪਰਿਵਾਰਾਂ ਦੀ ਪੰਜਾਬ ਸਰਕਾਰ ਕੋਈ ਮਦਦ ਨਹੀਂ ਕਰੇਗੀ, ਜਦੋਂ ਕਿ ਕੈਪਟਨ ਦੀ ਕੈਬਨਿਟ ਦੇ ਸੀਨੀਅਰ ਮੰਤਰੀ ਬ੍ਰਹਮ ਮਹਿੰਦਰਾ ਵਲੋਂ ਡੇਰਾ ਪ੍ਰੇਮੀਆਂ ਬਾਰੇ ਹਮਦਰਦੀ ਵਾਲਾ ਬਿਆਨ ਦਿੱਤਾ ਗਿਆ, ਜੋ ਅੰਦਰੂਨੀ ਦਬਾਅ ਕਰਕੇ ਇਕ ਘੰਟੇ ਵਿਚ ਹੀ ਵਾਪਸ ਲੈ ਲਿਆ ਗਿਆ। ਇਸ ਦੌਰਾਨ ਕਾਂਗਰਸ ਦੇ ਵਿਧਾਇਕ ਰਾਜਾ ਵੜਿੰਗ ਵੀ ਇਕ ਮ੍ਰਿਤਕ ਪ੍ਰੇਮੀ ਦੇ ਘਰ ਅਫ਼ਸੋਸ ਕਰਨ ਗਏ ਹਨ। ਇਸ ਦੌਰਾਨ ਅਕਾਲ ਤਖ਼ਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਡੇਰਾ ਪ੍ਰੇਮੀਆਂ ਨੂੰ 'ਭੁੱਲੜ ਸਿੱਖ' ਮੰਨਦਿਆਂ ਘਰ ਵਾਪਸੀ ਦੀ ਅਪੀਲ ਕੀਤੀ ਜਾ ਰਹੀ ਹੈ ਪਰ ਇਨ੍ਹਾਂ ਸੰਸਥਾਵਾਂ ਵਲੋਂ ਅਜੇ ਵੀ ਇਹ ਪੜਚੋਲ ਨਹੀਂ ਕੀਤੀ ਜਾ ਰਹੀ ਕਿ ਸਿੱਕ ਡੇਰਿਆਂ ਦੇ ਲੜ ਕਿਉਂ ਲੱਗ ਰਹੇ ਹਨ। ਪਿੰਡਾਂ ਵਿਚ ਜਾਤਾਂ ਦੇ ਆਧਾਰ 'ਤੇ ਗੁਰਦੁਆਰੇ ਅਤੇ ਸ਼ਮਸ਼ਾਨ ਘਾਟ ਬਣਨ ਕਾਰਨ ਚੱਲ ਰਹੀ ਨਾਬਰਾਬਰੀ ਦੀ ਬੁਰਾਈ ਵੀ ਡੇਰਿਅਾਂ ਅਤੇ 'ਅਖੌਤੀ ਬਾਬਿਆਂ' ਲਈ ਵਰਦਾਨ ਸਾਬਤ ਹੋ ਰਹੀ ਹੈ। ਪੰਜਾਬ ਤੇ ਹਰਿਆਣਾ ਵਿਚ ਡੇਰਾ ਕਾਂਡ ਕਾਰਨ ਸਰਕਾਰੀ ਅਤੇ ਪ੍ਰਾਈਵੇਟ ਜਾਇਦਾਦਾਂ ਦੇ ਹੋਏ ਨੁਕਸਾਨ ਦੀ ਭਰਪਾਈ ਡੇਰਾ ਸੱਚਾ ਸੌਦਾ ਦੀ ਜਾਇਦਾਦ ਕੁਰਕ ਕਰ ਕੇ ਕਰਨ ਦਾ ਫ਼ੈਸਲਾ ਹੋਇਆ ਹੈ। ਹਿੰਸਾ ਵਿਚ ਮਰੇ 38 ਪ੍ਰੇਮੀਆਂ ਦੇ ਪਰਿਵਾਰਾਂ ਨੂੰ ਵੀ ਡੇਰੇ ਦੀ ਜਾਇਦਾਦ ਦੀ ਕੁਰਕੀ ਰਾਹੀਂ ਵਿੱਤੀ ਰਾਹਤ ਦੇਣੀ ਨਹੀਂ ਬਣਦੀ ? ਇਹ ਸਵਾਲ ਅਜੇ ਵੀ ਖੜ੍ਹੇ ਹਨ।

ਅੰਮ੍ਰਿਤਸਰ ਟਾਈਮਜ਼
AMRITSAR TIMES
06 ਸਤੰਬਰ 2017 ਤੋਂ 12 ਸਤੰਬਰ 2017

# ਲੋਕ ਆਵਾਜ਼ ਉੱਤੇ ਘਾਤਕ ਹਮਲਾ

## *ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦਾ ਕਤਲ ਕਾਲੇ ਦਿਨਾਂ ਦਾ ਸੂਚਕ*

ਦੁਨੀਆ ਭਰ ਵਿੱਚ ਭਾਰਤ ਦੀ ਆਈ ਟੀ ਰਾਜਧਾਨੀ ਵਜੋਂ ਜਾਣੇ ਜਾਂਦੇ ਬੈਂਗਲੂਰੂ ਸ਼ਹਿਰ ਵਿੱਚ ਹਥਿਆਰਬੰਦ ਅਣਪਛਾਤੇ ਵਿਅਕਤੀਆਂ ਵਲੋਂ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਨਾਲ ਭਾਰਤ ਦੇ ਰਾਜਸੀ ਤੇ ਸਮਾਜਿਕ ਮਾਹੌਲ ਬਾਰੇ ਗੰਭੀਰ ਸਵਾਲ ਅਤੇ ਫ਼ਿਕਰ ਖੜ੍ਹੇ ਹੋ ਗਏ ਹਨ। ਦੁੱਖ ਦੀ ਗੱਲ ਇਹ ਕਿ ਅਪਣੇ ਸਮਾਜਿਕ ਸਰੋਕਾਰਾਂ ਤੇ ਲੋਕ ਪੱਖੀ ਸਰਗਰਮੀਆਂ ਕਾਰਨ ਆਮ ਲੋਕਾਂ ਵਲੋਂ ਸਤਿਕਾਰੀ ਤੇ ਪਿਆਰੀ ਜਾਂਦੀ ਮਹਿਲਾ ਪੱਤਰਕਾਰ ਦੇ ਕਾਤਲਾਂ ਨੇ ਮੰਗਲਵਾਰ ਨੂੰ ਸ਼ਹਿਰ ਦੇ ਘੁੱਗ ਵਸਦੇ ਇਲਾਕੇ ਵਿਚਲੇ ਉਸਦੇ ਰਾਜਾ ਰਾਜੇਸ਼ਵਰੀ ਨਗਰ ਸਥਿੱਤ ਘਰ ਵਿਖੇ ਸ਼ਾਮੀਂ ਕਰੀਬ ਸਾਢੇ ਸੱਤ ਵਜੇ ਬੇਰਹਿਮੀ ਨਾਲ ਗੋਲੀਆਂ ਮਾਰੀਆਂ। ਬਹੁਤ ਹੀ ਨਿਧੜਕ ਅਤੇ ਅਪਣੀਆਂ ਲਿਖਤਾਂ ਰਾਹੀਂ ਹਿੰਦੂਤਵੀ ਫਿਰਕੂ ਅਨਸਰਾਂ ਨਾਲ ਟੱਕਰ ਲੈਣ ਵਾਲੀ ਗੌਰੀ ਲੰਕੇਸ਼ ਕੰਨੜ ਮੈਗਜ਼ੀਨ "ਲੰਕੇਸ਼ ਪੱਤ੍ਰਿਕਾ" ਦੀ ਸੰਪਾਦਕ ਹੋਣ ਦੇ ਨਾਲ ਰਾਜਸੀ ਤੇ ਸਮਾਜਿਕ ਤੌਰ ਉੱਤੇ ਬਹੁਤ ਹੀ ਸਰਗਰਮ ਸੀ। ਉਸ ਨੂੰ ਹਿੰਦੂਤਵ ਬ੍ਰਿਗੇਡ ਦੀ ਆਲੋਚਕ ਵਜੋਂ ਜਾਣਿਆ ਜਾਂਦਾ ਸੀ। ਕਰਨਾਟਕ ਦੇ ਜਾਣੇ-ਮਾਣੇ ਪੱਤਰਕਾਰ ਤੇ ਲੇਖਕ ਪੀ. ਲੰਕੇਸ਼ ਦੀ ਬੇਟੀ ਨੂੰ ਹਨੇਰੀਆਂ ਤਾਕਤਾਂ ਨਾਲ ਜੂਝਣ ਦੀ ਸ਼ਕਤੀ ਗੁੜ੍ਹਤੀ ਵਿਚ ਹੀ ਮਿਲੀ।

ਅਪਣੀਆਂ ਲਿਖਤਾਂ ਅਤੇ ਕਾਰਜ਼ਾਂ ਰਾਹੀਂ ਦੱਬੇ ਕੁਚਲੇ ਵਰਗਾਂ, ਘੱਟ ਗਿਣੀਆਂ, ਦਲਿਤਾਂ, ਕਬਾਇਲੀਆਂ ਅਤੇ ਨਕਸਲਵਾਦੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੀ ਗੌਰੀ ਲੰਕੇਸ਼ ਲਗਾਤਾਰ ਹਿੰਦੂ ਕੱਟੜਵਾਦੀਆਂ ਦਾ ਨਿਸ਼ਾਨਾ ਰਹੀ। ਇੱਥੋਂ ਤੱਕ ਕਿ ਭਾਜਪਾ ਦੇ ਇੱਕ ਪਾਰਲੀਮੈਂਟ ਮੈਂਬਰ ਨੇ ਉਸਨੂੰ ਉਸਦੇ ਲੋਕ ਪੱਖੀ ਕੰਮਾਂ ਤੋਂ ਰੋਕਣ ਦੇ ਮਨਸ਼ੇ ਨਾਲ ਕਾਨੂੰਨੀ ਤੌਰ ਉੱਤੇ ਉਲਝਾਈ ਰੱਖਣ ਲਈ ਉਸ ਵਿਰੁਧ ਮਾਣ ਹਾਨੀ ਦਾ ਕੇਸ ਵੀ ਪਾਇਆ। ਪਰ ਅਜਿਹੇ ਕੇਸਾਂ ਦੀ ਪ੍ਰਵਾਹ ਨਾ ਕਰਦਿਆਂ ਉਹ ਅਪਣੇ ਰਾਹ ਤੋਂ ਪਾਸੇ ਨਹੀਂ ਹਟੀ। ਤਨੋਂ ਮਨੋਂ ਲੋਕਾਂ ਨੂੰ ਸਮਰਪਿਤ ਹੋਣ ਕਾਰਨ ਗੌਰੀ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ ਬੜੇ ਬਾਰਸੂਖ ਇਲਾਕੇ ਵਿਚਲੇ ਅਪਣੇ ਘਰ ਵਿੱਚ ਇਕੱਲੀ ਰਹਿ ਰਹੀ ਸੀ।

ਅਗਾਂਹਵਧੂ ਰਾਜਸੀ ਆਗੂਆਂ, ਸਮਾਜਿਕ ਸਖ਼ਸ਼ੀਅਤਾਂ, ਸੰਪਾਦਕਾਂ, ਪੱਤਰਕਾਰਾਂ, ਕਲਾਕਾਰਾਂ ਅਤੇ ਆਮ ਲੋਕਾਂ ਨੇ ਇਸ ਹਤਿਆ ਪਿੱਛੇ ਫਿਰਕੂ ਸ਼ਕਤੀਆਂ ਦਾ ਸਪੱਸ਼ਟ ਹੋਣ ਦਾ ਖਦਸ਼ਾ ਪ੍ਰਗਟਾਉਂਦਿਆਂ ਕਿਹਾ ਕਿ ਇਹ ਕਾਰਵਾਈ ਲੋਕ ਪੱਖੀ ਸਮਾਜਿਕ ਕਾਰਕੁਨਾਂ ਦੀ ਆਵਾਜ਼ ਬੰਦ ਕਰਨ ਦੀ ਕੋਝੀ ਕਾਰਵਾਈ ਹੈ।

ਕਿਸੇ ਸਮੇਂ ਧਰਮ ਨਿਰਪੇਖਤਾ, ਲੋਕਰਾਜੀ ਕਦਰਾਂ ਕੀਮਤਾਂ ਦੀ ਕਦਰ ਕਰਨ ਤੋਂ ਇਲਾਵਾ ਕੌਮਾਂਤਰੀ ਪੱਧਰ ਉੱਤੇ ਗੁਟਬੰਦੀ ਤੋਂ ਨਿਰਲੇਪ ਰਹਿਣ ਕਾਰਨ ਜਾਣੇ ਜਾਂਦੇ ਭਾਰਤ ਵਿੱਚ ਹੁਣ ਨਾ ਤਾਂ ਧਰਮ ਨਿਰਪੇਖਤਾ ਦਾ ਕੋਈ ਅੰਸ਼ ਬਚਦਾ ਨਜ਼ਰ ਆਉਂਦਾ ਤੇ ਨਾ ਹੀ ਲੋਕ ਰਾਜ ਨਾਂਅ ਦੀ ਕੋਈ ਚੀਜ਼ ਦਿਸਦੀ ਹੈ। ਧਾਰਮਿਕ ਘੱਟ ਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਨੂੰ ਦੇਸ਼ ਦੇ ਸੰਵਿਧਾਨ ਅਨੁਸਾਰ ਜਿਹੜੇ ਅਧਿਕਾਰ ਅਤੇ ਸਹੂਲਤਾਂ ਮਿਲੀਆਂ ਸਨ , ਉਹ ਪਿਛਲੇ ਕੁਝ ਸਮੇਂ ਤੋਂ ਮਹਿਜ਼ ਕਾਗਜ਼ਾਂ ਵਿੱਚ ਵੀ ਬੰਦ ਹੋ ਕੇ ਰਹਿ ਗਈਆਂ ਹਨ। ਪਿਛਲੇ ਕੁਝ ਵਰ੍ਹਿਆਂ ਖ਼ਾਸ ਤੌਰ ਉੱਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੌਮੀ ਜਮਹੂਰੀ ਅਲਾਇੰਸ (ਐਡੀਏ) ਸਰਕਾਰ ਦੇ ਸੱਤਾ ਸੰਭਾਲਣ ਬਾਅਦ ਹਿੰਦੂਤਵੀ ਅਨਸਰਾਂ ਦਾ ਬੋਲ ਬਾਲਾ ਦਿਨ ਬਦਿਨ ਵੱਧਣ ਕਾਰਨ ਆਮ ਲੋਕਾਂ ਦਾ ਜਿਉਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਲੋਕ ਪੱਖੀ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਕਲਾਕਰਾਂ ਤੇ ਹੋਰਨਾਂ ਸਮਾਜਿਕ ਕਾਰਕੁਨਾਂ ਦੀ ਆਵਾਜ਼ ਦਬਾਉਣ ਲਈ ਹਿੰਦੂਤਵੀ ਅਤੇ ਪਿਛਾਂਹਖਿੱਚੂ ਸ਼ਕਤੀਆਂ ਹਰ ਹੀਲਾ ਵਰਤ ਰਹੀਆਂ ਹਨ। ਇੱਥੋ ਤੱਕ ਕਿ ਲੋਕ ਹਿੱਤਾਂ ਲਈ ਲੜਣ ਅਤੇ ਆਵਾਜ਼ ਬੁਲੰਦ ਕਰਨ ਵਾਲਿਆਂ ਦੇ ਕਤਲ ਆਮ ਜਿਹੀ ਗੱਲ ਬਣਦੇ ਨਜ਼ਰ ਆ ਰਹੇ ਹਨ। ਗੌਰੀ ਲੰਕੇਸ਼ ਦਾ ਕਤਲ ਇਸ ਖ਼ਤਰਨਾਕ ਲੜੀ ਦੇ ਲਗਾਤਾਰ ਜਾਰੀ ਰਹਿਣ ਦਾ ਸੰਕੇਤ ਹੈ।

ਭਾਵੇਂ ਕਰਨਾਟਕ ਦੇ ਮੁੱਖ ਮੰਤਰੀ ਸਿਧਾਰਮੱਈਆ ਨੇ ਗੌਰੀ ਲੰਕੇਸ਼ ਦੀ ਹਤਿਆ ਦੀ ਕਰੜੀ ਨਿਖੇਧੀ ਕਰਦਿਆਂ ਇਸਨੂੰ ਲੋਕ ਰਾਜ ਦਾ ਕਤਲ ਕਰਾਰ ਦਿੰਦਿਆਂ ਕਿਹਾ ਕਿ ਕਾਤਲਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ ਪਰ ਸਵਾਲ ਤਾਂ ਇਹ ਹੈ ਕਿ ਲੋਕਾਂ ਦੀ ਹੱਕਾਂ ਲਈ ਲੜਣ ਵਾਲਿਆਂ ਦੀ ਜਾਨ ਮਾਲ ਦੀ ਰਾਖ਼ੀ ਕੌਣ ਕਰੇਗਾ।

ਬੇਖ਼ੌਫ, ਸਾਫ਼ ਦਿਲ ਅਤੇ ਦ੍ਰਿੜ ਇਰਾਦੇ ਵਾਲੀ 65 ਸਾਲਾ ਪੱਤਰਕਾਰ ਸੱਚ ਉੱਤੇ ਪਹਿਰਾ ਦੇਣ ਵਾਲੇ ਭਾਰਤ ਦੇ ਪੱਤਰਕਾਰਾਂ ਲਈ ਚਾਨਣਮੁਨਾਰਾ ਸਮਝੀ ਜਾਂਦੀ ਸੀ। ਇਸੇ ਲਈ ਗੌਰੀ ਦੇ ਕਤਲ ਨੇ ਪੱਤਰਕਾਰਤਾ ਦੇ ਖੇਤਰ ਵਿੱਚ ਗਹਿਰੀ ਉਦਾਸੀ ਤੇ ਸੁੰਨ ਵਰਤਾ ਦਿੱਤੀ ਹੈ। ਉੱਘੀ ਪੱਤਰਕਾਰ ਨਲਿਨੀ ਸਿੰਘ ਦੇ ਸ਼ਬਦਾਂ ਵਿੱਚ "ਗੌਰੀ ਲੰਕੇਸ਼ ਦਾ ਕਤਲ ਪੱਤਰਕਾਰ ਭਾਈਚਾਰੇ ਦੇ ਦਿਲ ਵਿੱਚ ਗਹਿਰਾ ਛੇਕ ਹੈ ਜਿਹੜਾ ਗੰਭੀਰ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਅਸੀਂ ਹਨੇਰੇ ਯੁਗ ਵਿੱਚ ਵੱਲ ਧੱਕੇ ਜਾ ਰਹੇ ਹਾਂ ?"

ਧਰਮ ਦੇ ਨਾਂਅ ਹੇਠ ਜਨੂੰਨਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਹਾਕਮਾਂ ਦੇ ਮਨਸੂਬੇ ਬੜੇ ਖ਼ਤਰਨਾਕ ਅਤੇ ਉਨ੍ਹਾਂ ਵਲੋਂ ਪਾਲ ਕੇ ਰੱਖੇ ਹੋਏ ਕਾਤਲ ਬੜੇ ਤਾਤਕਵਰ ਹਨ। ਨਿਸਚੇ ਹੀ ਭਾਰਤ ਵਿਚਲੇ ਅਗਾਂਹ ਵਧੂ ਸੋਚਣੀ ਵਾਲੇ ਤੇ ਲੋਕ ਰਾਜੀ ਕਦਰਾਂ ਕੀਮਤਾਂ ਦੇ ਮੁਦੱਈਆਂ ਦੇ ਮੋਢਿਆਂ ਉੱਤੇ ਮੈਦਾਨ ਵਿੱਚ ਡੱਟਣ ਦੀ ਜੁੰਮੇਵਾਰੀ ਪਹਿਲਾਂ ਨਾਲੋਂ ਵੱਧ ਚੁਣੌਤੀ ਬਣ ਕੇ ਉੱਭਰੀ ਹੈ। ਹਾਲ ਦੀ ਘੜੀ ਗੌਰੀ ਦੇ ਕਤਲ ਵਿਰੁਧ ਭਾਰਤ ਭਰ ਵਿੱਚ ਪੱਤਰਕਾਰਾਂ ਤੇ ਹੋਰਨਾਂ ਵਲੋਂ ਕੀਤੇ ਜਾ ਰਹੇ ਰੋਹ ਮੁਜ਼ਾਹਰੇ ਲੋਕ ਆਵਾਜ਼ ਦੇ ਜਿਉਂਦਾ ਹੋਣ ਦੇ ਸੰਕੇਤ ਹਨ। ਸ਼ਾਲਾ ਇਹ ਅਵਾਜ਼ਾਂ ਸਦਾ ਬੁਲੰਦ ਰਹਿਣ...ਗੂੰਜਦੀਆਂ ਤੇ ਕਾਲੇ ਮਨਸੂਬਿਆਂ ਵਾਲੇ ਕਾਤਲਾਂ ਨੂੰ ਵੰਗਾਰਦੀਆਂ...

# ਕੀ ਸੱਚਮੁੱਚ ਮੁੱਕ ਗਿਆ ਹੈ ਡੇਰੇ ਦਾ ਤਾਮ-ਝਾਮ ?

**ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਿਸੇ ਵੀ ਪਾਰਟੀ ਭਾਵ ਭਾਜਪਾ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਇਨੈਲੋ, 'ਆਪ' ਦੇ ਕਿਸੇ ਵੀ ਵੱਡੇ ਨੇਤਾ, ਜਿਸ ਦਾ ਇਸ ਖੇਤਰ ਵਿੱਚ ਚੋਣਾਂ ਨਾਲ ਸਬੰਧ ਹੈ, ਨੇ ਡੇਰਾ ਸਿਰਸਾ ਖਿਲਾਫ਼ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਨ ਦੀ ਹਿੰਮਤ ਨਹੀਂ ਵਿਖਾਈ। ਸਪਸ਼ਟ ਹੈ ਕਿ ਕੋਈ ਵੀ ਇਨ੍ਹਾਂ ਪਾਰਟੀਆਂ ਦਾ ਨੇਤਾ ਭਵਿੱਖ ਵਿੱਚ ਇਸ ਡੇਰੇ ਨਾਲ ਚੋਣਾਂ ਸਬੰਧੀ ਸੌਦੇਬਾਜ਼ੀ ਕਰਨ ਤੋਂ ਇਨਕਾਰ ਨਹੀਂ ਕਰ ਰਿਹਾ। ਕੇਵਲ ਇੰਨਾ ਹੀ ਨਹੀਂ ਕਿ ਸਾਡੀਆਂ ਸਿਆਸੀ ਪਾਰਟੀਆਂ ਮੌਕਾਪ੍ਰਸਤੀ ਖ਼ਾਤਰ ਕਦਰਾਂ-ਕੀਮਤਾਂ ਦੇ ਪੱਧਰ 'ਤੇ ਸਮਝੌਤਾ ਕਰ ਗਈਆਂ ਹਨ, ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਹ ਪਾਰਟੀਆਂ ਐਨੀਆਂ ਕਮਜ਼ੋਰ ਹੋ ਚੁੱਕੀਆਂ ਹਨ ਕਿ ਇਹ ਚੋਣਾਂ ਸਮੇਂ ਜਿੱਤਣ ਲਈ ਛੋਟੇ ਤੋਂ ਛੋਟੇ ਵੋਟ ਬੈਂਕ ਉਪਰ ਵੀ ਨਿਰਭਰ ਹੋਣ ਲਗ ਪਈਆਂ ਹਨ।**

**ਯੋਗੇਂਦਰ ਯਾਦਵ**



ਗੁਰਮੀਤ ਰਾਮ ਰਹੀਮ ਨੂੰ ਸਜ਼ਾ ਹੋਣ ਨਾਲ ਸਾਨੂੰ ਸਾਰਿਆਂ ਨੂੰ ਆਤਮ ਸੰਤੁਸ਼ਟੀ ਮਿਲੀ ਹੈ। 'ਅਖੌਤੀ ਬਾਬਾ' ਬੇਪਰਦ ਹੋ ਗਿਆ ਹੈ ਅਤੇ ਉਸ ਦਾ ਸਾਰਾ ਤਾਮ-ਝਾਮ ਖਤਮ ਹੋਣ ਕਿਨਾਰੇ ਹੈ। ਇਸ ਘਟਨਾ ਨਾਲ ਸਿਆਸਤਦਾਨਾਂ ਤੇ ਬਾਬਿਆਂ ਦਾ ਘੱਟੋ-ਘੱਟ ਇਕ ਨਿੱਘਾ ਨਾਪਾਕ ਗੱਠਜੋੜ ਤਾਂ ਟੁੱਟਿਆ। ਸਰਕਾਰ ਨੇ ਕਾਨੂੰਨ ਤੋੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ। ਆਖ਼ਿਰਕਾਰ ਪਛੜ ਕੇ ਹੀ ਸਹੀ, ਕਾਨੂੰਨ ਦੇ ਲੰਬੇ ਹੱਥਾਂ ਨੇ ਨਾਮੀ-ਗਿਰਾਮੀ ਅਪਰਾਧੀ ਨੂੰ ਦਬੋਚ ਲਿਆ। ਪ੍ਰਭਾਵ ਇਹੀ ਬਣਦਾ ਹੈ ਕਿ ਇਹ ਸਹੀ ਦਿਸ਼ਾ ਵੱਲ ਕਦਮ ਹੈ।

ਪਰ ਮੈਂ ਇਸ ਆਸ਼ਾਵਾਦ ਨਾਲ ਸਹਿਮਤ ਨਹੀਂ। ਇਸ ਦੀ ਵਜ੍ਹਾ ਹੈ ਕਿ ਇਹ ਬਹੁਤ ਛੋਟਾ ਤੇ ਕੰਮ-ਚਲਾਊ ਕਦਮ ਹੈ ਅਤੇ ਇਸ ਮਾਮਲੇ ਵਿੱਚ ਅਵੇਸਲਾਪਣ ਦਿਖਾਉਣ ਦੀ ਗੁੰਜਾਇਸ਼ ਹੀ ਨਹੀਂ। ਸਿਰਸਾ ਦੇ ਡੇਰਾਮੁਖੀ ਨੂੰ ਅਜੇ ਹੇਠਲੀ ਅਦਾਲਤ ਨੇ ਹੀ ਦੋਸ਼ੀ ਠਹਿਰਾਇਆ ਹੈ, ਉਹ ਛੇਤੀ ਜੇਲ੍ਹ ਤੋਂ ਬਾਹਰ ਵੀ ਆ ਸਕਦਾ ਹੈ। ਉਸ ਕੋਲ ਦੋ ਉੱਚ ਅਦਾਲਤਾਂ ਵਿੱਚ ਜਾਣ ਦਾ ਬਦਲ ਬਾਕੀ ਹੈ। ਇਹ ਜ਼ਰੂਰ ਹੈ ਕਿ ਅਪੀਲਾਂ ਦਾ ਅੰਤਿਮ ਨਿਪਟਾਰਾ ਹੋਣ ਵਿੱਚ ਦੇਰ ਲੱਗਣੀ ਹੈ। ਉਹ ਜੇਲ੍ਹ ਵਿੱਚ ਵੀ ਰਹਿ ਸਕਦਾ ਹੈ, ਪਰ ਸਾਨੂੰ ਸ਼ਸ਼ੀਕਲਾ ਤੇ ਸੰਜੇ ਦੱਤ ਦੇ ਤਜਰਬੇ ਯਾਦ ਕਰਾਉਂਦੇ ਹਨ ਕਿ ਜੇਲ੍ਹਾਂ ਦੇ ਅੰਦਰ ਵੀ ਵੀਆਈਪੀ ਦਖ਼ਲ ਕਿਵੇਂ ਹੁੰਦੇ ਹਨ- ਵਿਸ਼ੇਸ਼ ਸਹੂਲਤਾਂ, ਲੰਬੀਆਂ ਹਸਪਤਾਲ ਫੇਰੀਆਂ, ਅਸਾਧਾਰਨ ਪੈਰੋਲਾਂ ਤੇ ਹੋਰ ਕੀ ਕੁਝ ਨਹੀਂ।

ਮੇਰੇ ਵਾਸਤੇ 'ਰਾਮ ਰਹੀਮ' ਕਾਂਡ ਸਿਲਸਿਲੇਵਾਰ ਮਿਲੀਆਂ ਅਸਫ਼ਲਤਾਵਾਂ ਹਨ। ਪਿਛਲੇ ਇਕ ਹਫਤੇ ਦੌਰਾਨ ਇਨ੍ਹਾਂ ਅਸਫਲਤਾਵਾਂ ਨੇ ਅਪਰਾਧਿਕ ਨਿਆਂ ਪ੍ਰਣਾਲੀ, ਪ੍ਰਸ਼ਾਸਕੀ ਸੰਸਥਾਵਾਂ, ਸਿਆਸੀ ਪਾਰਟੀਆਂ ਅਤੇ ਰੂਹਾਨੀ ਸਰਪ੍ਰਸਤੀ ਦੀਆਂ ਖ਼ਾਮੀਆਂ ਨੂੰ ਉਘਾੜਿਆ ਹੈ। ਅਸੀਂ ਕੁਝ ਵਿਅਕਤੀਆਂ ਜਾਂ ਕਿਸ਼ਤਾਂ ਵਿੱਚ ਮਿਲੀ ਸਫਲਤਾ ਬਾਰੇ ਤਾਂ ਬਹੁਤ ਗੱਲਾਂ ਕਰਦੇ ਹਾਂ ਪ੍ਰੰਤੂ ਅਹਿਮ ਤੇ ਸਮੂਹਕ ਅਸਫ਼ਲਤਾ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਜਿਸ ਹਫ਼ਤੇ ਨਿਆਂਪਾਲਿਕਾ ਨੇ ਅਹਿਮ ਫੈਸਲਿਆਂ ਰਾਹੀਂ ਆਪਣਾ ਵੱਕਾਰ ਬੁਲੰਦੀ 'ਤੇ ਪਹੁੰਚਾਇਆ, ਉਸ ਹਫਤੇ ਦਾ ਲੇਖਾ-ਜੋਖਾ ਕਰਦਿਆਂ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਅਸਫਲ ਕਹਿਣਾ ਉੱਚਿਤ ਨਹੀਂ ਹੋਵੇਗਾ। ਹਰੇਕ ਨੇ ਪੰਚਕੂਲਾ ਦੀ ਸੀਬੀਆਈ ਅਦਾਲਤ ਦੇ ਜੱਜ ਜਗਦੀਪ ਸਿੰਘ ਵੱਲੋਂ ਵਿਖਾਈ ਹਿੰਮਤ ਤੇ ਕੀਤੇ ਨਿਆਂ ਦੀ ਪ੍ਰਸੰਸਾ ਕੀਤੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਬਹੁਤੇ ਨਾਗਰਿਕਾਂ, ਜੋ ਸਿਰਫ ਪੰਚਕੂਲਾ ਵਿੱਚ ਹੀ ਨਹੀਂ ਰਹਿੰਦੇ, ਦਾ ਸੰਵਿਧਾਨ ਵਿੱਚ ਭਰੋਸਾ ਬਹਾਲ ਕੀਤਾ ਹੈ। ਅਜਿਹਾ ਇਸੇ ਹਫਤੇ ਸੁਪਰੀਮ ਕੋਰਟ ਵਿੱਚ ਵੀ ਵਾਪਰਿਆ, ਜਿਸ ਨੇ ਇਕਦਮ ਦਿੱਤੇ ਜਾਂਦੇ ਤੀਹਰੇ ਤਲਾਕ ਨੂੰ ਹੀ ਰੱਦ ਨਹੀਂ ਕੀਤਾ ਸਗੋਂ ਨਿੱਜਤਾ ਦੇ ਅਧਿਕਾਰਾਂ ਤਹਿਤ ਨਾਗਰਿਕਾਂ ਦੀ ਵਿਅਕਤੀਗਤ ਆਜ਼ਾਦੀ ਦੀ ਰੱਖਿਆ ਦਾ ਵੀ ਫੈਸਲਾ ਦਿੱਤਾ, ਜਿਸ ਦੇ ਦੂਰ-ਰਸ ਸਿੱਟੇ ਹਨ।

ਇਥੇ ਕੁਝ ਹੋਰ ਕਹਿਣਾ ਵੀ ਉੱਚਿਤ ਹੋਵੇਗਾ ਜਦੋਂ ਇਕ ਜੱਜ ਵੱਲੋਂ ਇਮਾਨਦਾਰੀ ਅਤੇ ਬੇਖ਼ੌਫ਼ੀ ਨਾਲ ਡਿਊਟੀ ਨਿਭਾਈ ਗਈ ਤਾਂ ਪੂਰੇ ਦੇਸ਼ ਨੇ ਉਸ ਨੂੰ ਸਰਾਹਿਆ। ਜਦੋਂ ਦੋਸ਼ੀ ਡੇਰਾ ਸਿਰਸਾ ਦੇ ਮੁਖੀ ਵਰਗਾ ਸ਼ਕਤੀਸ਼ਾਲੀ ਹੋਵੇ, ਉਦੋਂ ਨਿਆਂ ਕਰਨਾ ਸੌਖਾ ਨਹੀਂ ਹੁੰਦਾ। ਅਸੀਂ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਡੇਰਾ ਸਿਰਸਾ ਦੇ ਮੁਖੀ ਖਿਲਾਫ਼ ਪਹਿਲੀ ਸ਼ਿਕਾਇਤ ਮਿਲਣ ਬਾਅਦ ਪੰਦਰਾਂ ਸਾਲ ਅਤੇ ਉਸ ਸ਼ਿਕਾਇਤ ਦੇ ਆਧਾਰ 'ਤੇ ਦਰਜ ਹੋਏ ਕੇਸ ਉਪਰ ਸੁਣਵਾਈ ਸ਼ੁਰੂ ਹੋਣ ਬਾਅਦ ਨਿਆਂ ਮਿਲਣ ਨੂੰ ਦਸ ਸਾਲ ਲੱਗ ਗਏ। ਇਹ ਘਟਨਾਕ੍ਰਮ ਸਾਨੂੰ ਯਾਦ ਦੁਆਉਂਦਾ ਹੈ ਕਿ ਸਾਡੀ ਨਿਆਂ-ਪ੍ਰਣਾਲੀ ਨੂੰ ਉਸ ਸਮੇਂ ਕਿਵੇਂ ਧੱਕਾ ਪਹੁੰਚਦਾ ਹੈ ਜਦੋਂ ਪੀੜਤ ਦੇ ਮਨ ਵਿੱਚ ਘਟਨਾ ਦੇ ਇਕਦਮ ਬਾਅਦ ਪੁਲੀਸ ਕੋਲ ਪਹੁੰਚ ਕਰਨ ਲਈ ਕਿਵੇਂ ਹਿਚਕਚਾਹਟ ਹੁੰਦੀ ਹੈ; ਪਹਿਲੀ ਸ਼ਿਕਾਇਤ ਮਿਲਣ 'ਤੇ ਦੋਸ਼ੀ ਖਿਲਾਫ਼ ਕਾਰਵਾਈ ਤੋਂ ਕਿਵੇਂ ਨਾਂਹ ਹੁੰਦੀ ਹੈ; ਬਹਾਦਰ ਪੱਤਰਕਾਰ ਦੇ ਮੌਤ ਕਿਨਾਰੇ ਪਹੁੰਚਣ 'ਤੇ ਤਿੰਨ ਹਫਤੇ ਬਾਅਦ ਤੱਕ ਵੀ ਉਸ ਦੇ ਬਿਆਨ ਦਰਜ ਨਹੀਂ ਕੀਤੇ ਜਾਂਦੇ ਅਤੇ ਹੋਰ ਵੀ ਕਈ ਅੜਿੱਕੇ ਅਉਂਦੇ ਹਨ। ਸ਼ਕਤੀਸ਼ਾਲੀ ਵਿਅਕਤੀ ਕਾਨੂੰਨ ਨੂੰ ਤੋੜ ਮਰੋੜ ਕੇ ਆਪਣੇ ਹੱਕ ਵਿੱਚ ਭੁਗਤਾ ਲੈਂਦੇ ਹਨ। ਇਹ ਸਾਰਾ ਕੁਝ ਇਤਫਾਕਨ ਵਾਪਰਿਆ। ਨਿਡਰ ਪੀੜਤਾ ਦੀ ਨਿੱਡਰਤਾ, ਜਾਂਚ ਕਰਨ ਵਿੱਚ ਇਮਾਨਦਾਰ ਤੇ ਇਕ ਨਿਆਂ ਪਸੰਦ ਜੱਜ ਹੋਣ ਸਦਕਾ ਡੇਰਾ ਸਿਰਸਾ ਮੁਖੀ ਨੂੰ ਅਦਾਲਤ ਨੇ ਕਟਹਿਰੇ ਵਿੱਚ ਲਿਆ ਕੇ ਇਨਸਾਫ਼ ਕੀਤਾ ਹੈ। ਕੋਈ ਚੰਗਾ ਵਕੀਲ ਤੁਹਾਨੂੰ ਇਹੀ ਕਹੇਗਾ ਕਿ ਇਹ ਤਾਂ ਲਾਟਰੀ ਵਾਂਗ ਹੋਇਆ ਹੈ।

ਪੰਚਕੂਲਾ ਵਿੱਚ ਡੇਰਾ ਮੁਖੀ ਕੇਸ ਦੇ ਫੈਸਲੇ ਤੋਂ ਉਸ ਨੂੰ ਸਜ਼ਾ ਸੁਣਾਏ ਜਾਣ ਦੇ ਦਿਨ ਤਕ ਪ੍ਰਸ਼ਾਸਨ ਦੀ ਸਾਹਮਣੇ ਉੱਘੜ ਕੇ ਆਈ ਅਸਫ਼ਲਤਾ ਇਕ ਨਵੀਂ ਨਿਵਾਣ ਛੂਹ ਗਈ ਸੀ। 25 ਅਗਸਤ ਨੂੰ ਹਿੰਸਾ ਹੋ ਸਕਦੀ ਹੈ, ਇਸ ਬਾਰੇ ਪਹਿਲਾਂ ਹੀ ਪਤਾ ਲਗ ਗਿਆ ਸੀ। ਤਰੀਕ, ਸਮਾਂ, ਸਥਾਨ ਤੇ ਅਦਾਕਾਰ ਵੀ ਧਿਆਨ ਵਿੱਚ ਸਨ। ਅਤੇ ਜੋ ਕੁਝ ਵਾਪਰਿਆ, ਉਸ ਨੂੰ ਸਿਆਸੀ ਇੱਛਾ ਸ਼ਕਤੀ ਦੀ ਘਾਟ ਅਤੇ ਕਾਨੂੰਨ ਵਿਵਸਥਾ ਦੇ ਬੁਨਿਆਦੀ ਪ੍ਰੋਟੋਕੋਲ ਦੀ ਪਾਲਣਾ ਕਰਨ ਤੋਂ ਜਾਣ-ਬੁੱਝ ਕੇ ਇਨਕਾਰ ਕਰਨਾ ਕਿਹਾ ਜਾ ਸਕਦਾ ਹੈ ਹਾਲਾਂਕਿ ਇਨ੍ਹਾਂ ਦੀ ਪੰਜਾਬ ਵਿੱਚ ਪਾਲਣਾ ਕੀਤੀ ਗਈ। ਇਸ ਕਾਂਡ ਨੇ ਸੰਸਥਾਗਤ ਕਮੀਆਂ ਨੂੰ ਵੀ ਉਜਾਗਰ ਕੀਤਾ ਹੈ।

ਜੇ ਹਰਿਆਣਾ ਸਰਕਾਰ ਦੇ ਸਮੇਂ ਸਿਰ ਹਰਕਤ ਵਿੱਚ ਨਾ ਆਉਣ ਨੇ ਇਸ ਦੀ ਅਸਫਲਤਾ ਦੇ ਇਕ ਪੱਖ ਨੂੰ ਉਜਾਗਰ ਕੀਤਾ ਤਾਂ ਇਸ ਤੋਂ ਬਾਅਦ ਇਸ ਵੱਲੋਂ ਕੀਤੀ ਕਾਰਵਾਈ ਨੇ ਇਸ ਦੇ ਦੂਜੇ ਪੱਖ ਨੂੰ ਵੀ ਉਘਾੜਿਆ ਹੈ। ਡੇਰਾ ਸਮਰਥਕਾਂ ਨੂੰ ਘੱਟ ਅਹਿਮੀਅਤ ਦਿੰਦਿਆਂ 38 ਵਿਅਕਤੀਆਂ ਦੀਆਂ ਮੌਤਾਂ ਉਪਰ ਕਿਸੇ ਨੇ ਖੁੱਲ੍ਹ ਕੇ ਅਜੇ ਤੱਕ ਸਵਾਲ ਹੀ ਨਹੀਂ ਕੀਤਾ। ਇਹ ਮੌਤਾਂ ਹਾਲ ਹੀ ਵਿੱਚ ਵਾਪਰੀ ਕਿਸੇ ਵੀ ਇਕ ਹਿੰਸਕ ਘਟਨਾ ਦੌਰਾਨ ਹੋਈਆਂ ਮੌਤਾਂ ਮੁਕਾਬਲੇ ਬਹੁਤ ਜ਼ਿਆਦਾ ਹਨ। ਆਪਹੁਦਰੀ ਭੀੜ ਨਾਲ ਨਿਪਟਣ ਲਈ ਤਾਕਤ ਦੀ ਵਰਤੋਂ ਦੀ ਪ੍ਰਵਾਨਗੀ ਦੇਣਾ ਜ਼ਰੂਰੀ ਸੀ ਪਰ ਇਹ ਸਵਾਲ ਅਜੇ ਵੀ ਕਾਇਮ ਹੈ ਕਿ ਕੀ ਸਿੱਧੀ ਗੋਲੀ ਚਲਾਉਣ ਤੋਂ ਪਹਿਲਾਂ ਇਸ ਬਾਰੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੀ ਗਈ ? ਕੀ ਭੀੜ ਨੂੰ ਖਿੰਡਾਉਣ ਲਈ ਤਸੱਲੀਬਖਸ਼ ਤੇ ਪ੍ਰਭਾਵੀ ਚਿਤਾਵਨੀਆਂ ਦਿੱਤੀਆਂ ਗਈਆਂ ਸਨ। ਕੀ ਉਨ੍ਹਾਂ ਨੂੰ ਇਹ ਦੱਸ ਦਿੱਤਾ ਗਿਆ ਸੀ ਕਿ ਜੇ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ ? ਕੀ ਸਿੱਧੀ ਗੋਲੀ ਚਲਾਉਣ ਤੋਂ ਪਹਿਲਾਂ ਕਾਨੂੰਨ ਅਨੁਸਾਰ ਵਰਤੇ ਜਾਂਦੇ ਸਾਰੇ ਢੰਗ-ਤਰੀਕੇ ਅਮਲ ਵਿੱਚ ਲਿਆਂਦੇ ਗਏ ਸਨ ਜਿਵੇਂ ਅੱਥਰੂ ਗੈਸ ਤੇ ਜਲ ਤੋਪਾਂ ਦੀ ਵਰਤੋਂ, ਹਵਾਈ ਫਾਇਰਿੰਗ, ਰਬੜ ਦੀਆਂ ਗੋਲੀਆਂ ਚਲਾਉਣਾ ਵਗੈਰਾ ਵਗੈਰਾ। ਇਹ ਵੀ ਕਿ ਜੇ ਸਿੱਧੀ ਗੋਲੀ ਚਲਾਉਣ ਦੀ ਨੌਬਤ ਆ ਜਾਏ ਤਾਂ ਸਰੀਰ ਦੇ ਹੇਠਲੇ ਹਿੱਸੇ ਭਾਵ ਲੱਤਾਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕਰਨਾ, ਜਿਵੇਂ ਕਿ ਇਸ ਦੀ ਲੋੜ ਸੀ। ਸਾਰੇ ਘਟਨਾਕ੍ਰਮ ਨੂੰ ਮਿਲਾ ਕੇ ਵੇਖਿਆ ਜਾਵੇ ਤਾਂ ਹਰਿਆਣਾ ਸਰਕਾਰ ਦੀ ਅਪਰਾਧਿਕ ਘਟਨਾਕ੍ਰਮ ਨਾਲ ਨਿਪਟਣ ਵਿੱਚ ਸਿਥਲਤਾ ਦੀ ਤਸਵੀਰ ਉਘੜ ਕੇ ਸਾਹਮਣੇ ਆਉਂਦੀ ਹੈ। ਇਹ ਤਸਵੀਰ ਬਹੁਤ ਉਦਾਸ ਕਰਨ ਵਾਲੀ ਹੈ। ਭਾਰਤ ਸਰਕਾਰ ਕੋਲ ਸੁਰੱਖਿਆ ਮੁਲਾਜ਼ਮ, ਉਨ੍ਹਾਂ ਦੀ ਵਰਤੋਂ ਵਾਲਾ ਸਾਮਾਨ ਅਤੇ ਇੱਛਾ ਤਾਂ ਹਨ ਪ੍ਰੰਤੂ

**ਬਾਕੀ ਸਫ਼ਾ 36 'ਤੇ**

# ਮੁੱਕਦੇ ਜਾ ਰਹੇ ਹਨ ਭਾਜਪਾ ਲਈ ਅੱਛੇ ਦਿਨ

**ਭਾਜਪਾ ਦੇ ਸਦੀਵੀ ਸਿਆਸੀ ਵਿਰੋਧੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੀ ਬਵਾਨਾ ਜ਼ਿਮਨੀ ਚੋਣ ਵਿੱਚ ਫ਼ੈਸਲਾਕੁਨ ਜਿੱਤ ਹਾਸਲ ਕੀਤੀ ਹੈ; ਇੰਜ ਕੇਜਰੀਵਾਲ ਨੂੰ ਲਾਂਭੇ ਕਰਨ ਦੇ ਭਾਜਪਾ ਦੇ ਯਤਨਾਂ ਨੂੰ ਢਾਹ ਲੱਗੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜੀਐੱਸਟੀ ਲਾਗੂ ਹੋਣ ਤੋਂ ਬਾਅਦ ਗ਼ੈਰਰਸਮੀ ਖੇਤਰ ਵਿੱਚ ਬਹੁਤ ਸਾਰੀਆਂ ਨੌਕਰੀਆਂ ਚਲੀਆਂ ਗਈਆਂ ਹਨ; ਤੇ ਇਸ ਦਾ ਨੁਕਸਾਨ ਪੂਰਵਾਂਚਲ ਦੇ ਨਿਵਾਸੀਆਂ ਨੂੰ ਹੋਇਆ ਹੈ। ਉਨ੍ਹਾਂ ਦੀ ਨਿਰਾਸ਼ਾ ਕੇਜਰੀਵਾਲ ਲਈ ਆਸ਼ਾ ਬਣ ਉੱਭਰੀ।**




**ਕੇ.ਸੀ. ਸਿੰਘ**

ਭਾਰਤੀ ਜਨਤਾ ਪਾਰਟੀ ਲਈ ਪਿਛਲਾ ਪੰਦਰਵਾੜ੍ਹਾ ਸਿਆਸੀ ਤੌਰ 'ਤੇ ਰਲਵਾਂ-ਮਿਲਵਾਂ ਰਿਹਾ ਹੈ। ਉਸ ਵੱਲੋਂ ਕੀਤੀਆਂ ਗ਼ਲਤੀਆਂ ਨਾਲ ਢਾਹ ਲੱਗਣ ਦੀਆਂ ਘਟਨਾਵਾਂ ਵਧੇਰੇ ਵਾਪਰ ਗਈਆਂ ਹਨ, ਜਦ ਕਿ ਉਸ ਦੀ ਇਕੋ-ਇੱਕ ਸਫ਼ਲਤਾ ਡੋਕਲਾਮ ਰੇੜਕਾ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਨ ਤਕ ਮਹਿਦੂਦ ਰਹੀ ਹੈ। ਉਸ ਦੀਆਂ ਗ਼ਲਤੀਆਂ ਦੀ ਸੂਚੀ ਕੁਝ ਵਧੇਰੇ ਲੰਮੀ ਹੈ। ਸੁਪਰੀਮ ਕੋਰਟ ਦੇ 9 ਮੈਂਬਰੀ ਬੈਂਚ ਨੇ 'ਨਿੱਜਤਾ ਦੇ ਅਧਿਕਾਰ' ਨੂੰ ਦਰੁਸਤ ਠਹਿਰਾਉਂਦਿਆਂ ਇਸ ਨੂੰ ਬੁਨਿਆਦੀ ਅਧਿਕਾਰ ਆਖਿਆ ਹੈ, ਜਦ ਕਿ ਇਸ ਮੁੱਦੇ 'ਤੇ ਸਰਕਾਰ ਸਦਾ ਦ੍ਰਿੜ੍ਹਤਾਪੂਰਬਕ ਇਹੋ ਦਾਅਵੇ ਕਰਦੀ ਸੀ ਕਿ ਨਿੱਜਤਾ ਵਿੱਚ ਦਖ਼ਲ ਉਸ ਦਾ ਅਧਿਕਾਰ ਹੈ। ਫਿਰ ਜੈਲਲਿਤਾ ਦੇ ਦੇਹਾਂਤ ਤੋਂ ਬਾਅਦ ਲਗਪਗ ਯਤੀਮ ਹੋ ਚੁੱਕੀ ਪਾਰਟੀ-ਆਲ ਇੰਡੀਆ ਅੰਨਾ ਡੀਐੱਮਕੇ ਦੇ ਦੋ ਧੜਿਆਂ ਵਿਚਾਲੇ ਕੇਂਦਰ ਦੇ ਯਤਨਾਂ ਨਾਲ ਹੋਏ ਰਲੇਵੇਂ ਵਿੱਚ ਵੱਡੀ ਸਮੱਸਿਆ ਪੈਦਾ ਹੋ ਗਈ। ਦਰਅਸਲ, ਕੇਂਦਰ ਨੇ ਜੈਲਲਿਤਾ ਦੀ ਹਮਰਾਜ਼ ਸ਼ਸ਼ੀਕਲਾ ਨਟਰਾਜਨ ਦੇ ਜੇਲ੍ਹ ਵਿਚ ਹੋਣ ਕਾਰਨ ਉਸ ਨੂੰ ਨਜ਼ਰਅੰਦਾਜ਼ ਕਰਕੇ ਏਆਈਏ ਡੀਐੱਮਕੇ ਵਿੱਚ ਰਲੇਵਾਂ ਕਰਵਾਇਆ, ਪਰ ਇੰਜ ਕਰਦਿਆਂ ਇਹ ਭੁਲਾ ਦਿੱਤਾ ਗਿਆ ਕਿ ਸ਼ਸ਼ੀਕਲਾ ਅਜੇ ਵੀ ਜੈਲਲਿਤਾ ਦੇ ਧਰੋਹਰ ਦੀ ਮੁਹਾਫਿਜ਼ ਹੈ ਤੇ ਜੇਲ੍ਹ ਅੰਦਰ ਮੌਜੂਦ ਹੋਣ ਦੇ ਬਾਵਜੂਦ ਉਹ ਤਾਕਤਵਰ ਹੈ। ਉੱਧਰ, ਬਿਹਾਰ ਵਿਚ ਭਾਜਪਾ ਤੇ ਜਨਤਾ ਦਲ (ਯੂ) ਵਿਚਲਾ ਗਠਜੋੜ ਇੱਕ ਹੋਰ ਚਾਰਾ ਘੁਟਾਲੇ ਦੀ ਖ਼ਬਰ ਨਾਲ ਪ੍ਰਭਾਵਤ ਹੋਇਆ ਕਿਉਂਕਿ ਦੋ ਕੇਂਦਰੀ ਮੰਤਰੀ ਤੇ ਸੂਬਾਈ ਗਠਜੋੜ ਵਿੱਚ ਮੌਜੂਦ ਕੁਝ ਅਹਿਮ ਨੇਤਾ ਇਸ ਨਵੇਂ ਘੁਟਾਲੇ ਦੀ ਲਪੇਟ ਵਿੱਚ ਆ ਸਕਦੇ ਹਨ। ਭਾਜਪਾ ਦੇ ਸਦੀਵੀ ਸਿਆਸੀ ਵਿਰੋਧੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੀ ਬਵਾਨਾ ਜ਼ਿਮਨੀ ਚੋਣ ਵਿੱਚ ਫ਼ੈਸਲਾਕੁਨ ਜਿੱਤ ਹਾਸਲ ਕੀਤੀ ਹੈ; ਇੰਜ ਕੇਜਰੀਵਾਲ ਨੂੰ ਲਾਂਭੇ ਕਰਨ ਦੇ ਭਾਜਪਾ ਦੇ ਯਤਨਾਂ ਨੂੰ ਢਾਹ ਲੱਗੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜੀਐੱਸਟੀ ਲਾਗੂ ਹੋਣ ਤੋਂ ਬਾਅਦ ਗ਼ੈਰਰਸਮੀ ਖੇਤਰ ਵਿੱਚ ਬਹੁਤ ਸਾਰੀਆਂ ਨੌਕਰੀਆਂ ਚਲੀਆਂ ਗਈਆਂ ਹਨ; ਤੇ ਇਸ ਦਾ ਨੁਕਸਾਨ ਪੂਰਵਾਂਚਲ ਦੇ ਨਿਵਾਸੀਆਂ ਨੂੰ ਹੋਇਆ ਹੈ। ਉਨ੍ਹਾਂ ਦੀ ਨਿਰਾਸ਼ਾ ਕੇਜਰੀਵਾਲ ਲਈ ਆਸ਼ਾ ਬਣ ਉੱਭਰੀ।

ਸਭ ਤੋਂ ਵੱਡੀ ਢਾਹ ਗੁਰਮੀਤ ਰਾਮ ਰਹੀਮ ਦੇ ਮਾਮਲੇ ਨੂੰ ਮਾੜੇ ਢੰਗ ਨਾਲ ਨਜਿੱਠਣ ਕਰਕੇ ਲੱਗੀ ਹੈ। ਹਰਿਆਣਾ ਸਰਕਾਰ ਨੇ ਪੰਚਕੂਲਾ ਵਿਚ ਜਿਸ ਢੰਗ ਨਾਲ ਉਸ ਦੇ ਸ਼ਰਧਾਲੂਆਂ ਨੂੰ ਵੱਡੇ ਪੱਧਰ 'ਤੇ ਇਕੱਠੇ ਹੋਣ ਦੀ ਪ੍ਰਵਾਨਗੀ ਦਿੱਤੀ ਤੇ ਫਿਰ ਉਸ ਦੇ 200 ਮੋਟਰ-ਗੱਡੀਆਂ ਦੇ ਕਾਫ਼ਲੇ ਨੂੰ ਹਰਿਆਣਾ ਦੀਆਂ ਸੜਕਾਂ ਵਿਚੋਂ ਲੰਘਣ ਦਿੱਤਾ, ਇਹ ਸਭ ਨਿਆਂਪਾਲਿਕਾ ਨੂੰ ਸ਼ਰ੍ਹੇਆਮ ਡਰਾਉਣ ਦੀ ਕੋਸ਼ਿਸ਼ ਸੀ। ਉਹ ਤਾਂ ਹਾਈ ਕੋਰਟ, ਖ਼ਾਸ ਕਰ ਕੇ ਕਾਰਜਕਾਰੀ ਚੀਫ਼ ਜਸਟਿਸ ਸੁਰਿੰਦਰ ਸਿੰਘ ਸਾਰੋਂ ਦੇ ਬੈਂਚ ਦੀ ਦਲੇਰੀ ਸੀ ਜਿਸ ਨੇ ਹਰਿਆਣਾ ਪ੍ਰਸ਼ਾਸਨ ਦੇ ਪੈਰ ਅੱਗ ਵਿਚ ਜਾਣ ਤੋਂ ਬਚਾਏ। ਉਸ ਤੋਂ ਅਗਲੀ ਦਲੇਰੀ ਸੀਬੀਆਈ ਅਦਾਲਤ ਦੇ ਵਿਸ਼ੇਸ਼ ਜੱਜ ਨੇ ਦਿਖਾ ਦਿੱਤੀ ਅਤੇ ਕਾਨੂੰਨ ਦੀ ਸਰਬਉੱਚਤਾ ਨੂੰ ਸਹੀ ਕਰਾਰ ਦਿੰਦਿਆਂ ਆਪਣਾ ਫ਼ੈਸਲਾ ਸੁਣਾ ਦਿੱਤਾ।

ਭਾਰਤੀ ਜਨਤਾ ਪਾਰਟੀ ਨੇ ਇਹ ਆਖ ਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਬਚਾਅ ਕੀਤਾ ਕਿ ਮੁੱਖ ਮੰਤਰੀ ਨੂੰ ਇਸ ਮਾਮਲੇ ਵਿਚ ਝਾੜ ਪਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਹਿੰਸਾ 'ਤੇ ਕਾਬੂ ਪਾ ਲਿਆ ਗਿਆ ਸੀ, ਪਰ ਇਸ ਗੱਲ ਨੂੰ ਅੱਖੋਂ ਪਰੋਖੇ ਕੀਤਾ ਗਿਆ ਕਿ 40 ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ। ਇਹ ਸੁਚੱਜੀ ਪੁਲੀਸਿੰਗ ਨਹੀਂ ਸੀ। ਇਹ ਤਾਂ ਕਤਲੇਆਮ ਰਾਹੀਂ ਕਾਨੂੰਨ ਲਾਗੂ ਕਰਨ ਵਾਂਗ ਸੀ। ਚੰਡੀਗੜ੍ਹ ਤੇ ਦਿੱਲੀ ਦੀਆਂ ਸਰਕਾਰਾਂ ਆਪਣੀਆਂ ਕਮੀਆਂ ਬਾਰੇ ਆਤਮ-ਮੰਥਨ ਕਰ ਵੀ ਸਕਦੀਆਂ ਹਨ ਤੇ ਸ਼ਾਇਦ ਨਾ ਵੀ ਕਰਨ, ਪਰ ਇਸ ਖੇਤਰ ਨੂੰ ਇਹ ਨਿਰੀਖਣ ਕਰਨ ਦੀ ਤਾਂ ਬਹੁਤ ਜ਼ਿਆਦਾ ਜ਼ਰੂਰਤ ਹੈ ਕਿ ਆਖ਼ਿਰ ਆਮ ਲੋਕ ਇਨ੍ਹਾਂ ਖ਼ੁਦ ਨੂੰ 'ਰੱਬੀ ਪੈਗ਼ੰਬਰ' ਅਖਵਾਉਣ ਵਾਲੇ ਪਖੰਡੀਆਂ ਦੇ ਡੇਰਿਆਂ ਵਿੱਚ ਕਿਉਂ ਜਾਂਦੇ ਹਨ। ਗੁਰਮੀਤ ਰਾਮ ਰਹੀਮ ਨੇ ਨਾ ਸਿਰਫ਼ ਬਦਇਖ਼ਲਾਕੀ ਦਰਸਾਈ, ਸਗੋਂ ਫ਼ੈਸਲਾ ਸੁਣਾਏ ਜਾਣ ਸਮੇਂ ਬੁਜ਼ਦਿਲੀ ਵੀ ਵਿਖਾਈ। ਸਪਸ਼ਟ ਹੈ ਕਿ ਉਹ ਕੋਈ ਰੱਬੀ ਪੈਗ਼ੰਬਰ ਨਹੀਂ ਸੀ ਕਿ ਲੋਕਾਈ ਉਸ ਦੀ ਪੂਜਾ ਕਰੇ। ਇਨ੍ਹਾਂ ਡੇਰਿਆਂ ਜਾਂ ਧਰਮ ਦੇ ਇਨ੍ਹਾਂ ਨਵੇਂ ਰੂਪਾਂ ਦੇ ਉਭਾਰ 'ਤੇ ਆਲਮੀ ਪੱਧਰ 'ਤੇ ਅਧਿਐਨ ਹੋਏ ਹਨ ਤੇ ਇਸ ਬਾਰੇ ਉਨ੍ਹਾਂ ਦੇ ਨਤੀਜੇ ਵੀ ਵੱਖੋ-ਵੱਖਰੇ ਹਨ ਕਿ ਲੋਕ ਇਨ੍ਹਾਂ ਡੇਰਿਆਂ ਵਿੱਚ ਕਿਉਂ ਜਾਂਦੇ ਹਨ। ਅਜਿਹੇ ਬਹੁਤੇ ਡੇਰੇ ਤਾਂ ਖੋਖਲੇ ਪਰ ਬਹੁਧਰਮੀ ਹਨ, ਜੋ ਆਮ ਤੌਰ 'ਤੇ ਸ਼ਾਂਤੀ ਨਾਲ ਚੱਲਦੇ ਹਨ। ਪਰ ਉਨ੍ਹਾਂ ਵਿਚੋਂ ਕੁਝ ਹਿੰਸਕ ਹੋ ਗਏ ਹਨ। ਭਾਰਤ ਵਿਚ ਡੇਰੇ ਇਸ ਕਰ ਕੇ ਖ਼ਤਰਨਾਕ ਬਣ ਜਾਂਦੇ ਹਨ ਕਿਉਂਕਿ ਉਹ ਆਪਣੇ ਸ਼ਰਧਾਲੂਆਂ ਨੂੰ ਸਿਆਸੀ ਤੇ ਚੋਣ ਮੰਤਵਾਂ ਲਈ ਵਰਤਣਾ ਸ਼ੁਰੂ ਕਰ ਦਿੰਦੇ ਹਨ; ਜਿਸ ਕਰ ਕੇ ਸਿਆਸੀ ਪਾਰਟੀਆਂ ਵੀ ਉਨ੍ਹਾਂ ਨੂੰ ਖ਼ੁਸ਼ ਕਰਨ ਦੇ ਰਾਹ ਪੈ ਜਾਂਦੀਆਂ ਹਨ।

ਡੇਰਾ ਸੱਚਾ ਸੌਦਾ ਦੀ ਲੀਡਰਸ਼ਿਪ ਤਾਂ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਤੇ ਹਰਿਆਣਾ ਵਿੱਚ ਸਿਆਸੀ ਦਬਾਅ ਬਣ ਚੁੱਕੀ ਸੀ ਅਤੇ ਉਹ ਹੋਰ ਤਾਕਤ ਤੇ ਦੌਲਤ ਲਈ ਬਲੈਕਮੇਲਿੰਗ ਤੇ ਸੌਦੇਬਾਜ਼ੀ ਕਰਨ ਲੱਗ ਪਈ ਸੀ। ਨੁਕਸ ਦੋਵਾਂ ਸੂਬਿਆਂ ਵਿੱਚ ਸੀ ਕਿਉਂਕਿ ਉਨ੍ਹਾਂ ਨੇ ਹਾਸ਼ੀਏ 'ਤੇ ਗਏ ਲੋਕਾਂ ਦਾ ਖ਼ਿਆਲ ਨਹੀਂ ਰੱਖਿਆ ਤੇ ਸਿੱਖ ਧਰਮ ਸਮੇਤ ਜੱਥੇਬੰਦਕ ਧਰਮਾਂ ਨੇ ਉਨ੍ਹਾਂ ਨੂੰ ਆਪਣੇ ਧਾਰਮਿਕ ਅਸਥਾਨਾਂ ਅੰਦਰ ਨਾ ਜਾਣ ਦਿੱਤਾ ਅਤੇ ਉਨ੍ਹਾਂ ਦਾ ਉੱਥੇ ਕਦੇ ਸੁਆਗਤ ਨਾ ਕੀਤਾ। ਇੱਕ ਬਾਬੇ ਦੇ ਜੇਲ੍ਹ ਜਾਣ ਨਾਲ ਸਮਾਜਿਕ-ਆਰਥਿਕ ਢਾਂਚੇ ਦੀਆਂ ਬੁਨਿਆਦੀ ਕਮੀਆਂ ਦੂਰ ਨਹੀਂ ਹੋ ਜਾਣਗੀਆਂ ਕਿਉਂਕਿ ਹੌਲੀ-ਹੌਲੀ ਕੋਈ ਹੋਰ 'ਲਵ-ਚਾਰਜਰ' ਪੈਦਾ ਹੋ ਜਾਵੇਗਾ।

ਭਾਜਪਾ ਲਈ ਇੱਕੋ-ਇੱਕ ਖ਼ੁਸ਼ਖ਼ਬਰੀ ਇਹੋ ਹੈ ਕਿ ਉਸ ਨੇ ਡੋਕਲਾਮ ਰੇੜਕੇ ਦਾ ਹੱਲ ਸਫ਼ਲਤਾਪੂਰਬਕ ਲੱਭਿਆ ਹੈ। ਦੋਵੇਂ ਧਿਰਾਂ ਦੇ ਬਿਆਨਾਂ ਵਿੱਚ ਮਤਭੇਦਾਂ ਨੂੰ ਅੱਖੋਂ ਪ੍ਰੋਖੇ ਕੀਤਾ ਜਾ ਸਕਦਾ ਹੈ ਕਿਉਂਕਿ ਦੋਵਾਂ ਨੂੰ ਆਪੋ-ਆਪਣੀ ਸਥਿਤੀ ਬਚਾਉਣ ਦੀ ਲੋੜ ਹੈ। ਸਫ਼ਲਤਾ ਦੀ ਅਹਿਮ ਪ੍ਰੀਖਿਆ ਤਾਂ ਇਹੋ ਹੋਵੇਗੀ ਕਿ ਜੇ ਚੀਨ ਸੱਚਮੁਚ ਅਜਿਹੇ ਇਲਾਕੇ ਵਿੱਚ ਸੜਕ ਜਾਂ ਬੁਨਿਆਦੀ ਢਾਂਚੇ ਦੀ ਉਸਾਰੀ ਕਰਨ ਤੋਂ ਗੁਰੇਜ਼ ਕਰੇ, ਜੋ ਭਾਰਤੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਅਹਿਮ ਹੈ। ਇਸ ਮੁੱਦੇ ਦਾ ਗਹਿਨ ਗੰਭੀਰ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਹੈ।

ਚੀਨੀ ਮਨਾਂ ਨੂੰ ਪੜ੍ਹਨ ਲਈ ਹੈਨਰੀ ਕਿਸਿੰਜਰ ਇੱਕ ਮਹਾਨ ਸਰੋਤ ਹਨ ਕਿਉਂਕਿ ਉਨ੍ਹਾਂ ਨੇ ਮਾਓ ਤੋਂ ਸ਼ੁਰੂ ਕਰ ਕੇ ਚੀਨੀ ਆਗੂਆਂ ਦੀਆਂ ਸਾਰੀਆਂ ਪੰਜ ਪੀੜ੍ਹੀਆਂ ਨਾਲ ਸੌਦੇਬਾਜ਼ੀ ਕੀਤੀ। ਉਨ੍ਹਾਂ ਆਪਣੀ ਕਿਤਾਬ 'ਆਨ ਚਾਈਨਾ' (ਚੀਨ ਬਾਰੇ) ਵਿਚ 1962 'ਚ ਭਾਰਤ ਉੱਤੇ ਚੀਨੀ ਹਮਲੇ ਤੋਂ ਠੀਕ ਪਹਿਲਾਂ ਮਾਓ-ਸੇ-ਤੁੰਗ ਦੀ ਫ਼ੌਜ ਬਾਰੇ ਲਿਖਿਆ ਹੈ ਕਿ ਦੋਵੇਂ ਦੇਸ਼ ਪਹਿਲਾਂ ਹੀ 'ਡੇਢ' ਜੰਗ ਲੜ ਚੁੱਕੇ ਹਨ। ਪਹਿਲੀ ਜੰਗ ਤਾਂਗ ਖ਼ਾਨਦਾਨ (618-907) ਵੇਲੇ ਹੋਈ ਸੀ, ਜਦੋਂ ਚੀਨ ਨੇ ਇੱਕ ਰਾਜ ਨੂੰ ਜ਼ਮੀਨ 'ਤੇ ਕਬਜ਼ਾ ਕਰਨ ਵਾਲੇ ਦਾ ਟਾਕਰਾ ਕਰਨ ਲਈ ਆਪਣੀ ਫ਼ੌਜ ਭੇਜੀ ਸੀ। ਫਿਰ ਉਸ ਤੋਂ 600 ਵਰ੍ਹਿਆਂ ਬਾਅਦ ਦਿੱਲੀ 'ਤੇ ਮੰਗੋਲਾਂ ਦਾ ਹਮਲਾ ਹੋ ਗਿਆ ਸੀ ਅਤੇ ਉਸ ਵੇਲੇ ਚੀਨ ਤੇ ਮੰਗੋਲੀਆ ਇੱਕੋ ਸਿਆਸੀ ਇਕਾਈ ਹੁੰਦੇ ਸਨ। ਇਸ ਤੋਂ ਇਹੋ ਸਬਕ ਮਿਲਦਾ ਹੈ ਕਿ ਭਾਰਤ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਚੀਨ ਪਿਛਲੇ ਇੱਕ ਹਜ਼ਾਰ ਸਾਲ ਤੋਂ ਵੀ ਵੱਧ ਸਮੇਂ ਦੇ ਇਤਿਹਾਸ ਦੇ ਆਧਾਰ 'ਤੇ ਆਪਣੇ ਕਦਮ ਰੱਖ ਰਿਹਾ ਹੈ।

ਆਪਣੀ ਕਿਤਾਬ ਵਿਚ ਅੱਗੇ ਜਾ ਕੇ ਕਿਸਿੰਜਰ ਚੀਨ ਦੀ ਕੂਟਨੀਤਕ ਰਣਨੀਤੀ ਦਾ ਵਿਸ਼ਲੇਸ਼ਣ ਕਰਦੇ ਹਨ, ਉਨ੍ਹਾਂ ਲਈ ਕੂਟਨੀਤੀ ਕੁੱਲ ਮਿਲਾ ਕੇ ਰਣਨੀਤਕ ਆਧਾਰ ਵਿੱਚ ਸਿਆਸੀ, ਫ਼ੌਜੀ ਤੇ ਮਨੋਵਿਗਿਆਨਕ ਤੱਤਾਂ ਦਾ ਇਕੱਠਾ ਤਾਣਾ-ਬਾਣਾ ਬੁਣਨਾ ਹੈ। ਉਨ੍ਹਾਂ ਦੀਆਂ ਗਿਣਤੀਆਂ-ਮਿਣਤੀਆਂ ਨਿੱਜੀ ਸਮੀਕਰਨਾਂ ਨਾਲ ਪ੍ਰਭਾਵਤ ਨਹੀਂ ਹੁੰਦੀਆਂ, ਅਜਿਹਾ ਕੇਵਲ ਉਦੋਂ ਹੀ ਕੀਤਾ ਜਾਂਦਾ ਹੈ, ਜਦੋਂ ਉਨ੍ਹਾਂ ਦੇ ਹਿਤ ਪੂਰਨ ਲਈ ਅਜਿਹਾ ਕਰਨਾ ਜ਼ਰੂਰੀ ਹੋਵੇ। ਇਸੇ ਲਈ ਅਹਿਮਦਾਬਾਦ ਵਿਚ ਜੇ ਪ੍ਰਧਾਨ ਮੰਤਰੀ ਸ਼ੀ ਚਿਨਪਿੰਗ ਨਾਲ ਆਪਣੀ ਕੋਈ ਨਿਜੀ ਗੱਲਬਾਤ ਸਾਂਝੀ ਕਰਦੇ ਹਨ, ਤਾਂ ਇਸ ਦਾ ਸਰਹੱਦ 'ਤੇ ਹੋਣ ਵਾਲੇ ਸ਼ਕਤੀ ਪ੍ਰਦਰਸ਼ਨ 'ਤੇ ਕੋਈ ਅਸਰ ਨਹੀਂ ਪਵੇਗਾ। ਫਿਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਚੀਨ ਆਪਣੀ ਕਾਰਵਾਈ ਚਾਣਚੱਕ ਹੀ ਪਾ ਛੱਡਦਾ ਹੈ।

ਚੀਨੀਆਂ ਨੇ ਡੋਕਲਾਮ ਬਾਰੇ ਰੇੜਕਾ ਵਧਾਉਣ ਲਈ ਰਣਨੀਤਕ ਗਿਣਤੀਆਂ-ਮਿਣਤੀਆਂ ਕਰ ਲਈਆਂ ਸਨ। ਧਮਕੀਆਂ ਅਤੇ ਗੋਲੀਬਾਰੀ ਕਰ ਕੇ ਸ਼ਕਤੀ ਪ੍ਰਦਰਸ਼ਨ ਦੇ ਅਭਿਆਸਾਂ ਨਾਲ ਭਾਰਤ ਨੂੰ ਕੋਈ ਫ਼ਰਕ ਨਹੀਂ ਪੈ ਰਿਹਾ ਸੀ; ਆਪਣੀ ਜ਼ਿੱਦ 'ਤੇ ਅੜੇ ਕੋਰੀਆ ਗਣਰਾਜ ਵਿਰੁੱਧ ਅਮਰੀਕਾ ਤੇ ਜਾਪਾਨ ਜੰਗ ਛੇੜਨ ਲਈ ਤਿਆਰ ਬੈਠੇ ਸਨ ਤੇ ਉਹ ਚੀਨ ਦੀ ਸਲਾਹ ਸੁਣਨ ਲਈ ਤਿਆਰ ਨਹੀਂ ਸਨ; ਭਾਰਤ ਨੇ ਚੀਨੀ ਕੰਪਨੀਆਂ ਵੱਲੋਂ ਭਾਰਤੀ ਡੇਟਾ ਵਿਦੇਸ਼ਾਂ ਵਿੱਚ ਭੇਜਣ ਦੇ ਦੋਸ਼ਾਂ ਟ੍ਰਾਂਸਫਰ ਕੀਤੇ ਜਾਣ ਦੀ ਜਾਂਚ ਅਰੰਭ ਕਰ ਦਿੱਤੀ ਸੀ, ਕਾਰੋਬਾਰੀ ਜੰਗ ਚੀਨ ਨੂੰ ਵਧੇਰੇ ਪ੍ਰਭਾਵਤ ਕਰ ਸਕਦੀ ਸੀ ਕਿਉਂਕਿ ਉਨ੍ਹਾਂ ਦੀਆਂ ਬਰਾਮਦਾਂ ਭਾਰਤ ਦੇ ਮੁਕਾਬਲੇ ਚਾਰ ਗੁਣਾ ਵੱਧ ਹਨ। ਉੱਪਰੋਂ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਭਾਸ਼ਣ ਵਿੱਚ ਜਿਹੜੀ ਨਵੀਂ ਅਫ਼ਗ਼ਾਨ ਨੀਤੀ ਐਲਾਨੀ ਸੀ ਤੇ ਭਾਰਤ ਦੀ ਸ਼ਲਾਘਾ ਉਸ ਵਿੱਚ ਸ਼ਾਮਲ ਸੀ ਕਿਉਂਕਿ ਉਨ੍ਹਾਂ ਏਸ਼ੀਆ-ਪ੍ਰਸ਼ਾਂਤ ਖੇਤਰ ਦੀ ਸੁਰੱਖਿਆ ਵਿੱਚ ਭਾਰਤ ਦੀ ਵੱਡੀ ਭੂਮਿਕਾ ਦੀ ਗੱਲ ਕੀਤੀ ਸੀ। ਭਾਰਤ ਨੂੰ ਸਫ਼ਲਤਾ ਇਸ ਕਰਕੇ ਮਿਲੀ ਕਿਉਂਕਿ ਉਸ ਨੇ ਬਰਿਕਸ ਸਿਖ਼ਰ ਸੰਮੇਲਨ ਦੀ ਖਿੜਕੀ ਐਨ ਆਖ਼ਰੀ ਵਕਤ ਬੰਦ ਕਰ ਦਿੱਤੀ ਸੀ, ਜਦੋਂ ਉਸ ਵਿੱਚ ਕੇਵਲ ਇੱਕ ਹਫ਼ਤੇ ਦਾ ਸਮਾਂ ਰਹਿ ਗਿਆ ਸੀ। ਪ੍ਰਧਾਨ ਮੰਤਰੀ ਮੋਦੀ ਦੇ ਬਾਈਕਾਟ ਨਾਲ ਰਾਸ਼ਟਰਪਤੀ ਸ਼ੀ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਣਾ ਸੀ, ਖ਼ਾਸ ਤੌਰ 'ਤੇ 19ਵੀਂ ਪਾਰਟੀ ਕਾਂਗਰਸ ਵਿੱਚ ਜੋ ਹੁਣ ਸਿਰ 'ਤੇ ਹੈ ਅਤੇ ਜਿਸ ਵਿੱਚ ਸ਼ੀ ਵੱਲੋਂ ਆਪਣੀ ਨਵੀਂ ਟੀਮ ਅਤੇ ਸੰਭਾਵੀ ਜਾਨਸ਼ੀਨ ਦਾ ਨਾਮ ਐਲਾਨੇ ਜਾਣ ਦੀਆਂ ਕਿਆਸਅਰਾਈਆਂ ਹਨ।

ਵਿਰੋਧਾਭਾਸੀ ਢੰਗ ਨਾਲ, ਚੀਨ ਨਾਲ ਦ੍ਰਿੜ੍ਹਤਾਪੂਰਬਕ ਵਿਹਾਰ ਕਾਰਨ ਭੂ-ਰਾਜਨੀਤੀ ਭਾਰਤ ਦੇ ਹੱਕ ਵਿੱਚ ਭੁਗਤੀ, ਉਹੀ ਗੱਲ ਜਦੋਂ ਦੇਸ਼ ਵਿੱਚ ਇੱਕ ਜ਼ਿੱਦ ਦਾ ਰੂਪ ਧਾਰ ਲੈਂਦੀ ਹੈ ਤਾਂ ਉਹ ਮਾੜੀ ਸਿਆਸਤ ਅਖਵਾਉਂਦੀ ਹੈ। ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਕੋਈ ਵੀ ਨੀਤੀ ਉਲੀਕਣ ਲੱਗਿਆਂ ਜ਼ਰੂਰੀ ਹੈ ਕਿ ਇਸ ਵਾਸਤੇ ਸਮਰਥਨ ਹਾਸਲ ਕੀਤਾ ਜਾਵੇ ਤੇ ਵਿਰੋਧੀ ਧਿਰ ਨੂੰ ਨਾਲ ਲੈ ਕੇ ਚੱਲਿਆ ਜਾਵੇ। ਮੁੱਖ ਮੰਤਰੀ ਖੱਟਰ ਜਿਹੇ ਗ਼ੈਰ-ਪ੍ਰਭਾਵਸ਼ਾਲੀ ਆਗੂਆਂ ਨੂੰ ਅਹਿਮ ਅਹੁਦਿਆਂ 'ਤੇ ਕਾਇਮ ਰੱਖਣ ਨਾਲ ਇੱਕ ਤਾਂ ਵੰਡੀਆਂ ਵਧਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਦੂਜੇ ਨਾਰਾਜ਼ ਵਿਰੋਧੀ ਧਿਰ ਸਿਆਸੀ ਮਾਹੌਲ ਨੂੰ ਵੱਧ ਜ਼ਹਿਰੀਲਾ ਬਣਾ ਦਿੰਦੀ ਹੈ ਤੇ ਆਮ ਲੋਕਾਂ ਵਿੱਚ ਰੋਸ ਪੈਦਾ ਹੁੰਦਾ ਹੈ। ਜੇ ਇੰਜ ਹੀ ਮਾੜੇ ਕਦਮਾਂ ਦਾ ਸਿਲਸਿਲਾ ਜਾਰੀ ਰਿਹਾ, ਤਾਂ ਭਾਜਪਾ ਤੋਂ ਦੇਸ਼ ਦਾ ਮੋਹ-ਭੰਗ ਹੋਣ ਦੀ ਗੁੰਜਾਇਸ਼ ਵੱਧ ਜਾਵੇਗੀ। ਡੋਕਲਾਮ ਦੀ ਸਫ਼ਲਤਾ ਵੀ ਥੋੜ੍ਹ-ਚਿਰੀ ਹੋ ਸਕਦੀ ਹੈ ਕਿਉਂਕਿ ਚੀਨ, ਮਾਓ ਦੇ ਦਿਨਾਂ ਵਾਂਗ ਨਮੋਸ਼ੀ ਨੂੰ ਛੇਤੀ ਭੁੱਲਣ ਵਾਲਾ ਨਹੀਂ।

**ਲੇਖਕ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹਨ**




## ਲਾਲੂ ਯਾਦਵ ਦੀ ਧੀ ਮੀਸਾ ਦਾ ਫਾਰਮ ਹਾਊਸ ਸੀਲ

**ਨਵੀਂ ਦਿੱਲੀ/ਬਿਊਰੋ ਨਿਊਜ਼:** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ਵਿੱਚ ਆਰਜੇਡੀ ਮੁਖੀ ਲਾਲੂ ਪ੍ਰਸਾਦ ਯਾਦਵ ਦੀ ਸੰਸਦ ਮੈਂਬਰ ਧੀ ਮੀਸਾ ਭਾਰਤੀ ਤੇ ਉਸ ਦੇ ਪਤੀ ਦਾ ਦਿੱਲੀ ਵਿਚਲਾ ਫਾਰਮਹਾਊਸ ਜ਼ਬਤ ਕਰ ਲਿਆ। ਦੱਖਣੀ ਦਿੱਲੀ ਦੇ ਬਿਜਵਾਸਨ ਇਲਾਕੇ ਵਿੱਚ ਸਥਿਤ 26 ਪਾਲਮ ਫਾਰਮਜ਼ ਨੂੰ 'ਕਾਲੇ ਧਨ ਨੂੰ ਸਫੈਦ ਕਰਨ ਦੀ ਰੋਕਥਾਮ ਐਕਟ' (ਪੀਐਮਐਲਏ) ਅਧੀਨ ਆਰਜ਼ੀ ਤੌਰ 'ਤੇ ਜ਼ਬਤ ਕੀਤਾ ਗਿਆ ਹੈ। ਇਸ ਕੇਂਦਰੀ ਜਾਂਚ ਏਜੰਸੀ ਨੇ ਕਿਹਾ ਕਿ ਇਹ ਫਾਰਮ ਹਾਊਸ ਮੀਸਾ ਤੇ ਉਸ ਦੇ ਪਤੀ ਸ਼ੈਲੇਸ਼ ਕੁਮਾਰ ਨਾਲ ਸਬੰਧਤ ਹੈ ਅਤੇ ਇਹ ਮੈਸਰਜ਼ 'ਮਿਸ਼ੈਲ ਪੈਕਰਜ਼ ਤੇ ਪ੍ਰਿੰਟਰਜ਼ ਪ੍ਰਾਈਵੇਟ ਲਿਮੀਟਿਡ' ਦੇ ਨਾਂ ਉਤੇ ਹੈ। ਏਜੰਸੀ ਨੇ ਦੋ ਭਰਾਵਾਂ ਸੁਰਿੰਦਰ ਕੁਮਾਰ ਜੈਨ ਤੇ ਵਿਰੇਂਦਰ ਜੈਨ ਵਿਰੁੱਧ ਆਪਣੀ ਜਾਂਚ ਸਬੰਧੀ ਜੁਲਾਈ ਵਿੱਚ ਇਸ ਫਾਰਮ ਹਾਊਸ ਤੇ ਹੋਰ ਕਈ ਥਾਵਾਂ ਉਤੇ ਛਾਪੇ ਮਾਰੇ ਸਨ। ਇਨ੍ਹਾਂ ਦੋਵਾਂ ਭਰਾਵਾਂ ਉਤੇ ਫ਼ਰਜ਼ੀ ਕੰਪਨੀਆਂ ਵਰਤ ਕੇ ਕਥਿਤ ਤੌਰ 'ਤੇ ਕਰੋੜਾਂ ਰੁਪਏ ਦੇ ਕਾਲੇ ਧਨ ਨੂੰ ਇਕ ਨੰਬਰ ਵਿੱਚ ਬਦਲਣ ਦਾ ਦੋਸ਼ ਹੈ।

# ਸਰਕਾਰ ਦੇ ਇਤਬਾਰ ਨਾਂ ਦੀ ਵੀ ਕੋਈ ਸ਼ੈਅ ਹੁੰਦੀ ਹੈ ?




**ਪੁਰਾਣੇ ਭਾਰਤ ਵਿੱਚ ਅਰਥ ਸ਼ਾਸਤਰ ਨੂੰ ਵਿਗਿਆਨ, ਚਾਹੇ ਅਨਿਸ਼ਚਿਤ ਵਿਗਿਆਨ ਹੀ ਸਹੀ, ਸਮਝਿਆ ਜਾਂਦਾ ਸੀ ਅਤੇ ਅਰਥਸ਼ਾਸਤਰੀਆਂ ਨੂੰ ਆਪਣੇ ਖੇਤਰ ਦੇ ਗਿਆਨ ਤੇ ਅੰਦਰੂਨੀ ਆਰਥਿਕ ਸਰਗਰਮੀਆਂ ਅਤੇ ਆਲਮੀ ਸ਼ਕਤੀਆਂ ਦਰਮਿਆਨ ਸਬੰਧ ਦੇਖ ਸਕਣ ਦੀ ਸਮਰੱਥਾ ਕਾਰਨ ਅਰਥਸ਼ਾਸਤਰੀਆਂ ਦਾ ਸਤਿਕਾਰ ਕੀਤਾ ਜਾਂਦਾ ਸੀ। ਦੂਜੇ ਪਾਸੇ ਨਵੇਂ ਭਾਰਤ ਵਿੱਚ ਹਾਰਵਰਡ ਦੇ ਅਰਥਸ਼ਾਸਤਰੀਆਂ ਦਾ ਮਖੌਲ ਉਡਾਇਆ ਜਾਂਦਾ ਹੈ ਜਦੋਂਕਿ ਆਮ ਸਿੱਧੇ ਸਾਦੇ ਸਿਆਸੀ ਬਿਆਨਾਂ ਨੂੰ ਸਤਿ ਧਰਮ ਦੀ ਗੱਲ ਵਜੋਂ ਦਰਸਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ।**

**ਹਰੀਸ਼ ਖਰੇ**
(ਈਮੇਲ: kaffeeklatsch@tribuneindia.com)



ਹਰਿਆਣਾ ਵਿੱਚ ਪੁਲੀਸ ਗੋਲੀਬਾਰੀ ਵਿੱਚ 38 ਵਿਅਕਤੀਆਂ ਦੇ ਮਾਰੇ ਜਾਣ ਮਗਰੋਂ ਵੀ ਜੇਕਰ ਸੱਤਾਧਾਰੀ ਪਾਰਟੀ ਦੇ ਅਹੁਦੇਦਾਰ ਸਥਿਤੀ ਨਾਲ ਵਧੀਆ ਢੰਗ ਨਾਲ ਨਜਿੱਠਣ ਲਈ ਆਪਣੀ ਪਿੱਠ ਥਾਪੜ ਰਹੇ ਹਨ ਤਾਂ ਸਾਡੇ ਸਮਾਜ ਅਤੇ ਸਾਡੀ ਸਿਆਸਤ ਵਿੱਚ ਕੁਝ ਗ਼ਲਤ, ਸਗੋਂ ਬਹੁਤ ਕੁਝ ਗ਼ਲਤ ਜ਼ਰੂਰ ਹੋਵੇਗਾ। ਸਿਆਸਤਦਾਨਾਂ ਅਤੇ ਉਨ੍ਹਾਂ ਦੇ ਗਲੀਜ਼ ਨੀਤੀਘਾੜਿਆਂ ਅਤੇ ਭਾੜੇ ਦੇ ਹਮਾਇਤੀਆਂ ਨੇ ਤਾਂ ਇਹ ਦਲੀਲ ਦੇਣੀ ਹੀ ਹੈ ਕਿ ਪਿਛਲੇ ਹਫ਼ਤੇ ਸਰਕਾਰੀ ਵਿਵਸਥਾ ਦੀ ਸ਼ਰਮਨਾਕ ਨਾਕਾਮੀ ਤੋਂ ਬਾਅਦ ਵੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਅਸਤੀਫ਼ਾ ਦੇਣ ਦੀ ਜ਼ਰੂਰਤ ਨਹੀਂ ਭਾਵੇਂ ਕਿ ਕੈਮਰਿਆਂ ਰਾਹੀਂ ਰਿਕਾਰਡ ਹੋਇਆ ਇਹ ਘਟਨਾਕ੍ਰਮ ਪੂਰੀ ਦੁਨੀਆ ਵਿਚਲੇ ਦਰਸ਼ਕਾਂ ਨੇ ਦੇਖਿਆ। ਪਰ ਜਿਹੜੀ ਗੱਲ ਗੰਭੀਰ ਚਿੰਤਾ ਅਤੇ ਸ਼ਰਮ ਦਾ ਮੁੱਦਾ ਹੋਣੀ ਚਾਹੀਦੀ ਹੈ, ਉਹ ਇਹ ਹੈ ਕਿ ਇਸ ਬੇਲੋੜੀ ਹਿੰਸਾ ਤੇ ਘੜਮੱਸ ਅਤੇ ਇੰਨੀਆਂ ਜਾਨਾਂ ਜਾਣ ਉੱਤੇ ਵੀ ਕਿਸੇ ਨੂੰ ਕੋਈ ਇਖ਼ਲਾਕੀ ਪਛਤਾਵਾ ਹੋਇਆ ਨਹੀਂ ਜਾਪਦਾ। ਆਪਣੇ ਆਪ ਨੂੰ ਚਤੁਰ-ਸੁਜਾਨ ਸਮਝਣ ਵਾਲੇ ਤਾਂ ਸਾਡੇ ਕੰਨਾਂ ਵਿੱਚ ਇਹ ਫੂਕਾਂ ਮਾਰਦੇ ਆ ਰਹੇ ਹਨ ਕਿ ਸਥਿਤੀ ਨਾਲ ਵਧੀਆ ਢੰਗ ਨਾਲ ਨਜਿੱਠਿਆ ਗਿਆ। ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਜਿਵੇਂ ਹੋਇਆ ਉਵੇਂ ਨਾ ਕੀਤਾ ਜਾਂਦਾ ਤਾਂ ਮੌਤਾਂ ਦੀ ਗਿਣਤੀ ਇਸ ਤੋਂ ਕਿਤੇ ਵਧੇਰੇ ਹੋਣੀ ਸੀ। ਹੈਰਾਨੀ ਹੁੰਦੀ ਹੈ ਅਜਿਹੇ ਸਨਕਪੁਣੇ 'ਤੇ! ਏਨੀ ਬਦਇਖ਼ਲਾਕੀ 'ਤੇ!

ਬਹੁਤੀ ਪੁਰਾਣੀ ਗੱਲ ਨਹੀਂ ਹੈ ਕਿ ਸਾਡੇ ਨਾਗਰਿਕਾਂ ਨੂੰ ਸਾਡੇ ਜਨਤਕ ਜੀਵਨ ਵਿੱਚੋਂ ਨੈਤਿਕਤਾ ਦੇਖਣ ਲਈ ਪ੍ਰੇਰਿਤ ਕੀਤਾ ਗਿਆ ਸੀ। ਸਾਨੂੰ 'ਰਾਮ ਰਾਜ' ਦੇ ਨਾਅਰੇ ਨਾਲ ਲਲਚਾਇਆ ਗਿਆ ਸੀ। ਫਿਰ ਪਿਛਲੇ ਕੁਝ ਸਾਲਾਂ ਵਿੱਚ ਸੁਸ਼ਾਸਨ ਆਖੀ ਜਾਂਦੀ ਕੋਈ ਸ਼ੈਅ ਦੇਣ ਦਾ ਵਾਅਦਾ ਕੀਤਾ ਗਿਆ ਸੀ। ਅੰਨਾ ਹਜ਼ਾਰੇ ਦੀ ਨੈਤਿਕ ਲਾਮਬੰਦੀ ਲਈ ਪੁਕਾਰ ਦੇ ਹੁੰਗਾਰੇ ਵਜੋਂ ਅਸੀਂ ਸਾਰਿਆਂ ਨੇ ਰਾਮ ਲੀਲਾ ਮੈਦਾਨ ਵੱਲ ਵਹੀਰਾਂ ਘੱਤ ਲਈਆਂ ਸਨ।

ਸਾਨੂੰ ਕਿਹਾ ਗਿਆ ਸੀ ਕਿ ਸਿਰਫ਼ ਚੰਗੇ, ਇਮਾਨਦਾਰ, ਸੁਹਿਰਦ ਆਦਮੀਆਂ ਨੂੰ ਜਨਤਕ ਅਹੁਦੇ ਦੇਣ ਦੀ ਜ਼ਰੂਰਤ ਹੈ ਅਤੇ ਉਹ ਆਪਣੇ ਆਪ 'ਸੁਸ਼ਾਸਨ' ਦੇਣਗੇ- ਅਸਮਰੱਥਾ ਅਤੇ ਭ੍ਰਿਸ਼ਟਾਚਾਰ ਤੋਂ ਨਿਜਾਤ ਦਿਵਾਉਣ ਦੇ ਨਾਲ ਨਾਲ ਸਿਆਸਤ ਨੂੰ 'ਹਿੰਦੂ ਸ਼ਾਸਕ ਦੀ ਦਰ' ਦੀਆਂ ਗੱਲਾਂ ਤੋਂ ਪਰ੍ਹਾਂ ਲਿਜਾਣਗੇ। ਇਹ ਭਰੋਸਾ ਦੋ ਵਾਰ ਤੋੜਿਆ ਗਿਆ ਹੈ- ਪਹਿਲੀ ਵਾਰ, 2016 ਦੇ ਜਾਟ ਅੰਦੋਲਨ ਸਮੇਂ ਅਤੇ ਦੂਜੀ ਵਾਰ, ਹੁਣ ਪੰਚਕੂਲਾ ਵਿੱਚ ਵਾਪਰੇ ਘਟਨਾਕ੍ਰਮ ਸਮੇਂ।

ਸਰਕਾਰ ਦੇ ਇਤਬਾਰ ਨਾਂ ਦੀ ਵੀ ਕੋਈ ਸ਼ੈਅ ਹੁੰਦੀ ਹੈ? ਇਹ ਇੱਕ ਵਾਰ ਗੁੰਮ ਹੋ ਜਾਵੇ ਤਾਂ ਸੁਖਾਲਿਆਂ ਮੁੜ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸ੍ਰੀ ਖੱਟਰ ਦਾ ਕਾਰਜਕਾਲ ਖ਼ਤਮ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਰਾਜ ਨੂੰ ਅਰਾਜਕ ਤੱਤਾਂ ਤੋਂ ਮੁੜ ਚੁਣੌਤੀ ਮਿਲੇਗੀ ਜੋ ਸਰਕਾਰ ਅਤੇ ਇਸ ਦੇ ਇਕਬਾਲ ਤੋਂ ਹੁਣ ਭੈਅ ਨਹੀਂ ਖਾਂਦੇ।

ਬੇਸ਼ੱਕ, ਸਿਆਸੀ ਵਿਵਾਦ ਕਰਨ ਵਾਲੇ ਪੇਸ਼ੇਵਰ ਲੋਕ ਅਤੇ ਤਰਜਮਾਨ ਕਿਸੇ ਨਾ ਕਿਸੇ ਸਰਕਾਰ ਦੀ ਕਾਮਯਾਬੀ ਜਾਂ ਨਾਕਾਮੀ ਬਾਰੇ ਫ਼ਿਕਰੇਬਾਜ਼ੀ ਕਰਦੇ ਹੀ ਰਹਿਣਗੇ। ਸਾਨੂੰ ਸਬਜ਼ਬਾਗ ਦਿਖਾਉਣ ਦੀ ਕੋਸ਼ਿਸ਼ ਕਰਦੇ ਰਹਿਣਾ ਅਤੇ ਸਮੱਸਿਆਵਾਂ ਦੇ ਨੁਕਸਦਾਰ ਹੱਲ ਪੇਸ਼ ਕਰਨਾ ਤਾਂ ਸਿਆਸਤਦਾਨਾਂ ਦਾ ਕੰਮ ਹੈ। ਇਹ ਤਾਂ ਆਮ ਵਾਂਗ ਅਨੈਤਿਕ ਅਤੇ ਸਵੈ-ਕੇਂਦਰਿਤ ਸਿਆਸਤ ਹੈ। ਹੋਰ ਕਿਸੇ ਵੀ ਤਰ੍ਹਾਂ ਦੇ ਨੈਤਿਕ ਵਿਚਾਰਾਂ ਨੂੰ ਤਜ ਕੇ ਚੋਣਾਂ ਦਾ ਅਗਲਾ ਗੇੜ ਜਿੱਤਣਾ ਹੀ ਸਭ ਤੋਂ ਪ੍ਰਮੁੱਖ ਰੁਝੇਵਾਂ ਬਣ ਗਿਆ ਹੈ। ਜੇਕਰ ਕੋਈ ਆਗੂ ਕੋਈ ਵੀ ਹਰਬਾ ਵਰਤ ਕੇ ਆਪਣੀ ਪਾਰਟੀ ਨੂੰ ਚੋਣਾਂ ਵਿੱਚ ਜਿੱਤ ਦਿਵਾਉਂਦਾ ਹੈ ਤਾਂ ਉਸ ਨੂੰ 'ਚਾਣਕਯ' ਦਰਸਾਉਂਦਿਆਂ ਉਸ ਦੇ ਸੋਹਲੇ ਗਾਏ ਜਾਂਦੇ ਹਨ।

ਚਾਲਾਕ ਲੋਕ ਬਾਬੇ ਵੱਲੋਂ ਕੀਤੇ ਵਿਸਾਹਘਾਤਾਂ ਅਤੇ ਡੇਰੇ ਵਿੱਚ ਵਾਪਰ ਰਹੀਆਂ ਸਾਰੀਆਂ ਘਟਨਾਵਾਂ ਬਾਰੇ ਕਹਾਣੀਆਂ ਘੜਨ ਅਤੇ ਉਪਜਾਉਣ ਵਿੱਚ ਰੁੱਝੇ ਹੋਏ ਹਨ। ਸਾਨੂੰ ਬਾਬੇ ਦੀ ਜੀਵਨ ਸ਼ੈਲੀ, ਉਸ ਦੇ 'ਪ੍ਰਮੁੱਖ ਸੇਵਕਾਂ' ਦੇ ਰਹਿਣ-ਸਹਿਣ ਦੇ ਢੰਗ ਬਾਰੇ ਸੁਆਦਲੇ ਵੇਰਵੇ ਦੇ ਕੇ ਆਨੰਦਿਤ ਕੀਤਾ ਜਾ ਰਿਹਾ ਹੈ- ਜਿਵੇਂ ਇਨ੍ਹਾਂ ਸਾਰੇ ਸਾਲਾਂ ਦੌਰਾਨ ਡੇਰੇ ਵਿੱਚ ਆਉਣ ਜਾਣ ਵਾਲੇ ਸਿਆਸਤਦਾਨਾਂ ਨੂੰ ਤਾਂ ਇਹ ਕੁਝ ਪਤਾ ਹੀ ਨਹੀਂ ਸੀ। ਡੇਰਾ ਅਤੇ ਇਸ ਦੇ ਸ਼ਰਧਾਲੂ ਬਿਲਕੁਲ ਹੀ ਸਿੱਧੜ ਬਣਾ ਕੇ ਪੇਸ਼ ਕੀਤੇ ਜਾ ਰਹੇ ਹਨ ਜੋ ਆਪੂੰ ਬਣੇ ਗੁਰੂ ਦੇ ਅਨੁਯਾਈ ਹਨ। ਇਸ ਨੂੰ ਨਵੀਂ ਲੱਭਤ ਮੰਨਿਆ ਜਾ ਰਿਹਾ ਹੈ। ਅਤੇ ਕੋਈ ਵੀ ਇਸ ਗੱਲੋਂ ਪੁਲੀਸ ਦੀ ਨਾਕਾਮੀ (ਜਾਂ ਸਾਜ਼ਿਸ਼) ਬਾਰੇ ਗੱਲ ਨਹੀਂ ਕਰ ਰਿਹਾ ਕਿ ਕੋਈ ਪ੍ਰਮੁੱਖ ਅਹੁਦੇਦਾਰ ਸੁਰੱਖਿਆ ਬਲਾਂ ਦੇ ਜਾਲ ਵਿੱਚੋਂ ਬਚ ਕੇ ਨਿਕਲਣ ਵਿੱਚ ਕਿਵੇਂ ਕਾਮਯਾਬ ਹੋਇਆ।

**'ਨਵੇਂ ਭਾਰਤ' ਦੇ 'ਨਵੇਂ ਮਾਪਦੰਡ'**

ਸਾਨੂੰ ਵਾਰ ਵਾਰ ਇਹ ਦੱਸਿਆ ਜਾਂਦਾ ਹੈ ਕਿ ਅਸੀਂ ਹੁਣ 'ਨਵੇਂ ਭਾਰਤ' ਵਿੱਚ ਰਹਿੰਦੇ ਹਾਂ ਜਿਸ ਨੇ ਸਹੀ ਅਤੇ ਗ਼ਲਤ, ਕਾਮਯਾਬੀ ਅਤੇ ਨਾਕਾਮੀ, ਨੈਤਿਕ ਅਤੇ ਅਨੈਤਿਕ ਤਰੀਕਿਆਂ ਬਾਰੇ ਆਪਣੇ 'ਨਵੇਂ ਮਾਪਦੰਡ' ਬਣਾ ਲਏ ਹਨ। ਗਿਆਨ ਦੇ ਪੁਰਾਣੇ ਮਾਪਦੰਡ, ਵਿਕਾਸ ਬਾਰੇ ਪੁਰਾਣੇ ਵਿਚਾਰ ਅਤੇ ਵਿਚਾਰਾਂ 'ਤੇ ਅਮਲ ਕਰਨ ਵਾਲੇ ਪੁਰਾਣੇ ਵਿਅਕਤੀਆਂ ਨੂੰ ਪੁਰਾਣੀ ਕਰੰਸੀ ਵਾਂਗ ਅਧਿਕਾਰਤ ਤੌਰ 'ਤੇ ਇੱਕ ਤਰ੍ਹਾਂ ਕਬਾੜ ਵਿੱਚ ਸੁੱਟ ਦਿੱਤਾ ਗਿਆ ਹੈ। ਗਣਿਤਕ ਸਿਧਾਂਤਾਂ ਅਤੇ ਵਿਗਿਆਨਕ ਸਮੀਕਰਣਾਂ ਦੀ ਥਾਂ ਨਾਅਰਿਆਂ ਅਤੇ ਜੁਮਲਿਆਂ ਨੇ ਲੈ ਲਈ ਹੈ।

ਪੁਰਾਣੇ ਭਾਰਤ ਵਿੱਚ ਅਰਥ ਸ਼ਾਸਤਰ ਨੂੰ ਵਿਗਿਆਨ, ਚਾਹੇ ਅਨਿਸ਼ਚਿਤ ਵਿਗਿਆਨ ਹੀ ਸਹੀ, ਸਮਝਿਆ ਜਾਂਦਾ ਸੀ ਅਤੇ ਅਰਥਸ਼ਾਸਤਰੀਆਂ ਨੂੰ ਆਪਣੇ ਖੇਤਰ ਦੇ ਗਿਆਨ ਤੇ ਅੰਦਰੂਨੀ ਆਰਥਿਕ ਸਰਗਰਮੀਆਂ ਅਤੇ ਆਲਮੀ ਸ਼ਕਤੀਆਂ ਦਰਮਿਆਨ ਸਬੰਧ ਦੇਖ ਸਕਣ ਦੀ ਸਮਰੱਥਾ ਕਾਰਨ ਅਰਥਸ਼ਾਸਤਰੀਆਂ ਦਾ ਸਤਿਕਾਰ ਕੀਤਾ ਜਾਂਦਾ ਸੀ। ਦੂਜੇ ਪਾਸੇ ਨਵੇਂ ਭਾਰਤ ਵਿੱਚ ਹਾਰਵਰਡ ਦੇ ਅਰਥਸ਼ਾਸਤਰੀਆਂ ਦਾ ਮਖੌਲ ਉਡਾਇਆ ਜਾਂਦਾ ਹੈ ਜਦੋਂਕਿ ਆਮ ਸਿੱਧੇ ਸਾਦੇ ਸਿਆਸੀ ਬਿਆਨਾਂ ਨੂੰ ਸਤਿ ਧਰਮ ਦੀ ਗੱਲ ਵਜੋਂ ਦਰਸਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ।




ਪਿਛਲੇ ਕੁਝ ਦਿਨਾਂ ਵਿੱਚ ਨਵੇਂ ਭਾਰਤ ਦੇ ਨਵੇਂ ਸ਼ਾਸਕਾਂ ਦੇ ਇਸ ਕਿਸਮ ਦੇ ਨਵੇਂ ਗਿਆਨ ਦੀ 'ਮਿਰਚਾਂ ਦੀ ਫ਼ਸਲ' ਸਾਨੂੰ ਵੱਢਣੀ ਪਈ ਹੈ। ਭਾਰਤੀ ਰਿਜ਼ਰਵ ਬੈਂਕ ਦੇ ਅੰਕੜਿਆਂ ਦੇ ਆਧਾਰ ਉੱਤੇ ਅਸੀਂ ਹੁਣ ਜਾਣਦੇ ਹਾਂ ਕਿ ਨੋਟਬੰਦੀ ਦੀ ਸਾਰੀ ਪ੍ਰਕਿਰਿਆ ਸਮੇਂ ਅਤੇ ਰਾਸ਼ਟਰੀ ਊਰਜਾਵਾਂ ਦੀ ਬਰਬਾਦੀ ਹੀ ਸੀ। ਸਰਕਾਰ ਦੇ ਆਪਣੇ ਅੰਕੜਿਆਂ ਦੇ ਆਧਾਰ ਉੱਤੇ ਅਸੀਂ ਹੁਣ ਇਹ ਵੀ ਜਾਣਦੇ ਹਾਂ ਕਿ ਆਰਥਿਕ ਵਿਕਾਸ ਦੀ ਦਰ ਖ਼ਤਰਨਾਕ ਢੰਗ ਨਾਲ ਧੀਮੀ ਹੋ ਗਈ ਹੈ। ਮਜ਼ਬੂਤ ਜਾਪਦਾ ਅਰਥਚਾਰਾ ਅਚਾਨਕ ਹੁਣ ਕੁਝ ਅਨਿਸ਼ਚਿਤ ਜਾਪ ਰਿਹਾ ਹੈ।

ਫਿਰ ਵੀ ਸਾਨੂੰ ਨਰਮੀ ਨਾਲ ਦੱਸਿਆ ਗਿਆ ਹੈ ਕਿ ਆਰਥਿਕ ਮੰਦੀ ਨਾਲ ਨੋਟਬੰਦੀ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਪਿਛਲੇ ਕੁਝ ਦਿਨਾਂ ਦੌਰਾਨ ਕੇਂਦਰੀ ਮੰਤਰੀਆਂ ਨੇ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਤੋਤੇ ਵਾਂਗ ਇਹ ਰਟ ਲਾਈ ਰੱਖਣ ਲਈ ਵਰਤਿਆ ਹੈ ਕਿ ਨੋਟਬੰਦੀ ਸਚਮੁੱਚ ਬਹੁਤ ਹੀ ਸਫਲ ਰਹੀ।

ਇਸ ਸਰਕਾਰੀ 'ਜਾਦੂਗਰੀ' ਦੇ ਸੰਦਰਭ ਵਿੱਚ ਮੈਂ ਕੌਸ਼ਿਕ ਬਾਸੂ ਦੀ ਨਵੀਂ ਪੁਸਤਕ 'ਐਨ ਇਕੌਨੋਮਿਸਟ ਇਨ ਦਿ ਰੀਅਲ ਵਰਲਡ, ਦਿ ਆਰਟ ਔਫ ਪੌਲਿਸੀ ਮੇਕਿੰਗ ਇਨ ਇੰਡੀਆ' ਦੀ ਸਿਫ਼ਾਰਿਸ਼ ਕਰਦਾ ਹਾਂ। ਬਾਸੂ ਨੇ ਯੂਪੀਏ ਦੇ ਰਾਜ ਦੌਰਾਨ ਮੁੱਖ ਆਰਥਿਕ ਸਲਾਹਕਾਰ ਵਜੋਂ ਆਪਣੇ ਕਾਰਜ ਕਾਲ ਦਾ ਵੇਰਵਾ ਦਿੱਤਾ ਹੈ। ਇਹ ਪੁਸਤਕ ਸਾਡੇ ਕੌਮੀ ਅਰਥਚਾਰੇ ਵਿਚਲੇ ਪੇਚੀਦਾ ਸਬੰਧਾਂ ਦੀ ਝਲਕ ਪੇਸ਼ ਕਰਦੀ ਹੈ।

ਪਰ ਇਸ ਤੋਂ ਜ਼ਿਆਦਾ ਰੂਹ ਫੂਕਣ ਵਾਲੀ ਗੱਲ ਇਹ ਹੈ ਕਿ ਬਾਸੂ ਨੇ ਪੂਰੀ ਤਰ੍ਹਾਂ ਅਲੰਕਾਰ ਮੁਕਤ ਸੁਰ ਵਰਤੀ ਹੈ; ਇੱਕ ਥਾਂ ਤਾਂ ਉਹ ਆਤਮ-ਨਿਖੇਧੀ ਭਰੇ ਢੰਗ ਨਾਲ ਆਪਣੇ ਘਰ ਕੰਮ ਕਰਨ ਵਾਲੀ ਬੀਬੀ ਦੇ ਸ਼ਬਦਾਂ ਵਿੱਚ ਦੱਸਦੇ ਹਨ ਕਿ ਉਹ ਉਨ੍ਹਾਂ ਨੂੰ ਹੀ 'ਭਾਰਤ ਵਿੱਚ ਵਧ ਰਹੀਆਂ ਕੀਮਤਾਂ ਲਈ ਜ਼ਿੰਮੇਵਾਰ' ਵਿਅਕਤੀ ਸਮਝਦੀ ਸੀ।

ਮੈਨੂੰ ਅੰਤਿਮ ਅਧਿਆਇ ਵਿਚਲੀ ਜਾਣਕਾਰੀ ਸਭ ਤੋਂ ਸੁਆਦਲੀ ਜਾਪੀ। ਇਸ ਦੀ ਇਬਾਰਤ ਇਉਂ ਹੈ: "ਰਾਸ਼ਟਰ ਦੀ ਰਹਿਨੁਮਾਈ ਕਰ ਰਹੇ ਨੀਤੀਘਾੜਿਆਂ ਨੂੰ ਬਹੁਤ ਕੁਝ ਜਾਣਨ ਦੀ ਲੋੜ ਹੁੰਦੀ ਹੈ, ਇਸ ਤੋਂ ਅਹਿਮ ਇਹ ਗੱਲ ਹੈ ਕਿ ਉਨ੍ਹਾਂ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਉਹ ਕੀ ਕੁਝ ਨਹੀਂ ਜਾਣਦੇ। ਇਤਿਹਾਸ ਵਿੱਚ ਨੀਤੀਗਤ ਤੌਰ ਉੱਤੇ ਸਭ ਤੋਂ ਵੱਡੀਆਂ ਗ਼ਲਤੀਆਂ ਇਸ ਕਰਕੇ ਹੋਈਆਂ ਕਿਉਂਕਿ ਆਗੂਆਂ ਨੇ ਆਪਣੇ ਗਿਆਨ ਅਤੇ ਯੋਗਤਾ ਦਾ ਅਧਿਕ-ਮੁਲਾਂਕਣ ਕਰ ਲਿਆ ਸੀ। ਮਿਸਾਲ ਵਜੋਂ 1958 ਵਿੱਚ ਚੀਨ ਵੱਲੋਂ ਅਗਾਂਹ ਵੱਡੀ ਛਲਾਂਗ ਲਾਉਣ ਕਾਰਨ ਲਿਖਤੀ ਮਨੁੱਖੀ ਇਤਿਹਾਸ ਦਾ ਸਭ ਤੋਂ ਵੱਡਾ ਕਾਲ ਪਿਆ ਸੀ; ਧਿਆਨ ਨਾਲ ਯੋਜਨਾਬੰਦੀ ਕੀਤੇ ਬਿਨਾਂ ਲਾਗੂ ਕੀਤੀ ਗਈ ਮੁਆਵਜ਼ਾ ਨੀਤੀ ਕਾਰਨ 1923 ਵਿੱਚ ਜਰਮਨੀ ਵਿੱਚ ਅਤਿ ਦੀ ਮਹਿੰਗਾਈ ਹੋਈ। ਆਪਣੀਆਂ ਸੀਮਾਵਾਂ ਬਾਰੇ ਜਾਣਨਾ ਇਸ ਕਰਕੇ ਲਾਜ਼ਮੀ ਹੈ ਕਿਉਂਕਿ ਕਿਸੇ ਵੀ ਕੌਮੀ ਅਰਥਚਾਰੇ, ਇੱਥੋਂ ਤਕ ਕਿ ਸਭ ਤੋਂ ਛੋਟੇ ਅਰਥਚਾਰਿਆਂ, ਲਈ ਜੋ ਕੁਝ ਵੀ ਆਗੂ ਜਾਣਦਾ ਅਤੇ ਸਿੱਧੇ ਤੌਰ 'ਤੇ ਕਰ ਸਕਦਾ ਹੈ, ਉਹ ਬਹੁਤ ਹੀ ਸੀਮਿਤ ਹੋਵੇਗਾ।"

ਨਵੇਂ ਭਾਰਤ ਵਿੱਚ ਇਸ ਨੂੰ ਸਿੱਧਾ ਕੁਫ਼ਰ ਹੀ ਸਮਝਿਆ ਜਾਣਾ ਚਾਹੀਦਾ ਹੈ।

ਸਿੱਟੇ ਵਿੱਚ ਕੌਸ਼ਿਕ ਬਾਸੂ ਚਿਤਾਵਨੀ ਦਿੰਦੇ ਹਨ ਕਿ ਮੌਜੂਦਾ ਰਾਸ਼ਟਰਵਾਦ ਨੂੰ ਇਸ ਆਲਮੀ ਏਜੰਡੇ ਲਈ ਰਸਤਾ ਛੱਡ ਦੇਣਾ ਚਾਹੀਦਾ ਹੈ ਕਿ ਆਪਣੀਆਂ ਸੰਕੀਰਣ ਪਛਾਣਾਂ ਦਾ ਲਿਹਾਜ਼ ਕੀਤੇ ਬਿਨਾਂ ਸਾਰੇ ਲੋਕ ਇਸ ਨੂੰ ਆਕਾਰ ਦੇ ਸਕਦੇ ਅਤੇ ਇਸ ਦੀ ਪਾਲਣਾ ਕਰ ਸਕਦੇ ਹਨ।"

ਪ੍ਰੋਫ਼ੈਸਰ ਬਾਸੂ, ਇਹ ਗੱਲ ਨਵੇਂ ਭਾਰਤ ਵਿੱਚ ਤੁਹਾਡੇ ਉੱਤੇ ਰਾਸ਼ਟਰ-ਵਿਰੋਧੀ ਹੋਣ ਦਾ ਇਲਜ਼ਾਮ ਲਗਵਾ ਸਕਦੀ ਹੈ।

**ਗ਼ਰੀਬ ਆਦਮੀ ਲਈ ਡੇਰਾ ਸੱਚਾ ਸੌਦਾ ਸੀ ਕਲੱਬ**

ਪਿਛਲੇ ਹਫ਼ਤੇ ਇਸ ਕਾਲਮ ਵਿੱਚ ਮੈਂ ਦਲੀਲ ਦਿੱਤੀ ਸੀ ਕਿ ਹੋਰ ਡੇਰਿਆਂ ਵਾਂਗ ਡੇਰਾ ਸੱਚਾ ਸੌਦਾ ਵੀ ਆਪਣੇ ਸ਼ਰਧਾਲੂਆਂ ਦੀਆਂ ਮਨੋਵਿਗਿਆਨਕ, ਭਾਵਨਾਤਮਿਕ, ਵਿੱਦਿਅਕ ਅਤੇ ਸਿਹਤ ਸਬੰਧੀ ਜ਼ਰੂਰਤਾ ਉੱਤੇ ਧਿਆਨ ਦਿੰਦਾ ਹੈ। ਮੈਂ ਇਹ ਵਿਚਾਰ ਪੇਸ਼ ਕੀਤਾ ਸੀ ਕਿ ਡੇਰਾ ਸੱਚਾ ਸੌਦਾ ਗ਼ਰੀਬ ਆਦਮੀ ਲਈ ਲਾਇਨਜ਼ ਕਲੱਬ ਜਾਂ ਰੋਟਰੀ ਕਲੱਬ ਵਾਂਗ ਸੀ।

ਕਈ ਰੋਟੇਰੀਅਨ ਅਤੇ ਲਾਇਨਜ਼ ਇਸ ਤੁਲਨਾ ਤੋਂ ਪ੍ਰਸੰਨ ਨਹੀਂ ਹਨ ਅਤੇ ਉਨ੍ਹਾਂ ਨੇ ਮੇਰੇ ਕੋਲ ਆਪਣੀ ਨਾਖ਼ੁਸ਼ੀ ਦਾ ਪ੍ਰਗਟਾਵਾ ਵੀ ਕੀਤਾ ਹੈ। ਪੰਜਾਬ ਦੇ ਸਾਬਕਾ ਚੀਫ ਇੰਜਨੀਅਰ ਅਤੇ ਰੋਟਰੀ ਡਿਸਟ੍ਰਿਕਟ (ਜਿਸ ਵਿੱਚ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਸ਼ਾਮਲ ਹਨ) ਦੇ ਸਾਬਕਾ ਡਿਸਟ੍ਰਿਕਟ ਗਵਰਨਰ ਮਨਮੋਹਨ ਸਿੰਘ ਹੋਰਾਂ ਨੇ ਰੋਟਰੀ ਕਲੱਬ ਦੀਆਂ ਸਮਾਜ ਲਈ ਲਾਹੇਵੰਦ ਸਰਗਰਮੀਆਂ ਦੇ ਵੇਰਵੇ ਮੈਨੂੰ ਲਿਖ ਭੇਜੇ ਹਨ। ਮੈਨੂੰ ਇੱਕ ਵਾਰ ਰੋਟੇਰੀਅਨ ਮਨਮੋਹਨ ਸਿੰਘ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਦੋਂਕਿ ਇੱਕ ਹੋਰ ਉੱਘੇ ਰੋਟਰੀਅਨ ਰਾਜਾ ਸਾਬੂ ਨੂੰ ਮੈਂ ਕਈ ਵਾਰ ਮਿਲ ਚੁੱਕਿਆ ਹਾਂ। ਡੇਰੇ ਅਤੇ ਕਲੱਬਾਂ ਦੀ ਤੁਲਨਾ ਉਨ੍ਹਾਂ ਨੂੰ ਸ਼ਾਇਦ ਨਾਪਸੰਦ ਹੋਵੇ, ਪਰ ਇਸ ਦਾ ਮਕਸਦ ਰੋਟਰੀ ਜਾਂ ਲਾਇਨਜ਼ ਮੁਹਿੰਮਾਂ ਨੂੰ ਛੁਟਿਆਉਣਾ ਹਰਗਿਜ਼ ਨਹੀਂ ਸੀ। ਤੇ ਨਾ ਹੀ ਇਨ੍ਹਾਂ ਸਥਾਪਤ ਸਿਵਿਲ ਸੁਸਾਇਟੀ ਗਰੁੱਪਾਂ ਵੱਲੋਂ ਕੀਤੇ ਗਏ ਸਮਾਜ ਭਲਾਈ ਕਾਰਜਾਂ ਨੂੰ ਬਦਨਾਮ ਕਰਨਾ ਹੀ ਮੇਰਾ ਮਕਸਦ ਸੀ। ਪਰ ਕੋਈ ਵੀ ਸਮਾਜਿਕ ਅਧਿਐਨਕਰਤਾ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਕਿ ਹਜ਼ਾਰਾਂ ਲੱਖਾਂ ਸ਼ਰਧਾਲੂਆਂ (ਚਾਹੇ ਗੁਮਰਾਹ ਹੀ ਸਹੀ) ਨੇ ਡੇਰੇ ਵੱਲੋਂ ਮੁਹੱਈਆ ਕੀਤੀ ਜਾਂਦੀ ਭਾਈਚਾਰਕ ਇਕਮੁੱਠਤਾ ਤੋਂ ਬਲ ਹਾਸਲ ਕੀਤਾ ਅਤੇ ਉਹ ਇਹ ਮੰਨਦੇ ਰਹੇ ਕਿ ਡੇਰਾ ਸਮਾਜ ਵਿੱਚ ਬਦਲਾਅ ਲਿਆ ਰਿਹਾ ਸੀ।

**ਫ਼ੋਟੋਆਂ ਦਾ ਸ਼ੌਕੀ**

ਚਾਹੁੰਦਾ ਹਾਂ ਕਿ ਸਾਡੇ ਗਣਤੰਤਰ ਦੇ ਨਵੇਂ ਮੁਖੀ ਨੂੰ ਕੋਈ ਇਹ ਦੱਸੇ ਕਿ ਰਾਸ਼ਟਰਪਤੀ ਭਵਨ ਵਿੱਚ ਕਿਸੇ ਨੂੰ ਕੋਈ ਵੀ ਸਨਮਾਨ ਦਿੰਦਿਆਂ ਉਨ੍ਹਾਂ ਨੂੰ ਆਪਣਾ ਚਿਹਰਾ ਕੈਮਰੇ ਵੱਲ ਘੁਮਾਉਣ ਦੀ ਜ਼ਰੂਰਤ ਨਹੀਂ ਹੈ। ਜੇ ਹੋਵੇ ਵੀ ਤਾਂ ਐਵਾਰਡ ਲੈਣ ਵਾਲੇ ਨੂੰ ਕੈਮਰੇ ਵੱਲ ਦੇਖਣ ਦੀ ਉਤਸੁਕਤਾ ਹੋਣੀ ਚਾਹੀਦੀ ਹੈ।

ਬਹਰਹਾਲ, ਕੌਫ਼ੀ ਪੀਣ ਦਾ ਸਮਾਂ ਹੋ ਗਿਆ ਹੈ। ਸ਼ੁਕਰ ਹੈ ਕਿ ਕਾਲੀ ਕੌਫ਼ੀ 'ਤੇ ਹਾਲੇ ਪਾਬੰਦੀ ਨਹੀਂ ਲੱਗੀ। ਆਓ, ਤੁਸੀਂ ਵੀ ਮੇਰੇ ਨਾਲ ਕਾਲੀ ਕੌਫ਼ੀ ਸਾਂਝੀ ਕਰੋ।

('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

# Travel for Less Inc.

SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to
**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# UNITED SIKHS

*Recognize the Human Race as One*



## "ਗਰੀਬ ਦੀ ਰਸਨਾ ਕੋ ਗੁਰੂ ਕੀ ਗੋਲਕ ਜਾਣੋ"

# HURRICANE HARVEY RELIEF

# ਰਾਹਤ ਕਾਰਜ











ਸਮੁੰਦਰੀ ਤੂਫ਼ਾਨ ਹਾਰਵੇ ਕਾਰਨ ਆਏ ਹੜ੍ਹ ਨੇ ਹਜ਼ਾਰਾਂ ਲੋਕਾਂ ਨੂੰ
ਬੇਘਰ ਕਰ ਦਿੱਤਾ ਹੈ ਤੇ ਉਨ੍ਹਾਂ ਲੋਕਾਂ ਨੂੰ ਮਦਦ ਦੀ ਲੋੜ ਹੈ।

## ਐਮਰਜੈਂਸੀ ਫੰਡ ਲਈ ਅਪੀਲ

★ ਤਾਂ ਜੋ ਪੀੜਤ ਪਰਿਵਾਰਾਂ ਨੂੰ ਜ਼ਰੂਰਤ ਅਨੁਸਾਰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇ

★ ਤਾਂ ਜੋ ਗਰੀਬ ਇਲਾਕਿਆਂ ਨੂੰ ਅਡੌਪਟ ਕੀਤਾ ਜਾਵੇ ★ ਤਾਂ ਜੋ ਮੈਡੀਕਲ ਕੈਂਪਾਂ ਦਾ ਪ੍ਰਬੰਧ ਕੀਤਾ ਜਾਵੇ

**ਅੱਜ ਤੱਕ ਦਰਜਨਾਂ ਸ਼ੈਲਟਰਾਂ ਅਤੇ ਚਰਚਾਂ ਨੂੰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਗਿਆ ਹੈ।**

ਯੁਨਾਈਟਡ ਸਿੱਖਸ ਵੱਲੋਂ ਇਨ੍ਹਾਂ ਰਾਹਤਕਾਰੀ ਕਾਰਜਾਂ ਲਈ ਸਮੂਹ ਸਮਾਜ ਸੇਵੀ ਸੰਸਥਾਵਾਂ, ਗੁਰਦੁਆਰਾ ਸਾਹਿਬਾਨ ਕਮੇਟੀਆਂ ਅਤੇ ਸਿੱਖ ਸੰਗਤਾਂ ਨੂੰ ਤਨ, ਮਨ ਅਤੇ ਧਨ ਨਾਲ ਮਨੁੱਖਤਾ ਦੇ ਭਲੇ ਲਈ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ। ਆਉ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਅਤੇ ਦਸਮੇਸ਼ ਪਿਤਾ ਜੀ ਦੇ ਅਨਿਨ ਸਿੱਖ ਭਾਈ ਘਨੱਈਆ ਜੀ ਦੇ ਬਿਨਾ ਭਿੰਨ ਭੇਦ ਦੇ ਮਨੁੱਖਤਾ ਦੇ ਭਲੇ ਦੇ ਸਿਧਾਂਤ ਤੇ ਚੱਲ ਕੇ ਗੁਰੂ ਸਾਹਿਬਾਨ ਦੀ ਖੁਸ਼ੀ ਦੇ ਪਾਤਰ ਬਣੀਏ।

**To Donate : Text HOUSTON2017 to 91999**

**www.unitedsikhs.org e : sikhaid@unitedsikhs.org**

**t : +1-888-243-1690, +1-469-222-6288**

# ਹਾਕੀ ਦੀ ਨਰਸਰੀ ਸੰਸਾਰਪੁਰ ਦੇ ਖੇਡ ਸੰਸਾਰ ਨੂੰ ਸਮਰਪਤ ਹੈ ਪੰਜਾਬੀ ਫ਼ਿਲਮ 'ਖਿੱਦੋ ਖੂੰਡੀ'





ਚੰਡੀਗੜ੍ਹ/ਬਿਊਰੋ ਨਿਊਜ਼

ਰਵਾਇਤੀ ਪੇਂਡੂ ਲੋਕ ਖੇਡ ਵਜੋਂ ਹਰਮਨਪਿਆਰੀ 'ਖਿੱਦੋ ਖੂੰਡੀ' ਦੇ ਨਾਂ ਵਾਲੀ ਪੰਜਾਬੀ ਦੀ ਨਵੀਂ ਬਣੀ ਫਿਲਮ ਮਹਿਜ਼ ਹਾਕੀ ਨੂੰ ਨਹੀਂ ਬਲਕਿ ਹਾਕੀ ਦੀ ਨਰਸਰੀ ਵਜੋਂ ਜਾਣੇ ਜਾਂਦੇ ਪਿੰਡ ਸੰਸਾਰਪੁਰ ਦੇ ਖੇਡ ਸੰਸਾਰ ਨੂੰ ਸਮਰਪਤ ਹੈ । ਗੇਂਦ ਅਤੇ ਹਾਕੀ ਸਟਿਕ ਵਾਲੀ ਹਰਮਨਪਿਆਰੀ ਖੇਡ ਹਾਕੀ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਹੈ ਅਤੇ ਅਜਿਹੀ ਕੌਮਾਂਤਰੀ ਖੇਡ ਹੈ ਜਿਹੜੀ ਦੁਨੀਆਂ ਦੇ 140 ਦੇਸ਼ਾਂ ਵਿੱਚ ਖੇਡੀ ਜਾਂਦੀ ਹੈ।।

ਹੈਰੇ ਪ੍ਰੋਡਕਸ਼ਨਜ਼, ਰੋਹਿਤ ਜੁਗਰਾਜ ਅਤੇ ਸਗੁਨ ਵਾਘ ਵਲੋਂ ਤਿਆਰ ਕੀਤੀ ਗਈ ਫ਼ਿਲਮ ਖਿੱਦੋ ਖੂੰਡੀ ਮਾਰਚ 2018 'ਚ ਜਾਰੀ ਕਰਨ ਦੀ ਯੋਜਨਾ ਹੈ। ਫ਼ਿਲਮ ਦੀ ਮਾਰਕੀਟਿੰਗ ਅਤੇ ਪ੍ਰਮੋਸ਼ਨ ਦੀ ਜ਼ਿੰਮੇਦਾਰੀ ਯੂਨੀਸਿਸ ਇਨਫ਼ੋਸਾਲਿਊਸ਼ਨਜ਼ ਐਂਡ ਸਾਗਾ ਮਿਊਜ਼ਿਕ 'ਤੇ ਰਹੇਗੀ।

ਫਿਲਮ ਦਾ ਨਿਰਦੇਸ਼ਨ ਖ਼ੁਦ ਜੁਗਰਾਜ ਕਰ ਰਹੇ ਹਨ। ਇਸ ਫ਼ਿਲਮ ਨਾਲ ਉਹ ਫਿਲਮ ਨਿਰਮਾਣ 'ਚ ਵੀ ਪੈਰ ਰੱਖ ਰਹੇ ਹਨ। ਫਿਲਮ ਦੀ ਸਟਾਰ ਕਾਸਟ, ਨਿਰਮਾਣ ਟੀਮ ਅਤੇ ਕੁੱਝ ਹਾਕੀ ਓਲੰਪਿਕ ਖਿਡਾਰੀਆਂ ਨੇ ਪੰਜਾਬੀ ਦੀ ਇਸ ਅਨੋਖੀ ਸਪੋਰਟਸ ਫ਼ਿਲਮ ਬਾਰੇ ਗੱਲਬਾਤ ਕਰਨ ਲਈ ਹੋਟਲ ਜੇ ਡਬਲਿਊ ਮੈਰੀਅਟ 'ਚ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਹ ਫ਼ਿਲਮ ਜਲੰਧਰ ਨੇੜੇ ਵੱਸੇ ਇਕ ਛੋਟੇ ਜਿਹੇ ਪਿੰਡ ਸੰਸਾਰਪੁਰ ਦੀ ਕਹਾਣੀ ਦਸਦੀ ਹੈ, ਜਿਥੋਂ ਦੇਸ਼ ਨੂੰ 14 ਹਾਕੀ ਓਲੰਪੀਅਨ ਮਿਲ ਚੁੱਕੇ ਹਨ।

ਜਲੰਧਰ 'ਚ 2013 ਤੋਂ ਕਬੱਡੀ ਲੀਗ ਦਾ ਪ੍ਰਬੰਧ ਕਰਨ ਲਈ ਪ੍ਰਸਿਧ ਕੰਪਨੀ, ਹੈਰੇ ਐਂਟਰਟੇਨਮੈਂਟ ਦੇ ਸੀਈਓ, ਤਲਵਿੰਦਰ ਹੈਰੇ ਨੇ ਕਿਹਾ, 'ਖੇਡਾਂ ਦੀ ਸਮਾਜ 'ਚ ਇਕ ਮਹੱਤਵਪੂਰਣ ਭੂਮਿਕਾ ਹੁੰਦੀ ਹੈ, ਇਸ ਲਈ ਅਸੀਂ ਵੀ ਇਨ੍ਹਾਂ ਨੂੰ ਹੁੰਗਾਰਾ ਦੇਣ 'ਚ ਵਿਸ਼ਵਾਸ ਰਖਦੇ ਹਾਂ ਅਤੇ ਮੈਨੂੰ ਵਿਸ਼ਵਾਸ ਹੈ ਕਿ ਫ਼ਿਲਮ ਇਸੇ ਸੋਚ 'ਤੇ ਖਰੀ ਉਤਰੇਗੀ।'

ਮਿੱਟੀ ਦਾ ਬਾਵਾ ਐਲਬਮ ਨਾਲ ਧੁੰਮਾਂ ਪਾ ਚੁੱਕੇ, ਮਸ਼ਹੂਰ ਪੰਜਾਬੀ ਗਾਇਕ ਰਣਜੀਤ ਬਾਵਾ ਇਸ ਫ਼ਿਲਮ ਦੇ ਮੁੱਖ ਹੀਰੋ ਹਨ, ਜਦਕਿ ਇਸਦੀ ਨਾਇਕਾ ਹਨ ਮੈਂਡੀ ਤੱਖੜ, ਸਰਦਾਰਜੀ ਅਤੇ ਮਿਰਜ਼ਾ ਜਿਹੀਆਂ ਫਿਲਮਾਂ ਤੋਂ ਆਪਣੀ ਪਛਾਣ ਬਣਾ ਚੁਕੀ। ਉਡਤਾ ਪੰਜਾਬ ਅਤੇ ਨਾਮ ਸ਼ਬਾਨਾ ਜਿਹੀਆਂ ਬਾਲੀਵੁੱਡ ਫਿਲਮਾਂ ਦੇ ਲਈ ਪ੍ਰਸ਼ੰਸਾ ਪ੍ਰਾਪਤ ਕਰ ਚੁੱਕੇ ਕਲਾਕਾਰ ਮਾਨਵ ਵਿਜ ਵੀ ਇਸ ਫ਼ਿਲਮ 'ਚ ਅਦਾਕਾਰੀ ਕਰਦੇ ਦਿਸਣਗੇ। ਇਰਾਨੀ ਮਾਡਲ ਨਾਜ ਨੋਰੌਜੀ ਇਸ ਫ਼ਿਲਮ ਤੋਂ ਅਪਣੇ ਅਦਾਕਾਰੀ ਕੈਰੀਅਰ ਦੀ ਸ਼ੁਰੂਆਤ ਕਰੇਗੀ।

## ਕੌਮਾਂਤਰੀ ਸਰਹੱਦ ਦੀ ਸ਼ਮਸ਼ ਪੋਸਟ ਤੋਂ 53 ਕਰੋੜ ਦੀ ਹੈਰੋਇਨ ਬਰਾਮਦ

**ਜਲਾਲਾਬਾਦ/ਬਿਊਰੋ ਨਿਊਜ਼ :**

ਸੀਮਾ ਸੁਰੱਖਿਆ ਬਲ (ਬੀਐਸਐਫ) ਦੀ ਬਟਾਲੀਅਨ-2 ਵੱਲੋਂ ਭਾਰਤ-ਪਾਕਿ ਕੌਮਾਂਤਰੀ ਸਰਹੱਦ ਦੀ ਪੋਸਟ ਸ਼ਮਸ਼ ਕੇ ਤੋਂ 10 ਕਿਲੋ 740 ਗ੍ਰਾਮ ਵਜ਼ਨ ਹੈਰੋਇਨ ਦੇ 10 ਪੈਕਟ ਬਰਾਮਦ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਬੀਐਸਐਫ ਅਬੋਹਰ ਦੇ ਡੀਆਈਜੀ ਹੈੱਡਕੁਆਰਟਰ ਮਧੂਸੂਦਨ ਸ਼ਰਮਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਸਰਹੱਦ 'ਤੇ ਗਸ਼ਤ ਕਰ ਰਹੇ ਬੀਐਸਐਫ ਦੇ ਜਵਾਨਾਂ ਨੂੰ ਪਿੰਡ ਸ਼ਮਸ਼ ਕੇ ਪੋਸਟ ਨਜ਼ਦੀਕ ਕੁਝ ਸ਼ੱਕੀ ਆਵਾਜ਼ਾਂ ਸੁਣਾਈ ਦਿੱਤੀਆਂ, ਪ੍ਰੰਤੂ ਮੌਸਮ ਦੀ ਖ਼ਰਾਬੀ ਕਾਰਨ ਜਵਾਨ ਕੁਝ ਸਮਝ ਨਾ ਸਕੇ। ਜਵਾਨਾਂ ਵੱਲੋਂ ਜਦੋਂ ਇਲਾਕੇ ਵਿੱਚ ਮੁਸਤੈਦੀ ਨਾਲ ਜਾਂਚ ਕੀਤੀ ਗਈ ਤਾਂ ਉਥੋਂ ਪਾਕਿਸਤਾਨ ਵੱਲੋਂ ਸੁੱਟੀ ਗਈ ਕਰੀਬ 10 ਕਿਲੋ 740 ਗ੍ਰਾਮ ਹੈਰੋਇਨ ਦੇ 10 ਪੈਕਟ ਮਿਲੇ। ਡੀਆਈਜੀ ਨੇ ਦੱਸਿਆ ਕਿ ਬਰਾਮਦ ਕੀਤੀ ਗਈ ਹੈਰੋਇਨ ਦੀ ਕੀਮਤ ਅੰਤਰਰਾਸ਼ਟਰੀ ਬਜ਼ਾਰ ਵਿੱਚ ਕਰੀਬ 53 ਕਰੋੜ ਰੁਪਏ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਫਰੰਟੀਅਰ ਦੇ ਆਈਜੀ ਮੁਕਲ ਗੋਇਲ ਦੀ ਅਗਵਾਈ ਹੇਠ ਜਵਾਨਾਂ ਨੇ ਪਾਕਿਸਤਾਨ ਵੱਲੋਂ ਭੇਜੀ ਜਾਣ ਵਾਲੀ ਨਸ਼ੇ ਦੀ ਖੇਪ ਖਿਲਾਫ਼ ਸਖ਼ਤ ਕਾਰਵਾਈ ਆਰੰਭੀ ਹੋਈ ਹੈ ਅਤੇ ਜਵਾਨਾਂ ਵੱਲੋਂ ਲਗਾਤਾਰ ਗਸ਼ਤ ਕਰਕੇ ਸਰਹੱਦ ਪਾਰ ਹੋਣ ਵਾਲੀਆਂ ਸਰਗਰਮੀਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।












## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Loves Travel Stops & Country Stores


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


NOW OPEN IN MODESTO/CERES
PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions
FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307


ਟਰੱਕਿੰਗ ਕੰਪਨੀਆਂ ਦੀਆਂ ਮੁਸ਼ਕਲਾਂ ਦਾ ਹੱਲ, ਹੁਣ ਬਹੁਤ ਹੀ ਆਸਾਨ
ਅਸੀਂ ਤੁਹਾਨੂੰ ਦੇਵਾਂਗੇ, ਹਰ ਮੁਸ਼ਕਲ ਦਾ ਆਸਾਨ ਤਰੀਕਾ
ਹੁਣ ਤੁਹਾਨੂੰ DOT ਅਤੇ IFTA ਆਦਿ ਦੇ ਆਡਿਟ ਤੋਂ ਡਰਨ ਦੀ ਲੋੜ ਨਹੀਂ
• Paperless Trucking
• Driver Hiring
• Driver Application
• Maintainance Record
• Accident Record
• Drug Test Record etc
Coming Soon
E Logbook, Dispatch, Billing, Payroll, Vehicle Tracking, GPS, Automatic IFTA Report, Digital Logbook
Global Solution for Transportation
DBA E Trucking Solution
12 ਸਾਲ ਲਾਈਸੈਂਸ ਪਲੇਟਸ ਅਤੇ ਟਰੱਕ ਪਰਮਿਟ ਆਦਿ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਬਾਅਦ ਹੁਣ ਅਸੀਂ ਤੁਹਾਡੀ ਮਦਦ ਕਰਾਂਗੇ, ਚਿੰਤਾ ਮੁਕਤ ਕੰਪਨੀ ਚਲਾਉਣ ਵਿਚ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
1-800-936-4011, 209-636-0880
Fax: 209-636-0850
Email : etrucking@etruckingsolution.com
Rajinder Singh Tanda
Lakhvir Singh


$20 Off For Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

## ਲੰਡਨ : ਸਿੱਖਾਂ ਨੂੰ ਕਿਰਪਾਨ ਪਹਿਨ ਕੇ ਪਾਰਕ 'ਚ ਆਉਣ 'ਤੇ ਲੱਗੀ ਪਾਬੰਦੀ ਹਟਾਈ

**ਲੰਡਨ/ਬਿਊਰੋ ਨਿਊਜ਼ :** ਸਿੱਖ ਬੱਚਿਆਂ ਦੇ ਇਕ ਗਰੁੱਪ ਨਾਲ ਇਕ ਅੰਮ੍ਰਿਤਧਾਰੀ ਸਿੱਖ ਨੂੰ ਕਿਰਪਾਨ ਪਹਿਨ ਕੇ ਬਰਤਾਨੀਆ ਵਿਚ ਸਟੈਫੋਰਡਸ਼ਾਇਰ ਸਥਿਤ ਡਰੇਟਨ ਮੈਨਰ ਥੇਮ ਪਾਰਕ ਅੰਦਰ ਜਾਣ ਤੋਂ ਰੋਕੇ ਜਾਣ ਦੀ ਖ਼ਬਰ ਨਾਲ ਸਿੱਖਾਂ ਅੰਦਰ ਫੈਲੇ ਰੋਸ ਤੋਂ ਬਾਅਦ ਇਸ ਮਾਮਲੇ ਨੂੰ ਸਿੱਖ ਕੌਂਸਲ ਯੂ.ਕੇ. ਨੇ ਹੁਣ ਨਜਿੱਠ ਲਿਆ ਹੈ ਅਤੇ ਪਾਰਕ ਦੇ ਪ੍ਰਬੰਧਕਾਂ ਨੇ ਕਿਰਪਾਨ 'ਤੇ ਲਾਈ ਪਾਬੰਦੀ ਨੂੰ ਹਟਾ ਦਿੱਤਾ ਹੈ। ਸਟੈਫੋਰਡਸ਼ਾਇਰ ਸਥਿਤ ਡਰੇਟਨ ਮੈਨਰ ਥੇਮ ਪਾਰਕ ਵਿਚ ਇਕ ਬੱਚੇ ਦੇ ਜਨਮ ਦਿਨ ਮੌਕੇ ਪਾਰਟੀ ਰੱਖੀ ਗਈ ਸੀ, ਜਿਸ ਵਿਚ ਜਾਣ ਸਮੇਂ ਇਕ ਪ੍ਰਾਇਮਰੀ ਸਕੂਲ ਦੇ ਕਵੈਂਟਰੀ ਵਾਸੀ ਅਧਿਆਪਕ ਨੇ ਛੋਟੀ ਕਿਰਪਾਨ ਪਹਿਨੀ ਹੋਈ ਸੀ। ਸਿੱਖ ਪ੍ਰੈੱਸ ਐਸੋਸੀਏਸ਼ਨ ਵੱਲੋਂ ਇਸ ਮੁੱਦੇ ਨੂੰ ਉਠਾਇਆ ਗਿਆ ਕਿ ਸਿੱਖਾਂ ਨੂੰ ਬਰਤਾਨੀਆ ਦੀ ਪਾਰਲੀਮੈਂਟ ਵਿਚ ਕਿਰਪਾਨ ਲਿਜਾਣ ਦੀ ਇਜਾਜ਼ਤ ਹੈ, ਪਰ ਅਫਸੋਸ ਕਿ ਇਕ ਪਾਰਕ ਵਿਚ ਲਿਜਾਣ ਤੋਂ ਰੋਕਿਆ ਗਿਆ ਹੈ, ਬਾਅਦ ਵਿੱਚ ਇਹ ਮਾਮਲਾ ਸਿੱਖ ਕੌਂਸਲ ਯੂ.ਕੇ. ਕੋਲ ਪਹੁੰਚਿਆ ਅਤੇ ਪਾਰਕ ਦੇ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਗਈ ਅਤੇ ਸਿੱਖ ਧਰਮ ਵਿੱਚ ਕਿਰਪਾਨ ਦੀ ਮਹੱਤਤਾ ਤੋਂ ਚੰਗੀ ਤਰ੍ਹਾਂ ਜਾਣੂ ਕਰਵਾਇਆ ਗਿਆ। ਇਸ ਤੋਂ ਬਾਅਦ ਸਿੱਖ ਕੌਂਸਲ ਯੂ.ਕੇ. ਅਤੇ ਪਾਰਕ ਦੇ ਪ੍ਰਬੰਧਕਾਂ ਵੱਲੋਂ ਬਣਾਏ ਨਵੇਂ ਨਿਯਮਾਂ ਵਿੱਚ ਕਿਹਾ ਗਿਆ ਕਿ ਪਾਰਕ ਅਧਿਕਾਰੀ ਕਿਰਪਾਨ ਦੀ ਜਾਂਚ ਕਰ ਸਕਦੇ ਹਨ, ਕਿਰਪਾਨ ਦੀ ਲੰਬਾਈ 6 ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ।

## ਆਸਟਰੇਲੀਆ : ਸਕੂਲਾਂ 'ਚ ਕਿਰਪਾਨ ਪਾਉਣ 'ਤੇ ਇਤਰਾਜ਼

**ਬ੍ਰਿਸਬਨ/ਬਿਊਰੋ ਨਿਊਜ਼ :** ਇੱਥੇ ਸੂਬਾ ਕੁਈਨਜ਼ਲੈਂਡ ਦੇ ਇੱਕ ਸਕੂਲ ਵਿੱਚ ਸਿੱਖ ਧਰਮ ਵਿੱਚ ਪੰਜ ਕਕਾਰਾਂ ਵਿੱਚੋਂ ਇੱਕ ਕਿਰਪਾਨ ਦੀ ਧਾਰਮਿਕ ਮਹੱਤਤਾ ਨੂੰ ਦੇਖਦਿਆਂ, ਬੱਚਿਆਂ ਦੇ ਮਾਪਿਆਂ ਨੂੰ ਕਿਰਪਾਨ ਪਹਿਨ ਕੇ ਸਕੂਲ ਅੰਦਰ ਆਉਣ ਦੀ ਆਗਿਆ ਸੀ, ਜਿਸ ਉੱਤੇ ਹੁਣ ਕੁਈਨਜ਼ਲੈਂਡ ਸਿੱਖਿਆ ਵਿਭਾਗ ਨੇ 'ਕੁਈਨਜ਼ਲੈਂਡ ਹਥਿਆਰ ਐਕਟ 1990' ਦੇ ਹਵਾਲੇ ਨਾਲ ਇਤਰਾਜ਼ ਜ਼ਾਹਰ ਕੀਤਾ ਹੈ। ਵਿਭਾਗ ਦੇ ਡਾਇਰੈਕਟਰ ਜਨਰਲ ਡਾ. ਜਿਮ ਵੈਟਟਰਸੋਨ ਅਨੁਸਾਰ ਸਕੂਲ ਦੀ ਗਰਾਊਂਡ ਅੰਦਰ ਕਿਰਪਾਨ ਪਹਿਨ ਕੇ ਆਉਣਾ ਕਾਨੂੰਨ ਅਤੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਗਲਤ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਸੂਬੇ ਦੇ ਸਾਰੇ ਸਕੂਲਾਂ ਨੂੰ ਲਿਖਤੀ ਨਿਰਦੇਸ਼ ਭੇਜੇ ਹਨ ਕਿ ਕਿਰਪਾਨ ਵੀ ਇੱਕ ਤਰ੍ਹਾਂ ਦਾ ਚਾਕੂ ਹੈ ਜੋ ਸਕੂਲੀ ਘੇਰੇ ਅੰਦਰ ਨਹੀਂ ਪਹਿਨਿਆ ਜਾ ਸਕਦਾ। ਡਾ. ਵੈਟਟਰਸੋਨ ਨੇ ਕਿਹਾ ਕਿ ਸਕੂਲ ਦਾ ਫ਼ੈਸਲਾ ਸਹੀ ਨਹੀਂ ਸੀ ਅਤੇ ਵਿਭਾਗ ਦੀ ਨੀਤੀ ਦੇ ਵਿਰੁੱਧ ਸੀ। ਪਰ ਇਸ ਮਾਮਲੇ ਵਿੱਚ ਇਨਾਲਾ ਇਲਾਕੇ ਤੋਂ ਗਰੀਨ ਉਮੀਦਵਾਰ ਨਵਦੀਪ ਸਿੰਘ ਨੇ ਤੱਥਾਂ ਨਾਲ ਮੀਡੀਆ ਨੂੰ ਜਾਣਕਾਰੀ ਵਿੱਚ ਕਿਹਾ ਕਿ ਇਸ ਸਮੇਂ ਸੂਬਾ ਕੁਈਨਜ਼ਲੈਂਡ ਵਿੱਚ 17,500 ਦੇ ਕਰੀਬ ਸਿੱਖਾਂ ਦੀ ਵਸੋਂ ਹੈ। ਕਿਰਪਾਨ ਸਿੱਖ ਧਰਮ ਦੇ ਪੰਜ ਕਕਾਰਾਂ ਵਿਚੋਂ ਇੱਕ ਹੈ ਤੇ ਜੇ ਆਸਟੇਲਿਆਈ ਮੀਡੀਆ ਇਸ ਨੂੰ ਸਿਰਫ਼ ਚਾਕੂ ਦੱਸਦਾ ਤੇ ਲਿਖਦਾ ਹੈ ਤਾਂ ਗਰੀਨ ਪਾਰਟੀ ਇਸ ਸੌੜੀ ਸੋਚ ਦੀ ਵਿਰੋਧੀ ਹੈ।

## 'ਵੂਈ ਆਰ ਸਿੱਖਸ' ਮੁਹਿੰਮ ਨੇ ਜਾਗਰੂਕਤਾ ਫੈਲਾਈ, ਅਮਰੀਕੀਆਂ ਦਾ ਸਿੱਖ ਭਾਈਚਾਰੇ ਨੂੰ ਭਰਵਾਂ ਹੁੰਗਾਰਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀਆਂ ਨੂੰ ਸਿੱਖ ਧਰਮ ਬਾਰੇ ਦੱਸਣ ਲਈ 13 ਲੱਖ ਡਾਲਰਾਂ ਨਾਲ ਸ਼ੁਰੂ ਕੀਤੀ ਜਾਗਰੂਕਤਾ ਮੁਹਿੰਮ ਦੇ ਸਾਰਥਿਕ ਸਿੱਟੇ ਸਾਹਮਣੇ ਆਉਣ ਲੱਗੇ ਹਨ। ਮਹੀਨਾ ਭਰ ਚੱਲੀ ਇਹ 'ਵੂਈ ਆਰ ਸਿੱਖਸ' ਇਸ਼ਤਿਹਾਰ ਜਾਗਰੂਕਤਾ ਮੁਹਿੰਮ ਵਿਸਾਖੀ ਮੌਕੇ 14 ਅਪ੍ਰੈਲ ਨੂੰ 'ਨੈਸ਼ਨਲ ਸਿੱਖ ਕੰਪੇਨ' ਨੇ ਸ਼ੁਰੂ ਕੀਤੀ ਸੀ। ਫਰੈਜ਼ਨੋ (ਕੈਲੇਫੋਰਨੀਆ) ਵਿੱਚ ਕੀਤੇ ਸਰਵੇਖਣ ਮੁਤਾਬਕ ਇਸ ਮੁਹਿੰਮ ਨਾਲ ਸਿੱਖ ਧਰਮ ਬਾਰੇ ਉਸਾਰੂ ਸੂਝ-ਬੂਝ ਵਧੀ ਹੈ। ਫਰਿਜ਼ਨੋ ਵਿੱਚ ਹਜ਼ਾਰਾਂ ਸਿੱਖ ਰਹਿੰਦੇ ਹਨ ਅਤੇ ਪਿਛਲੇ ਕੁੱਝ ਸਾਲਾਂ ਤੋਂ ਇੱਥੇ ਸਿੱਖ ਅਮਰੀਕੀਆਂ ਨੂੰ ਹਿੰਸਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੁਹਿੰਮ ਤਹਿਤ ਫਰਿਜ਼ਨੋ ਵਿੱਚ ਜ਼ਮੀਨੀ ਪੱਧਰ ਉਤੇ ਕੋਸ਼ਿਸ਼ਾਂ, ਟੈਲੀਵਿਜ਼ਨ ਇਸ਼ਤਿਹਾਰਾਂ, ਡਿਜੀਟਲ ਇਸ਼ਤਿਹਾਰਾਂ ਅਤੇ ਖ਼ਬਰਾਂ ਦਾ ਸਹਾਰਾ ਲਿਆ ਗਿਆ। ਸੀਐਨਐਨ ਅਤੇ ਫੌਕਸ ਨਿਊਜ਼ ਉਤੇ ਦੇਸ਼ ਭਰ ਵਿੱਚ ਚੱਲੀ ਇਸ ਮੁਹਿੰਮ ਦੌਰਾਨ ਸਿੱਖਾਂ ਨੂੰ ਮਾਨਮੱਤੇ ਅਮਰੀਕੀਆਂ ਅਤੇ ਚੰਗੇ ਗੁਆਂਢੀਆਂ ਵਜੋਂ ਪੇਸ਼ ਕਰਦੇ ਇਸ਼ਤਿਹਾਰ ਦਿਖਾਏ ਗਏ। ਸਰਵੇਖਣ ਮੁਤਾਬਕ ਫਰਿਜ਼ਨੋ ਦੇ 59 ਫੀਸਦੀ ਵਾਸੀਆਂ ਅਨੁਸਾਰ ਉਹ ਅਮਰੀਕਾ ਵਿੱਚ ਰਹਿ ਰਹੇ ਸਿੱਖਾਂ ਬਾਰੇ ਘੱਟੋ ਘੱਟ ਕੁੱਝ ਤਾਂ ਜਾਣਦੇ ਹਨ। 68 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਸਿੱਖ ਚੰਗੇ ਗੁਆਂਢੀ ਹਨ, ਜਦੋਂ ਕਿ 64 ਫੀਸਦੀ ਲੋਕਾਂ ਨੇ ਸਿੱਖਾਂ ਨੂੰ ਦਿਆਲੂ ਅਤੇ ਦਰਿਆ ਦਿਲ ਦੱਸਿਆ। ਹਰਟ ਰਿਸਰਚ ਐਸੋਸੀਏਟਸ ਦੇ ਜੈਫ ਗੈਰਿਨ ਨੇ ਕਿਹਾ, "ਤਣਾਅਪੂਰਨ ਨਸਲੀ ਸਬੰਧਾਂ ਅਤੇ ਧਰੁਵੀਕਰਨ ਵਾਲੇ ਸਿਆਸੀ ਮਾਹੌਲ ਦੇ ਬਾਵਜੂਦ ਵੂਈ ਆਰ ਸਿੱਖਸ ਕੰਪੇਨ ਨੇ ਅਮਰੀਕੀ ਸਿੱਖਾਂ ਬਾਰੇ ਜਾਗਰੂਕਤਾ ਫੈਲਾਈ ਹੈ।"

## ਵੈਨਕੂਵਰ 'ਚ ਗੈਂਗਵਾਰ ਦੌਰਾਨ ਪੰਜਾਬੀ ਮੁੰਡੇ ਦਾ ਕਤਲ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਵਿੱਚ ਡਰੱਗ ਤਸਕਰ ਗਰੋਹਾਂ ਦੀ ਲੜਾਈ ਵਿੱਚ ਇੱਕ ਹੋਰ ਪੰਜਾਬੀ ਮੁੰਡੇ ਦਾ ਕਤਲ ਕਰ ਦਿੱਤਾ ਗਿਆ ਹੈ। 22 ਸਾਲਾ ਪਰਦੀਪ ਸਿੰਘ ਨੂੰ ਉਸ ਦੇ ਘਰ ਮੂਹਰੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਪੁਲੀਸ ਨੇ ਜਾਂਚ ਤੋਂ ਬਾਅਦ ਉਸ ਦੀ ਪਛਾਣ ਜਾਰੀ ਕੀਤੀ। ਪੁਲੀਸ ਦੀ ਤਰਜ਼ਮਾਨ ਕਾਰਪੋਰਲ ਮੇਘਨ ਫੋਸਟਰ ਅਨੁਸਾਰ ਪਰਦੀਪ ਗੈਂਗਵਾਰ ਦਾ ਸ਼ਿਕਾਰ ਹੋਇਆ। ਉਹ ਖ਼ੁਦ ਵੀ ਪੁਲੀਸ ਰਿਕਾਰਡ ਵਿਚ ਸੀ। ਪੁਲੀਸ ਤਰਜ਼ਮਾਨ ਨੇ ਦੱਸਿਆ ਕਿ ਕਾਰ ਵਿੱਚ ਸਵਾਰ ਪਰਦੀਪ, ਜਿਵੇਂ ਹੀ ਸ੍ਰੀ ਦੇ ਕਲੋਵਰਡੇਲ ਖੇਤਰ ਵਿੱਚ 166 ਸਟਰੀਟ ਉੱਤੇ 63 ਐਵੇਨਿਊ ਸਥਿਤ ਆਪਣੇ ਘਰ ਵਲ ਮੁੜਿਆ ਤਾਂ ਹਲਕੇ ਰੰਗ ਦੀ ਵੈਨ ਵਿੱਚ ਉਸ ਦਾ ਪਿੱਛਾ ਕਰਦੇ ਆਏ ਵਿਰੋਧੀਆਂ ਨੇ ਵੈਨ ਉਸ ਦੇ ਬਰਾਬਰ ਖੜ੍ਹਾ ਕੇ ਗੋਲੀਆਂ ਮਾਰੀਆਂ ਤੇ ਫ਼ਰਾਰ ਹੋ ਗਏ। ਗਵਾਂਢੀਆਂ ਦੇ ਦੱਸਣ ਅਨੁਸਾਰ 8-10 ਗੋਲੀਆਂ ਦੀ ਆਵਾਜ਼ ਉਨ੍ਹਾਂ ਸੁਣੀ। ਪੁਲੀਸ ਅਤੇ ਐਂਬੂਲੈਂਸ ਦੇ ਪੁੱਜਣ ਤਕ ਪਰਦੀਪ ਦਮ ਤੋੜ ਚੁੱਕਾ ਸੀ।

## ਚੋਣ ਪ੍ਰਚਾਰ ਮਾਮਲੇ 'ਚ ਰਵਨੀਤ ਸਿੰਘ ਨੂੰ 15 ਮਹੀਨੇ ਦੀ ਜੇਲ੍ਹ

**ਨਿਊਯਾਰਕ/ਬਿਊਰੋ ਨਿਊਜ਼ :** ਭਾਰਤੀ ਮੂਲ ਦੇ ਇਕ ਸਿਆਸੀ ਸਲਾਹਕਾਰ ਨੂੰ ਸਾਨ-ਡਿਆਗੋ ਮੇਅਰ ਚੋਣਾਂ ਮੌਕੇ ਕਰੀਬ 6 ਲੱਖ ਅਮਰੀਕੀ ਡਾਲਰਾਂ ਨਾਲ ਗੈਰ-ਕਾਨੂੰਨੀ ਵਿਦੇਸ਼ੀ ਪ੍ਰਚਾਰ ਵਿਚ ਯੋਗਦਾਨ ਦਿਵਾਉਣ ਵਿਚ ਨਿਭਾਈ ਭੂਮਿਕਾ ਦੇ ਮਾਮਲੇ ਵਿਚ 15 ਮਹੀਨੇ ਜੇਲ੍ਹ ਤੇ 10 ਹਜ਼ਾਰ ਅਮਰੀਕੀ ਡਾਲਰ ਦਾ ਜ਼ੁਰਮਾਨਾ ਕੀਤਾ ਗਿਆ ਹੈ। ਅਮਰੀਕਾ ਦੇ ਸੂਬੇ ਇਲੀਨੋਇ ਦੇ ਵਸਨੀਕ ਇਲੈਕਸ਼ਨ ਮਾਲ ਟੈਕਨਾਲੋਜ਼ੀਜ ਦੇ ਸਾਬਕਾ ਸੀ.ਈ.ਓ. ਰਵਨੀਤ ਸਿੰਘ ਨੂੰ ਅਮਰੀਕਾ ਜ਼ਿਲ੍ਹਾ ਅਦਾਲਤ ਦੇ ਜੱਜ ਮਾਈਕਲ ਇਨੈਲੋ ਨੇ ਉਸ ਨੂੰ ਸਜ਼ਾ ਦੀ ਸ਼ੁਰੂ ਕਰਨ ਲਈ ਅਕਤੂਬਰ ਵਿਚ ਜੇਲ੍ਹ ਵਿਚ ਰਿਪੋਰਟ ਕਰਨ ਲਈ ਕਿਹਾ ਹੈ। 45 ਸਾਲਾ ਰਵਨੀਤ ਨੇ 2012 ਦੀਆਂ ਸਾਨ ਡਿਆਗੋ ਮੇਅਰ ਚੋਣਾਂ ਵਿਚ ਉਮੀਦਵਾਰਾਂ ਦੀ ਮਦਦ ਲਈ ਮੈਕਸੀਕੋ ਦੇ ਵਸਨੀਕ ਜੋਸ ਸੁਸੁਮੋ ਅਜ਼ਾਨੋ ਮਤਸੂਰਾ ਤੋਂ ਕਰੀਬ 6 ਲੱਖ ਡਾਲਰ ਲੈ ਕੇ ਗੈਰ-ਕਾਨੂੰਨੀ ਵਿਦੇਸ਼ੀ ਪ੍ਰਚਾਰ ਮੁਹਿੰਮ ਵਿਚ ਯੋਗਦਾਨ ਪਾਇਆ ਸੀ।

# ਬਰਿੱਕਸ ਸੰਮੇਲਨ ਵਲੋਂ ਦਹਿਸ਼ਤਗਰਦੀ ਦੇ ਮਾਮਲੇ 'ਚ ਪਾਕਿਸਤਾਨ ਦੇ ਜ਼ਿਕਰ ਨਾਲ ਭਾਰਤ ਦਾ ਪੱਖ ਭਾਰੂ



ਬਰਿੱਕਸ ਸੰਮੇਲਨ ਦੌਰਾਨ (ਖੱਬਿਓਂ) ਬ੍ਰਾਜ਼ੀਲ ਦੇ ਰਾਸ਼ਟਰਪਤੀ ਮਾਈਕਲ ਟੇਮਰ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕਜੁੱਟਤਾ ਦਾ ਪ੍ਰਗਟਾਵਾ ਕਰਦਾ ਹੋਏ।

**ਸ਼ਿਆਮਨ(ਚੀਨ)/ਬਿਊਰੋ ਨਿਊਜ਼:** ਬਰਿੱਕਸ ਮੁਲਕਾਂ ਦੇ ਇੱਥੇ ਹੋ ਰਹੇ ਸਿਖ਼ਰ ਸੰਮੇਲਨ ਦੌਰਾਨ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੀਆਂ ਪਾਕਿਸਤਾਨ ਆਧਾਰਿਤ ਦਹਿਸ਼ਤੀ ਜਥੇਬੰਦੀਆਂ ਵੱਲੋਂ ਖ਼ਿੱਤੇ 'ਚ ਹਿੰਸਾ ਫੈਲਾਉਣ ਲਈ ਪਹਿਲੀ ਵਾਰ ਨਾਮ ਲਏ ਜਾਣ ਨਾਲ ਭਾਰਤ ਨੂੰ ਅਹਿਮ ਕੂਟਨੀਤਕ ਜਿੱਤ ਮਿਲੀ ਹੈ। ਚੀਨ ਦੀ ਹਾਜ਼ਰੀ 'ਚ ਬਰਿੱਕਸ ਮੁਲਕਾਂ ਨੇ ਕਿਹਾ ਕਿ ਜਿਹੜੇ ਦਹਿਸ਼ਤੀ ਕਾਰਵਾਈਆਂ ਨੂੰ ਹਮਾਇਤ ਦੇ ਰਹੇ ਹਨ, ਉਨ੍ਹਾਂ ਨੂੰ ਜਵਾਬਦੇਹ ਮੰਨਿਆ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਬ੍ਰਾਜ਼ੀਲ ਰਾਸ਼ਟਰਪਤੀ ਮਾਈਕਲ ਟੇਮਰ ਅਤੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਅਜਿਹੀਆਂ ਜਥੇਬੰਦੀਆਂ ਦੀ ਦਹਿਸ਼ਤੀ ਸਰਗਰਮੀਆਂ ਦੀ ਤਿੱਖੇ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ ਆਫ਼ਤ ਨਾਲ ਇਕਜੁੱਟ ਹੋ ਕੇ ਲੜਨ ਦੀ ਵਚਨਬੱਧਤਾ ਪ੍ਰਗਟਾਈ।

ਬਰਿੱਕਸ ਸੰਮੇਲਨ ਦੇ ਅਖੀਰ 'ਤੇ 43 ਸਫ਼ਿਆਂ ਦਾ ਸ਼ਿਆਮਨ ਐਲਾਨਨਾਮਾ' ਅਪਣਾਇਆ ਗਿਆ ਅਤੇ ਅਫ਼ਗਾਨਿਸਤਾਨ 'ਚ ਹਿੰਸਾ ਤੁਰੰਤ ਰੋਕਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਐਲਾਨਨਾਮੇ 'ਚ ਦਹਿਸ਼ਤੀ ਜਥੇਬੰਦੀਆਂ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਤਹਿਰੀਕ-ਏ-ਤਾਲਿਬਾਨ ਪਾਕਿਸਤਾਨ, ਹੱਕਾਨੀ ਨੈੱਟਵਰਕ, ਹਿਜ਼ਬ ਉਤ-ਤਹਿਰੀਰ, ਤਾਲਿਬਾਨ, ਇਸਲਾਮਿਕ ਸਟੇਟ, ਅਲ ਕਾਇਦਾ ਅਤੇ ਇਸ ਦੀਆਂ ਸਹਾਇਕ ਜਥੇਬੰਦੀਆਂ ਪੂਰਬੀ ਤੁਰਕਿਸਤਾਨ ਇਸਲਾਮਿਕ ਮੂਵਮੈਂਟ ਅਤੇ ਇਸਲਾਮਿਕ ਮੂਵਮੈਂਟ ਆਫ਼ ਉਜ਼ਬੇਕਿਸਤਾਨ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਨ੍ਹਾਂ ਵੱਲੋਂ ਖ਼ਿੱਤੇ 'ਚ ਫੈਲਾਈ ਜਾਂਦੀ ਹਿੰਸਾ ਕਾਰਨ ਸੁਰੱਖਿਆ ਹਾਲਾਤ 'ਤੇ ਉਚੇਚੇ ਤੌਰ 'ਤੇ ਚਿੰਤਾ ਜਤਾਈ ਗਈ।

ਜ਼ਿਕਰਯੋਗ ਹੈ ਕਿ ਪੂਰਬੀ ਤੁਰਕਿਸਤਾਨ ਇਸਲਾਮਿਕ ਮੂਵਮੈਂਟ ਚੀਨ ਦੇ ਸ਼ਿਨਜਿਆਂਗ ਉਇਗਰ ਖੁਦਮੁਖਤਿਆਰ ਖ਼ਿੱਤੇ 'ਚ ਸਰਗਰਮ ਹੈ ਅਤੇ ਉਹ ਵੱਖਰਾ ਪੂਰਬੀ ਤੁਰਕਿਸਤਾਨ ਸਥਾਪਤ ਕਰਨ ਦੀ ਮੰਗ ਕਰ ਰਹੇ ਹਨ। 9ਵੇਂ ਸਿਖਰ ਸੰਮੇਲਨ ਦੌਰਾਨ ਬਰਿਕਸ ਆਗੂਆਂ ਨੇ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦੀ ਨਿਖੇਧੀ ਕਰਦਿਆਂ ਜ਼ੋਰ ਦਿੱਤਾ ਕਿ ਦਹਿਸ਼ਤਗਰਦੀ ਦੀ ਕਿਸੇ ਵੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਬਰਿਕਸ ਨੇ ਕੌਮਾਂਤਰੀ ਕਾਨੂੰਨ ਦੇ ਸਿਧਾਂਤਾਂ ਮੁਤਾਬਕ ਆਪਸੀ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ। ਜ਼ਿਕਰਯੋਗ ਹੈ ਕਿ ਗੋਆ 'ਚ ਹੋਏ ਪਿਛਲੇ ਬਰਿਕਸ ਸੰਮੇਲਨ ਦੌਰਾਨ ਚੀਨ ਨੇ ਪਾਕਿਸਤਾਨ ਆਧਾਰਿਤ ਦਹਿਸ਼ਤੀ ਜਥੇਬੰਦੀਆਂ ਦੇ ਨਾਮ ਐਲਾਨਨਾਮੇ 'ਚ ਸ਼ਾਮਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਹੁਣ ਦੇਖਣਾ ਹੋਵੇਗਾ ਕਿ ਚੀਨ ਜੈਸ਼ ਮੁਖੀ ਮਸੂਦ ਅਜ਼ਹਰ ਨੂੰ ਸੰਯੁਕਤ ਰਾਸ਼ਟਰ ਵੱਲੋਂ ਆਲਮੀ ਦਹਿਸ਼ਤਗਰਦ ਐਲਾਨੇ ਜਾਣ ਦੀ ਭਾਰਤ ਦੀ ਮੰਗ ਸਬੰਧੀ ਆਪਣਾ ਨਵਾਂ ਰਵੱਈਆ ਕੀ ਅਪਣਾਉਂਦਾ ਹੈ। ਬਰਿਕਸ ਨੇ ਉੱਤਰ ਕੋਰੀਆ ਵੱਲੋਂ ਕੀਤੇ ਗਏ ਪਰਮਾਣੂ ਪ੍ਰੀਖਣ ਦੀ ਵੀ ਤਿੱਖੇ ਸ਼ਬਦਾਂ 'ਚ ਨੁਕਤਾਚੀਨੀ ਕੀਤੀ।

# ਡੇਰਾ ਸਾਧ ਦੇ ਖਿਲਾ.ਫ ਮੁੜ ਖੁੱਲ੍ਹੇਗਾ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨ ਵਾਲਾ ਕੇਸ: ਐਡਵੋਕੇਟ ਨਵਕਿਰਨ ਸਿੰਘ

### *ਡੇਰੇ ਵਿੱਚ ਨਿਪੁੰਸਕ ਕੀਤੇ ਹੰਸ ਰਾਜ ਚੌਹਾਨ ਨੇ ਰੋਂਦਿਆਂ ਸੁਣਾਈਂ ਆਪਣੀ ਵਿਥਿਆ*

**ਚੰਡੀਗੜ੍ਹ/ਬਿਊਰੋ ਨਿਊਜ਼:** ਵਕੀਲਾਂ ਦੀ ਮਨੁੱਖੀ ਅਧਿਕਾਰ ਸੰਸਥਾ ਦੇ ਜਨਰਲ ਸਕੱਤਰ ਐਡਵੋਕੇਟ ਨਵਕਿਰਨ ਸਿੰਘ ਦਾ ਕਹਿਣਾ ਹੈ ਕਿ ਡੇਰਾ ਸਾਧ ਦੇ ਖਿਲਾਫ਼ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨ ਵਾਲਾ ਮੁੜ ਖੁੱਲ੍ਹੇਗਾ। ਐਡਵੋਕੇਟ ਨਵਕਿਰਨ ਸਿੰਘ ਨੇ ਦੱਸਿਆ ਕਿ ਕੁੱਲ 400 ਵਿੱਚੋਂ ਨਿਪੁੰਸਕ ਕੀਤੇ 166 ਸਾਧੂਆਂ ਦੀ ਸੂਚੀ ਹਾਈ ਕੋਰਟ ਨੂੰ ਦੇ ਦਿੱਤੀ ਹੈ ਅਤੇ ਸੀਬੀਆਈ ਵੱਲੋਂ ਅਕਤੂਬਰ ਵਿੱਚ ਆਪਣੀ ਅੰਤਿਮ ਰਿਪੋਰਟ ਹਾਈ ਕੋਰਟ ਵਿੱਚ ਪੇਸ਼ ਕਰਨ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਪੱਤਰਕਾਰ ਛਤਰਪਤੀ ਤੇ ਰਣਜੀਤ ਸਿੰਘ ਦੇ ਕਤਲ ਸਮੇਤ ਡੇਰਾ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨ ਵਾਲੇ ਮਾਮਲੇ ਵਿੱਚ ਵੀ ਕੇਸ ਮੁੜ ਖੁੱਲ੍ਹਵਾ ਰਹੇ ਹਨ। ਡੇਰਾ ਸਿਰਸਾ ਵਿੱਚ ਸੇਵਾਦਾਰ (ਸਾਧੂ) ਰਹਿ ਚੁੱਕੇ ਹੰਸ ਰਾਜ ਚੌਹਾਨ ਨੇ ਬੀਤੇ ਦਿਨ ਇੱਥੇ ਐਡਵੋਕੇਟ ਨਵਕਿਰਨ ਸਿੰਘ ਦੀ ਹਾਜ਼ਰੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੀ ਵਿਥਿਆ ਸੁਣਾਉਂਦਿਆਂ ਦੱਸਿਆ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਬਰਫ਼ੀ ਖੁਆ ਕੇ ਉਸ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਉਸ ਨੇ ਕਿਹਾ ਕਿ ਉਹ ਆਖ਼ਰੀ ਸਾਹਾਂ ਤੱਕ ਡੇਰਾ ਮੁਖੀ ਵਿਰੁੱਧ ਕਾਨੂੰਨੀ ਲੜਾਈ ਲੜਣ ਨੂੰ ਤਿਆਰ ਹੈ।



ਉਸ ਨੇ ਦੱਸਿਆ ਕਿ ਮੇਰੇ ਮਾਪੇ ਡੇਰਾ ਮੁਖੀ ਦੇ ਪੈਰੋਕਾਰ ਸਨ ਤੇ ਉਹ ਉਸ ਨੂੰ ਵੀ 17 ਸਾਲ ਦੀ ਉਮਰ (ਸਾਲ 1996) ਵਿੱਚ ਡੇਰੇ ਲੈ ਗਏ ਸਨ, ਜਿੱਥੇ ਰਾਮ ਰਹੀਮ ਨੇ ਉਸ ਨੂੰ ਬਰਫੀ ਦੀਆਂ ਦੋ ਟਿੱਕੀਆਂ ਖੁਆ ਕੇ ਸਾਧੂ ਬਣਾ ਦਿੱਤਾ। ਉਸ ਦੀ ਡੇਰੇ ਵਿੱਚ ਸਾਊਂਡ ਸਿਸਟਮ 'ਤੇ ਡਿਊਟੀ ਲਾ ਦਿੱਤੀ ਤੇ ਉਸ ਨੂੰ ਭਜਨ ਮੰਡਲੀ ਦਾ ਮੈਂਬਰ ਬਣਾ ਦਿੱਤਾ ਗਿਆ।

ਚੌਹਾਨ ਨੇ ਗੱਲਬਾਤ ਵਿੱਚ ਕਿਹਾ ਕਿ ਡੇਰਾ ਮੁਖੀ ਨੇ ਆਪਣੇ ਡੇਰੇ ਦੇ ਸਾਧੂਆਂ ਨੂੰ ਨਿਪੁੰਸਕ ਬਣਾ ਕੇ ਪਰਮਾਤਮਾ ਦੇ ਨੇੜੇ ਕਰਨ ਦਾ ਢੌਂਗ ਰਚਣ ਤੋਂ ਪਹਿਲਾਂ ਇੱਕ ਘੋੜੇ ਦਾ ਅਜਿਹਾ ਅਪਰੇਸ਼ਨ ਕਰਵਾਇਆ ਸੀ, ਜਿਸ ਦੀ ਮੌਤ ਹੋ ਗਈ ਸੀ। ਇਸ ਦੇ ਬਾਵਜੂਦ ਉਸ ਨੇ ਸਾਧੂਆਂ ਨੂੰ ਨਿਪੁੰਸਕ ਬਣਾਉਣ ਦੀ ਕਾਰਵਾਈ ਵਿੱਢ ਦਿੱਤੀ ਤੇ ਸੰਨ 2002 ਵਿੱਚ ਉਸ ਨੂੰ ਵੀ ਨਿਪੁੰਸਕ ਬਣਾ ਦਿੱਤਾ। ਚੌਹਾਨ ਨੇ ਭੁੱਬਾਂ ਮਾਰਦਿਆਂ ਦੱਸਿਆ ਕਿ ਜਦੋਂ ਅਪਰੇਸ਼ਨ ਦੇ ਤੀਜੇ ਦਿਨ ਪੱਟੀ ਖੁੱਲ੍ਹੀ ਤਾਂ ਉਹ ਸਮਝ ਗਿਆ ਸੀ ਕਿ ਹੁਣ ਉਸ ਦੀ ਜ਼ਿੰਦਗੀ ਨਰਕ ਬਣ ਚੁੱਕੀ ਹੈ। ਨਿਪੁੰਸਕ ਕਰਨ ਤੋਂ ਬਾਅਦ ਡੇਰਾ ਮੁਖੀ ਨੇ ਉਸ ਨੂੰ ਜੱਫੀ ਪਾ ਲਈ ਤੇ ਕਿਹਾ ਕਿ ਹੁਣ ਉਹ ਉਸ ਦਾ ਸੱਚਾ ਭਗਤ ਬਣ ਗਿਆ ਹੈ। ਉਹ ਸੱਤ ਸਾਲ ਡੇਰੇ ਵਿੱਚ ਨਰਕ ਭਰੀ ਜ਼ਿੰਦਗੀ ਜਿਊਂਦਾ ਰਿਹਾ ਤੇ ਅਖ਼ੀਰ ਅਕਤੂਬਰ 2009 ਵਿੱਚ ਕਿਸੇ ਤਰ੍ਹਾਂ ਡੇਰੇ ਤੋਂ ਖਹਿੜਾ ਛੁਡਾ ਕੇ ਘਰ ਆ ਗਿਆ। ਇਸ ਦੇ ਬਾਵਜੂਦ ਡੇਰਾ ਮੁਖੀ ਦੇ ਬੰਦੇ ਘਰ ਆ ਕੇ ਉਸ ਨੂੰ ਸਕੂਲ ਦਾ ਪ੍ਰਿੰਸੀਪਲ ਬਣਾਉਣ ਤੇ ਹੋਰ ਵੱਡੀ ਜ਼ਿੰਮੇਵਾਰੀ ਦੇਣ ਦਾ ਲਾਲਚ ਦਿੰਦੇ ਰਹੇ, ਪਰ ਉਹ ਅੰਦਰੋਂ ਟੁੱਟ ਚੁੱਕਿਆ ਸੀ। ਉਸ ਨੇ ਕਿਸੇ ਤਰ੍ਹਾਂ ਆਪਣੇ-ਆਪ ਨੂੰ ਸੰਗੀਤ ਦੇ ਰਾਹ ਪਾ ਕੇ ਆਪਣੀ ਜ਼ਿੰਦਗੀ ਰੋੜ੍ਹੀ। ਉਸ ਦੇ ਮਾਤਾ-ਪਿਤਾ ਪਿਛਲੇ ਵਰ੍ਹੇ ਅਪਰੈਲ ਵਿੱਚ ਚਲਾਣਾ ਕਰ ਗਏ। ਚੌਹਾਨ ਨੇ ਦੱਸਿਆ ਕਿ ਡੇਰਾ ਮੁਖੀ ਇਸ ਕਰ ਕੇ ਸਾਧੂਆਂ ਨੂੰ ਨਿਪੁੰਸਕ ਬਣਾਉਂਦਾ ਸੀ ਕਿ ਉਹ ਸਿਰਫ਼ ਡੇਰੇ ਜੋਗੇ ਰਹਿ ਜਾਣ ਤੇ ਉਨ੍ਹਾਂ ਦੀ ਮੰਗ ਸਿਰਫ਼ ਰੋਟੀ-ਕੱਪੜੇ ਤੱਕ ਹੀ ਸੀਮਤ ਹੋ ਜਾਵੇ। ਚਾਰ ਸਾਲ ਡੇਰੇ ਵਿੱਚ ਸੇਵਾਦਾਰ ਰਹਿਣ ਮਗਰੋਂ ਆਪਣੇ ਪਿਤਾ ਸਮੇਤ ਡੇਰੇ ਤੋਂ ਬਚ ਕੇ ਨਿਕਲੇ ਗੁਰਦਾਸ ਸਿੰਘ ਤੂਰ ਨੇ ਦੱਸਿਆ ਕਿ ਉਸ ਦੀ ਉਥੇ ਪ੍ਰਿੰਟਿੰਗ ਪ੍ਰੈੱਸ ਵਿੱਚ ਡਿਊਟੀ ਲਗਦੀ ਸੀ ਅਤੇ ਕੰਮ ਦੇ ਸਬੰਧ ਵਿੱਚ ਉਸ ਦੀ ਤਕਰੀਬਨ ਰੋਜ਼ਾਨਾ ਡੇਰਾ ਮੁਖੀ ਨਾਲ ਮੁਲਾਕਾਤ ਹੁੰਦੀ ਸੀ। ਉਸ ਨੇ ਇੱਕ ਦਿਨ ਬਾਬੇ ਵੱਲੋਂ ਕੁਲਦੀਪ ਸਿੰਘ ਤੇ ਨਿਰਮਲ ਸਿੰਘ ਨੂੰ ਪਿਸਤੌਲ ਚਲਾਉਣ ਦੀ ਸਿਖਲਾਈ ਦਿੰਦਿਆਂ ਦੇਖਿਆ ਅਤੇ ਕੁਝ ਦਿਨਾਂ ਬਾਅਦ ਹੀ ਸਿਰਸਾ ਦੇ ਪੱਤਰਕਾਰ ਰਾਮ ਚੰਦਰ ਦੇ ਕਤਲ ਵਿੱਚ ਪੁਲੀਸ ਵੱਲੋਂ ਕੁਲਦੀਪ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਮਗਰੋਂ ਉਸ ਨੇ ਤੁਰੰਤ ਡੇਰਾ ਛੱਡ ਦਿੱਤਾ ਤੂਰ ਨੇ ਦਾਅਵਾ ਕੀਤਾ ਕਿ ਡੇਰੇ ਵਿੱਚ ਏਕੇ 47 ਦਾ ਵੱਡਾ ਜ਼ਖੀਰਾ ਹੈ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਡੇਰਾ ਮੁਖੀ ਦਾ ਜਨਮ ਪਿੰਡ ਗੁਰੂਸਰ ਮੋਢੀਆ (ਰਾਜਸਥਾਨ) ਵਿੱਚ ਨਹੀਂ, ਨਾਨਕੇ ਪਿੰਡ ਕਿੱਕਰ ਖੇੜੇ (ਅਬੋਹਰ) ਹੋਇਆ ਸੀ ਅਤੇ ਉਸ ਦਾ ਅਸਲ ਨਾਮ ਹਰਪਾਲ ਸਿੰਘ ਹੈ। ਉਸ ਨੇ ਦੋਸ਼ ਲਾਇਆ ਕਿ ਡੇਰਾ ਮੁਖੀ ਦੇ ਜਿਹੜੇ ਪਿੰਡ ਦੇ ਵਿਅਕਤੀ ਨੇ ਉਸ ਨੂੰ ਜਾਣਕਾਰੀ ਦਿੱਤੀ ਸੀ, ਬਾਅਦ ਵਿੱਚ ਉਸ ਦਾ ਕਤਲ ਹੋ ਗਿਆ ਸੀ। ਉਸ ਨੇ ਦੋਸ਼ ਲਾਇਆ ਕਿ ਡੇਰਾ ਮੁਖੀ ਬਹੁਤ ਯੋਜਨਾਬੱਧ ਢੰਗ ਨਾਲ ਸਾਧਵੀਆਂ ਨੂੰ ਭਰਮਾਉਂਦਾ ਸੀ।

# ’84 ਕਤਲੇਆਮ : 199 ਕੇਸ ਬੰਦ ਕਰਨ ਦੇ ਫੈਸਲੇ ਪੜਤਾਲੇਗਾ ਸੁਪਰੀਮ ਕੋਰਟ ਦਾ ਪੈਨਲ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸੁਪਰੀਮ ਕੋਰਟ ਨੇ ਆਪਣੇ ਦੋ ਸਾਬਕਾ ਜੱਜਾਂ ਦਾ ਨਿਗਰਾਨ ਪੈਨਲ ਕਾਇਮ ਕੀਤਾ ਹੈ, ਜਿਸ ਵੱਲੋਂ 1984 ਸਿੱਖ ਕਤਲੇਆਮ ਸਬੰਧੀ 199 ਕੇਸਾਂ ਨੂੰ ਬੰਦ ਕਰਨ ਬਾਰੇ ਵਿਸ਼ੇਸ਼ ਜਾਂਚ ਟੀਮ (ਸੈੱਟ) ਦੇ ਫ਼ੈਸਲੇ ਦੀ ਪੜਤਾਲ ਕੀਤੀ ਜਾਵੇਗੀ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਪੈਨਲ ਵਿਚ ਜਸਟਿਸ ਜੇਐਮ ਪੰਚਾਲ ਤੇ ਜਸਟਿਸ ਕੇਐਸਪੀ ਰਾਧਾਕ੍ਰਿਸ਼ਨਨ ਸ਼ਾਮਲ ਹੋਣਗੇ। ਇਸ ਪੈਨਲ ਵੱਲੋਂ 5 ਸਤੰਬਰ ਤੋਂ ਕੰਮ ਸ਼ੁਰੂ ਕੀਤਾ ਜਾਵੇਗਾ ਅਤੇ ਤਿੰਨ ਮਹੀਨਿਆਂ ਅੰਦਰ ਰਿਪੋਰਟ ਸੌਂਪੀ ਜਾਵੇਗੀ।

ਸਰਬਉੱਚ ਅਦਾਲਤ ਨੇ ਦੱਸਿਆ ਕਿ ਇਸ ਪੈਨਲ ਵੱਲੋਂ ‘ਸੈੱਟ’ ਦੇ 199 ਕੇਸ ਬੰਦ ਕਰਨ ਬਾਰੇ ਫ਼ੈਸਲੇ ਦੀ ਪੜਤਾਲ ਤੋਂ ਇਲਾਵਾ ਇਹ ਵੀ ਦੇਖਿਆ ਜਾਵੇਗਾ ਕਿ ਕੀ ਇਹ ਫ਼ੈਸਲਾ ਜਾਇਜ਼ ਸੀ। ਜਸਟਿਸ ਦੀਪਕ ਮਿਸ਼ਰਾ (ਜੋ ਹੁਣ ਚੀਫ ਜਸਟਿਸ ਹਨ) ਦੀ ਅਗਵਾਈ ਵਾਲੇ ਬੈਂਚ ਨੇ 16 ਅਗਸਤ ਦੇ ਹੁਕਮਾਂ ਵਿੱਚ ਕਿਹਾ ਸੀ, ‘ਅਸੀਂ ਇਸ ਅਦਾਲਤ ਦੇ ਦੋ ਸਾਬਕਾ ਜੱਜਾਂ (ਜਸਟਿਸ ਜੇ ਐਮ ਪੰਚਾਲ ਤੇ ਜਸਟਿਸ ਕੇਐਸਪੀ ਰਾਧਾਕ੍ਰਿਸ਼ਨਨ) ਦਾ ਨਿਗਰਾਨ ਪੈਨਲ ਕਾਇਮ ਕਰਦੇ ਹਾਂ। ਇਸ ਵੱਲੋਂ ਉਨ੍ਹਾਂ 199 ਕੇਸਾਂ ਦੀ ਪੜਤਾਲ ਕੀਤੀ ਜਾਵੇਗੀ, ਜਿਨ੍ਹਾਂ ਨੂੰ ਬੰਦ ਕੀਤਾ ਜਾ ਚੁੱਕਾ ਹੈ। ਅਤੇ ਇਹ ਵਿਚਾਰ ਦੇਵੇਗਾ ਕਿ ਕੀ ਇਨ੍ਹਾਂ ਕੇਸਾਂ ਨੂੰ ਬੰਦ ਕਰਨਾ ਤਰਕਸੰਗਤ ਸੀ।’ ਇਸ ਬੈਂਚ ਨੇ ਹੁਕਮ ਵਿੱਚ ਜ਼ਿਕਰ ਕੀਤਾ ਸੀ ਕਿ ਐਡੀਸ਼ਨਲ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ‘ਬੇਹੱਦ ਸਪਸ਼ਟ ਕਿਹਾ ਸੀ’ ਕਿ ਇਹ ਪੈਨਲ ਦੰਗਿਆਂ ਸਬੰਧੀ 42 ਹੋਰ ਕੇਸਾਂ ਨੂੰ ਬੰਦ ਕਰਨ ਬਾਰੇ ‘ਸਿੱਟ’ ਦੇ ਫ਼ੈਸਲੇ ਦੀ ਜਾਇਜ਼ਤਾ ਦੀ ਵੀ ਪੜਤਾਲ ਕਰੇਗਾ। ਬੈਂਚ ਨੇ ਕਿਹਾ, ‘ਇਸ ਪੈਨਲ ਨੂੰ ਤਿੰਨ ਮਹੀਨਿਆਂ ਅੰਦਰ ਰਿਪੋਰਟ ਸੌਂਪਣ ਲਈ ਬੇਨਤੀ ਕੀਤੀ ਜਾਂਦੀ ਹੈ। ਪੈਨਲ ਨੂੰ ਯੂਨੀਅਨ ਆਫ ਇੰਡੀਆ ਵੱਲੋਂ ਲੋੜੀਂਦੀ ਸਹਾਇਤਾ ਦਿੱਤੀ ਜਾਵੇਗੀ। ਇਸ ਵੱਲੋਂ 5 ਸਤੰਬਰ, 2017 ਤੋਂ ਕੰਮ ਸ਼ੁਰੂ ਕੀਤਾ ਜਾਵੇਗਾ। ਇਸ ਪੈਨਲ ਦੇ ਮੈਂਬਰਾਂ ਨੂੰ ਨਿਯਮਾਂ ਮੁਤਾਬਕ ਸਾਰੇ ਵਿੱਤੀ ਲਾਭ ਦਿੱਤੇ ਜਾਣਗੇ। ਬੈਂਚ ਨੇ ਇਸ ਮਾਮਲੇ ’ਤੇ ਅਗਲੀ ਸੁਣਵਾਈ 6 ਦਸੰਬਰ ਉਤੇ ਪਾਉਂਦਿਆਂ ਆਦੇਸ਼ ਦਿੱਤਾ ਸੀ ਕਿ ਇਨ੍ਹਾਂ 199 ਕੇਸਾਂ ਸਬੰਧੀ ਰਿਕਾਰਡ, ਜੋ ਉਸ ਨੂੰ ਸੀਲਬੰਦ ਲਿਫਾਫੇ ਵਿੱਚ ਸੌਂਪਿਆ ਗਿਆ ਹੈ, ਨੂੰ ਪੈਨਲ ਅੱਗੇ ਪੇਸ਼ ਕੀਤਾ ਜਾਵੇ।

ਦੱਸਣਯੋਗ ਹੈ ਕਿ ਇਹ ਵਿਸ਼ੇਸ਼ ਜਾਂਚ ਟੀਮ 1986 ਬੈਚ ਦੇ ਆਈਪੀਐਸ ਅਫ਼ਸਰ ਪ੍ਰਮੋਦ ਅਸਥਾਨਾ ਦੀ ਪ੍ਰਧਾਨਗੀ ਵਿੱਚ ਕਾਇਮ ਕੀਤੀ ਗਈ ਸੀ, ਜਿਸ ਵਿੱਚ ਸੇਵਾਮੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ, ਦਿੱਲੀ ਪੁਲੀਸ ਦੇ ਵਧੀਕ ਉਪ ਕਮਿਸ਼ਨਰ ਕੁਮਾਰ ਗਿਆਨੇਸ਼ ਮੈਂਬਰ ਵਜੋਂ ਸ਼ਾਮਲ ਸਨ।

## ਪਟੀਸ਼ਨ ਕਰਤਾ ਗੁਰਲਾਡ ਸਿੰਘ ਵਲੋਂ ਪੈਨਲ ਦਾ ਸਵਾਗਤ

ਇਸ ਮਾਮਲੇ ਵਿਚ ਪਟੀਸ਼ਨ ਕਰਤਾ ਗੁਰਲਾਡ ਸਿੰਘ ਕਾਹਲੋਂ (ਸਾਬਕਾ ਮੈਂਬਰ ਦਿੱਲੀ ਕਮੇਟੀ) ਨੇ ਸੁਪਰੀਮ ਕੋਰਟ ਵੱਲੋਂ ਪੈਨਲ ਗਠਨ ਕੀਤੇ ਜਾਣ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਸ ਫ਼ੈਸਲੇ ਨਾਲ ਪਹਿਲੀ ਵਾਰ 1984 ਮਾਮਲੇ ਵਿਚ ਇਨਸਾਫ਼ ਦੀ ਕਿਰਨ ਨਜ਼ਰ ਆਉਣ ਲੱਗੀ ਹੈ। ਦਰਅਸਲ 16 ਅਗਸਤ ਨੂੰ 1984 ਦੰਗਿਆਂ ਦੇ ਮਾਮਲੇ ਵਿਚ ਅਦਾਲਤ ਦੀ ਨਿਗਰਾਨੀ ਵਿਚ ਜਾਂਚ ਦੀ ਪਟੀਸ਼ਨ ’ਤੇ ਸੁਪਰੀਮ ਕੋਰਟ ਵਿਚ ਸੁਣਵਾਈ ਹੋਈ ਸੀ। ਪਿਛਲੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਗਠਿਤ ਐਸ.ਆਈ.ਟੀ. ਦੁਆਰਾ 1984 ਦੰਗਿਆਂ ਨਾਲ ਸਬੰਧਿਤ 293 ਵਿਚੋਂ 240 ਮਾਮਲਿਆਂ ਨੂੰ ਬੰਦ ਕਰਨ ਦੇ ਫ਼ੈਸਲੇ ਨੂੰ ਸ਼ੱਕੀ ਨਜ਼ਰ ਨਾਲ ਵੇਖਦੇ ਹੋਏ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ 199 ਮਾਮਲੇ ਬੰਦ ਕਰਨ ਦਾ ਕਾਰਨ ਦੱਸਣ ਲਈ ਆਖਿਆ ਸੀ। ਗੁਰਲਾਡ ਸਿੰਘ ਕਾਹਲੋਂ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸੁਪਰੀਮ ਕੋਰਟ ਵੱਲੋਂ ਮਾਮਲਿਆਂ ਦੀ ਜਾਂਚ ਲਈ ਨਿਗਰਾਨ ਕਮੇਟੀ ਬਣਾਈ ਗਈ ਹੈ ਅਤੇ ਅਦਾਲਤ ਦੇ ਇਸ ਫ਼ੈਸਲੇ ਨਾਲ 1984 ਮਾਮਲੇ ਵਿਚ ਪਹਿਲੀ ਵਾਰ ਇਨਸਾਫ਼ ਦੀ ਕਿਰਨ ਨਜ਼ਰ ਆਉਣ ਲੱਗੀ ਹੈ। ਕਾਹਲੋਂ ਨੇ ਦੱਸਿਆ ਕਿ ਉਨ੍ਹਾਂ ਨੇ ਨਿੱਜੀ ਸਰੋਤਾਂ ਨਾਲ ਉੱਦਮ ਕਰਕੇ ਸੁਪਰੀਮ ਕੋਰਟ ਵਿਚ ਜਨਵਰੀ 2016 ਵਿਚ ਇਕ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਸੀ ਕਿ ਉਕਤ ਐਸ.ਆਈ.ਟੀ. ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਨਿਗਰਾਨੀ ਸੁਪਰੀਮ ਕੋਰਟ ਖ਼ੁਦ ਕਰੇ, ਨਾਲ ਹੀ, ਇਹ ਮੰਗ ਵੀ ਕੀਤੀ ਗਈ ਕਿ ਕਤਲੇਆਮ ਨਾਲ ਸਬੰਧਤ ਜਿਨ੍ਹਾਂ ਮਾਮਲਿਆਂ ਵਿਚ ਪੁਲਿਸ ਚਾਰਜਸ਼ੀਟ ਦਾਖ਼ਲ ਕਰ ਚੁੱਕੀ ਹੈ, ਉਨ੍ਹਾਂ ਮਾਮਲਿਆਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਜਾਵੇ, ਜਿਥੇ ਇਨ੍ਹਾਂ ਮਾਮਲਿਆਂ ਵਿਚ ਰੋਜ਼ਾਨਾ ਪੱਧਰ ’ਤੇ ਸੁਣਵਾਈ ਕਰਵਾਈ ਜਾਏ, ਕਿਉਂਕਿ ਵਾਰਦਾਤ ਨੂੰ ਵਾਪਰਿਆਂ 32 ਤੋਂ ਜ਼ਿਆਦਾ ਸਾਲ ਬੀਤ ਚੁੱਕੇ ਹੋਣ ਕਾਰਨ, ਰਵਾਇਤੀ ਢੰਗ ਨਾਲ ਸੁਣਵਾਈ ਹੋਣ ਦੀ ਸੂਰਤ ਵਿਚ, ਇਨ੍ਹਾਂ ਮਾਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣਾ ਲਗਪਗ ਨਾਮੁਮਕਨ ਹੋ ਜਾਵੇਗਾ।


ਗੁਰਲਾਡ ਸਿੰਘ ਕਾਹਲੋਂ

## ਗੁਰਦੁਆਰਾ ਗੁਰੂਡਾਂਗਮਾਰ ਬਾਰੇ ਸੁਪਰੀਮ ਕੋਰਟ ਵੱਲੋਂ ਸਥਿਤੀ ‘ਜਿਉਂ ਦੀ ਤਿਉਂ’ ਦੇ ਨਿਰਦੇਸ਼

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਸਿੱਕਿਮ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਗੁਰੂਡਾਂਗਮਾਰ ਸਬੰਧੀ ਸਥਿਤੀ ‘ਜਿਉਂ ਦੀ ਤਿਉਂ’ ਰੱਖੀ ਜਾਵੇ। ਸਰਬਉੱਚ ਅਦਾਲਤ ਨੇ ਇਹ ਨਿਰਦੇਸ਼ ਉਸ ਪਟੀਸ਼ਨ ’ਤੇ ਦਿੱਤੇ ਹਨ, ਜਿਸ ਤਹਿਤ ਮੰਗ ਕੀਤੀ ਗਈ ਸੀ ਕਿ ਕਥਿਤ ਤੌਰ ’ਤੇ ਮੁਰੰਮਤ ਦੇ ਨਾਂ ’ਤੇ ਇਸ ਗੁਰਦੁਆਰੇ ਦੀ ਇਮਾਰਤ ਢਾਹੁਣ ਤੋਂ ਸਰਕਾਰ ਨੂੰ ਰੋਕਿਆ ਜਾਵੇ। ਰਾਜ ਸਰਕਾਰ ਦੇ ਵਕੀਲ ਨੇ ਜਦੋਂ ਇਹ ਦੱਸਿਆ ਕਿ ਅਜਿਹੀ ਇੱਕ ਪਟੀਸ਼ਨ ਹਾਈ ਕੋਰਟ ਵਿੱਚ ਵੀ ਸੁਣਵਾਈ ਅਧੀਨ ਹੈ, ਜਿਸ ’ਤੇ 13 ਸਤੰਬਰ ਨੂੰ ਸੁਣਵਾਈ ਹੋਣੀ ਹੈ ਤਾਂ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਇਸ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ। ਸੁਪਰੀਮ ਕੋਰਟ ਨੇ ਪਟੀਸ਼ਨਰ ਨੂੰ ਹਾਈ ਕੋਰਟ ਤੱਕ ਪਹੁੰਚ ਕਰਨ ਦੇ ਨਿਰਦੇਸ਼ ਦਿੱਤੇ ਪਰ ਨਾਲ ਹੀ ਹਾਈ ਕੋਰਟ ਵੱਲੋਂ ਮਸਲੇ ’ਤੇ ਸੁਣਵਾਈ ਕੀਤੇ ਜਾਣ ਤੱਕ ਸੂਬਾਈ ਸਰਕਾਰ ਨੂੰ ਇਸ ਮਸਲੇ ’ਤੇ ਸਥਿਤੀ ‘ਜਿਉਂ ਦੀ ਤਿਉਂ’ ਕਾਇਮ ਰੱਖਣ ਦੇ ਨਿਰਦੇਸ਼ ਦਿੱਤੇ। ਬੈਂਚ ਨੇ ਕਿਹਾ ਕਿ ਇਸ ਗੱਲ ’ਤੇ ਗ਼ੌਰ ਕੀਤੀ ਜਾਵੇ ਕਿ ਸੁਪਰੀਮ ਕੋਰਟ ਵੱਲੋਂ ਇਸ ਮਸਲੇ ’ਤੇ ਕੋਈ ਰਾਏ ਨਹੀਂ ਦਿੱਤੀ ਗਈ ਹੈ ਤੇ ਹਾਈ ਕੋਰਟ ਕਾਨੂੰਨ ਮੁਤਾਬਕ ਇਸ ਮਸਲੇ ਦਾ ਫ਼ੈਸਲਾ ਕਰੇ। ਪਟੀਸ਼ਨਰ ਅੰਮ੍ਰਿਤਪਾਲ ਸਿੰਘ ਨੇ ਸੁਪਰੀਮ ਕੋਰਟ ਤੱਕ ਪਹੁੰਚ ਕਰ ਕੇ ਦੋਸ਼ ਲਾਏ ਸਨ ਕਿ ਸਰਕਾਰੀ ਅਧਿਕਾਰੀਆਂ ਨੇ ਕਥਿਤ ਤੌਰ ’ਤੇ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਹਟਾ ਦਿੱਤਾ ਤੇ ਮੁਰੰਮਤ ਦੇ ਨਾਂ ’ਤੇ ਗੁਰਦੁਆਰੇ ਨੂੰ ਢਾਹਿਆ ਜਾਵੇਗਾ। ਉਸ ਨੇ ਦੋਸ਼ ਲਾਇਆ ਸੀ ਕਿ ਅਧਿਕਾਰੀਆਂ ਨੇ ਪਾਵਨ ਸਰੂਪ ਨੂੰ ਹਟਾਉਣ ਲਈ ਮਰਿਆਦਾ ਦਾ ਵੀ ਖਿਆਲ ਨਹੀਂ ਰੱਖਿਆ। ਪਟੀਸ਼ਨ ਵਿੱਚ ਇਹ ਕਿਹਾ ਗਿਆ ਸੀ ਕਿ ਜੇ ਅਧਿਕਾਰੀ ਇਸ ਥਾਂ ’ਤੇ ਕੋਈ ਮੁਰੰਮਤ ਕਰਨਾ ਵੀ ਚਾਹੁੰਦੇ ਹਨ ਤਾਂ ਪ੍ਰਬੰਧਕ ਨੂੰ ਇੱਕ ਮਹੀਨੇ ਦਾ ਅਗਾਊਂ ਨੋਟਿਸ ਦਿੱਤਾ ਜਾਣਾ ਚਾਹੀਦਾ ਸੀ ਤਾਂ ਜੋ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ ਮਰਿਆਦਾ ਨਾਲ ਉਥੋਂ ਹਟਾਇਆ ਜਾਂਦਾ। ਪਟੀਸ਼ਨਰ ਨੇ ਕਿਹਾ ਸੀ ਕਿ ਵੱਡੀ ਗਿਣਤੀ ਇਤਿਹਾਸਕ ਕਿਤਾਬਾਂ ਤੇ ਕਾਗ਼ਜ਼ਾਤ ਵਿੱਚ ਇਸ ਗੱਲ ਦਾ ਹਵਾਲਾ ਮਿਲਦਾ ਹੈ ਕਿ ਇਸ ਸਥਾਨ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਚਰਨ ਛੋਹ ਪ੍ਰਾਪਤ ਹੈ।



### ਜੀ.ਕੇ. ਦੀ ਅਗਵਾਈ ’ਚ ਵਫ਼ਦ ਰਾਜ ਮੰਤਰੀ ਨੂੰ ਮਿਲਿਆ :

ਨਵੀਂ ਦਿੱਲੀ : ਸਿੱਕਿਮ ਦੇ ਗੁਰਦੁਆਰਾ ਗੁਰੂਡਾਂਗਮਾਰ ਸਾਹਿਬ ਸਬੰਧੀ ਦੂਜੀ ਵਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਪ੍ਰਧਾਨ ਮੰਤਰੀ ਦਫ਼ਤਰ ਦੇ ਰਾਜ ਮੰਤਰੀ ਡਾ. ਜੀਤੇਂਦਰ ਸਿੰਘ ਨਾਲ ਮੁਲਾਕਾਤ ਕੀਤੀ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ ਅਤੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਸਕੱਤਰ ਆਰ.ਪੀ. ਸਿੰਘ ਦੀ ਉੱਤਰ ਪੂਰਬੀ ਸੂਬਿਆਂ ਦੇ ਮਾਮਲਿਆਂ ਬਾਰੇ ਮੰਤਰੀ ਨਾਲ ਹੋਈ ਮੁਲਾਕਾਤ ਦੌਰਾਨ ਸਿੱਕਿਮ ਸਰਕਾਰ ਦੇ ਦਿੱਲੀ ਵਿੱਚ ਰੈਜ਼ੀਡੈਂਟ ਕਮਿਸ਼ਨਰ ਵੀ ਮੌਜੂਦ ਸਨ। ਸ੍ਰੀ ਜੀ.ਕੇ. ਨੇ ਜੀਤੇਂਦਰ ਸਿੰਘ ਨੂੰ ਸੁਪਰੀਮ ਕੋਰਟ ਵੱਲੋਂ ਗੁਰਦੁਆਰੇ ਸਬੰਧੀ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਨਿਰਦੇਸ਼ ਦਾ ਹਵਾਲਾ ਦਿੰਦੇ ਹੋਏ ਇਸ ਮਸਲੇ ’ਤੇ ਸਿੱਕਿਮ ਦੇ ਮੁੱਖ ਮੰਤਰੀ ਪਵਨ ਚਾਂਮਲਿੰਗ ਨਾਲ ਮੁਲਾਕਾਤ ਕਰਨ ਦੀ ਇੱਛਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੀ ਛੋਹ ਪ੍ਰਾਪਤ ਇਸ ਸਥਾਨ ਨੇੜੇ ਸਿੱਖ ਬੇਸ਼ਕ ਘੱਟ ਰਹਿੰਦੇ ਹਨ ਪਰ ਸੰਸਾਰ ਭਰ ਵਿੱਚ ਵਸਦੇ ਸਿੱਖਾਂ ਦੀ ਭਾਵਨਾ ਹੈ ਕਿ ਗੁਰਦੁਆਰੇ ਦੀ ਹੋਂਦ ਹਰ ਹਾਲਾਤ ਵਿੱਚ ਬਰਕਰਾਰ ਰਹੇ। ਗੁਰਦੁਆਰੇ ਵਾਲੀ ਥਾਂ ਚੀਨ ਸਰਹੱਦ ਨੇੜੇ ਹੋਣ ਕਰ ਕੇ ਆਮ ਨਾਗਰਿਕਾਂ ’ਤੇ ਬਿਨਾਂ ਮਨਜ਼ੂਰੀ ਇਸ ਥਾਂ ਜਾਣ ਦੀ ਪਾਬੰਦੀ ਹੈ। ਉਨ੍ਹਾਂ ਇਸ ਮਸਲੇ ’ਤੇ ਸਥਾਨਕ ਲਾਮਾਵਾਂ ਦੇ ਨਾਲ-ਨਾਲ ਦਲਾਈਲਾਮਾ ਨਾਲ ਵੀ ਮੁਲਾਕਾਤ ਕਰਨ ਦੀ ਇੱਛਾ ਪ੍ਰਗਟਾਈ।

## ਭਾਈ ਦਿਲਾਵਰ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮਨੁੱਖੀ ਬੰਬ ਬਣ ਕੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਵਾਲੇ ਭਾਈ ਦਿਲਾਵਰ ਸਿੰਘ ਦਾ 22ਵਾਂ ਸ਼ਹੀਦੀ ਦਿਹਾੜਾ ਪੰਥਕ ਜਥੇਬੰਦੀਆਂ ਵੱਲੋਂ ਅਕਾਲ ਤਖ਼ਤ ’ਤੇ ਮਨਾਇਆ ਗਿਆ। ਇਸ ਮੌਕੇ ਪਰਿਵਾਰ ਵੱਲੋਂ ਰਖਵਾਏ ਗਏ ਅਖੰਡ ਪਾਠ ਦਾ ਭੋਗ ਪਾਇਆ ਗਿਆ ਤੇ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਇਸ ਸਮਾਗਮ ਵਿੱਚ ਜਿੱਥੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਮੁਤਵਾਜ਼ੀ ਜਥੇਦਾਰ ਗੈਰਹਾਜ਼ਰ ਰਹੇ, ਉੱਥੇ ਸ਼੍ਰੋਮਣੀ ਕਮੇਟੀ ਨੇ ਵੀ ਦੂਰੀ ਬਣਾਈ ਰੱਖੀ। ਗਰਮਖਿਆਲੀ ਆਗੂਆਂ ਨੇ ਭਾਈ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਵੱਲੋਂ 2011 ਵਿੱਚ ਭਾਈ ਦਿਲਾਵਰ ਸਿੰਘ ਨੂੰ ਮਹਾਨ ਸ਼ਹੀਦ ਦਾ ਖ਼ਿਤਾਬ ਦਿੱਤਾ ਗਿਆ ਸੀ। ਇਸ ਮੌਕੇ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਆਇਆ ਸੰਦੇਸ਼ ਗੁਰਚਰਨ ਸਿੰਘ ਬਹਾਦਰਗੜ੍ਹ ਨੇ ਪੜ੍ਹ ਕੇ ਸੁਣਾਇਆ। ਸਮਾਗਮ ਵਿੱਚ ਹਾਜ਼ਰ ਆਗੂਆਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਿੱਖ ਸੰਘਰਸ਼ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਬੁਲਾਰੇ ਕੰਵਰਪਾਲ ਸਿੰਘ ਨੇ ਭਾਈ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਭਾਈ ਦਿਲਾਵਰ ਸਿੰਘ ਦਾ ਸ਼ਹੀਦੀ ਦਿਹਾੜਾ ਵੱਡੀ ਪੱਧਰ ’ਤੇ ਮਨਾਉਣਾ ਚਾਹੀਦਾ ਹੈ। ਇਸ ਮੌਕੇ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਭਾਈ ਦਿਲਾਵਰ ਸਿੰਘ ਦੇ ਭਰਾ ਚਮਕੌਰ ਸਿੰਘ ਅਤੇ ਭਰਜਾਈ ਤੇ ਭਤੀਜੇ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਅਕਾਲੀ ਦਲ ਮਾਨ ਦੇ ਆਗੂ ਜਰਨੈਲ ਸਿੰਘ ਸਖੀਰਾ, ਦਲ ਖ਼ਾਲਸਾ ਦੇ ਸਰਬਜੀਤ ਸਿੰਘ ਘੁਮਾਣ, ਅਮਰੀਕ ਸਿੰਘ ਈਸੜੂ, ਬਲਦੇਵ ਸਿੰਘ ਸਿਰਸਾ ਤੇ ਪਰਮਜੀਤ ਸਿੰਘ ਟਾਂਡਾ ਮੌਜੂਦ ਸਨ।


ਭਾਈ ਦਿਲਾਵਰ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੀ ਭਰਜਾਈ ਦਾ ਸਨਮਾਨ ਕੀਤੇ ਜਾਣ ਦਾ ਦ੍ਰਿਸ਼।

## ਗੁਰਦੁਆਰਿਆਂ ਦੀ ਚੈਕਿੰਗ ਕਰਕੇ ਪਰਤ ਰਹੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਦੀ ਹਾਦਸੇ ’ਚ ਮੌਤ, 3 ਜ਼ਖ਼ਮੀ

**ਨੂਰਪੁਰ ਬੇਦੀ/ਬਿਊਰੋ ਨਿਊਜ਼ :**
ਨੂਰਪੁਰ ਬੇਦੀ-ਬੁੰਗਾ ਸਾਹਿਬ ਮਾਰਗ ’ਤੇ ਵਾਪਰੇ ਹਾਦਸੇ ਵਿੱਚ ਗੁਰਦੁਆਰਿਆਂ ਦੀ ਚੈਕਿੰਗ ਕਰ ਕੇ ਪਰਤ ਰਹੇ ਤਖ਼ਤ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮ ਦੀ ਮੌਤ ਹੋ ਗਈ, ਜਦੋਂਕਿ ਗੱਡੀ ਵਿੱਚ ਚਾਲਕ ਸਮੇਤ ਸਵਾਰ 3 ਹੋਰ ਮੁਲਾਜ਼ਮ ਗੰਭੀਰ ਜ਼ਖ਼ਮੀ ਹੋ ਗਏ। ਇਨ੍ਹਾਂ ਜ਼ਖ਼ਮੀਆਂ ਵਿੱਚੋਂ 2 ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ, ਜਦਕਿ ਇੱਕ ਸਿਵਲ ਹਸਪਤਾਲ ਆਨੰਦਪੁਰ ਸਾਹਿਬ ਵਿਖੇ ਜ਼ੇਰੇ ਇਲਾਜ ਹੈ। ਤਫ਼ਤੀਸ਼ੀ ਅਫ਼ਸਰ ਹੌਲਦਾਰ ਰਾਜ ਕੁਮਾਰ ਨੇ ਦੱਸਿਆ ਕਿ ਆਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਅਧੀਨ ਕੰਮ ਕਰਦੇ ਇਹ ਚਾਰੇ ਮੁਲਾਜ਼ਮ ਰਾਤ ਕਰੀਬ ਇੱਕ ਵਜੇ ਨੂਰਪੁਰ ਬੇਦੀ ਖੇਤਰ ਸਥਿਤ ਗੁਰਦੁਆਰਿਆਂ ਦੀ ਚੈਕਿੰਗ ਕਰ ਕੇ ਆਨੰਦਪੁਰ ਸਾਹਿਬ ਪਰਤ ਰਹੇ ਸਨ ਕਿ ਪਿੰਡ ਚੈਹਿੜ ਮਾਜਰਾ ਨੇੜੇ ਕਿਸੇ ਵਾਹਨ ਦੀ ਲਾਈਟ ਪੈਣ ਕਾਰਨ ਉਨ੍ਹਾਂ ਦੀ ਸਕੌਰਪੀਓ ਗੱਡੀ ਸੜਕ ’ਤੇ ਖੜ੍ਹੇ ਟਿੱਪਰ ਨਾਲ ਟਕਰਾ ਗਈ। ਹਾਦਸਾ ਏਨਾ ਭਿਆਨਕ ਸੀ ਕਿ ਸਕੌਰਪੀਓ ਗੱਡੀ ਦੇ ਪਰਖੱਚੇ ਉਡ ਗਏ ਤੇ ਚਾਲਕ ਨਾਲ ਬੈਠੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਦਵਿੰਦਰ ਸਿੰਘ ਪੁੱਤਰ ਕਲਿਆਣ ਸਿੰਘ ਵਾਸੀ ਵਾਰਡ ਨੰਬਰ 8, ਆਨੰਦਪੁਰ ਸਾਹਿਬ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦੋਂਕਿ 3 ਜਣੇ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਮਲਕੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਤੇ ਗੁਰਪ੍ਰੀਤ ਸਿੰਘ ਪੁੱਤਰ ਰਣਜੀਤ ਸਿੰਘ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਪੀਜੀਆਈ ਚੰਡੀਗੜ੍ਹ ਦਾਖ਼ਲ ਕਰਾਇਆ ਗਿਆ ਹੈ। ਸਕਾਰਪੀਓ ਚਾਲਕ ਹਰਪ੍ਰੀਤ ਸਿੰਘ ਪੁੱਤਰ ਕਰਮ ਸਿੰਘ ਸਿਵਲ ਹਸਪਤਾਲ, ਆਨੰਦਪੁਰ ਸਾਹਿਬ ਵਿੱਚ ਦਾਖ਼ਲ ਹੈ। ਪੁਲੀਸ ਨੇ ਟਿੱਪਰ ਕਬਜ਼ੇ ਵਿੱਚ ਲੈ ਕੇ ਅਣਪਛਾਤੇ ਚਾਲਕ ਵਿਰੁੱਧ ਕੇਸ ਦਰਜ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਦਵਿੰਦਰ ਸਿੰਘ ਤਖ਼ਤ ਕੇਸਗੜ੍ਹ ਸਾਹਿਬ ਦੇ ਮਰਹੂਮ ਜਥੇਦਾਰ ਸਿੰਘ ਗਿਆਨੀ ਤਰਲੋਚਨ ਸਿੰਘ ਅਤੇ ਕਾਰ ਸੇਵਾ ਕਿਲ੍ਹਾ ਆਨੰਦਗੜ੍ਹ ਸਾਹਿਬ ਵਾਲੇ ਬਾਬਾ ਜਰਨੈਲ ਸਿੰਘ ਦਾ ਭਤੀਜਾ ਸੀ। ਦਵਿੰਦਰ ਸਿੰਘ ਦਾ ਚਰਨ ਗੰਗਾ ਸ਼ਮਸ਼ਾਨਘਾਟ ਵਿਚ ਸਸਕਾਰ ਕਰ ਦਿੱਤਾ ਗਿਆ।

### ਪਿੰਡ ਨਾਹਰ ਮਾਜਰਾ ’ਚ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਬੀੜਾਂ ਅਗਨਭੇਟ

**ਨਾਹਰ ਮਾਜਰਾ(ਕੁਰੂਸ਼ੇਤਰ)/ਬਿਊਰੋ ਨਿਊਜ਼ :**ਸ਼ਾਹਬਾਦ ਮਾਰਕੰਡਾ ਨੇੜਲੇ ਪਿੰਡ ਨਾਹਰ ਮਾਜਰਾ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਬੀੜਾਂ ਨੂੰ ਅਗਨ ਭੇਟ ਕਰ ਦਿੱਤਾ ਗਿਆ। ਅੱਗ ਲੱਗਣ ਦੀ ਘਟਨਾ ਦਾ ਸਭ ਤੋਂ ਪਹਿਲਾਂ ਗੁਰਦੁਆਰੇ ਦੇ ਗ੍ਰੰਥੀ ਜਸਵੰਤ ਸਿੰਘ ਨੂੰ ਪਤਾ ਲੱਗਾ ਅਤੇ ਉਸ ਨੇ ਘਟਨਾ ਦੀ ਸੂਚਨਾ ਪਿੰਡ ਵਾਸੀਆਂ ਨੂੰ ਦਿੱਤੀ। ਪਿਛਲੇ ਦਿਨਾਂ ਵਿੱਚ ਪਿੰਡ ਵਿੱਚ ਕਿਸੇ ਪ੍ਰਕਾਰ ਦੀ ਸ਼ੱਕੀ ਘਟਨਾ ਤੋਂ ਪਿੰਡ ਵਾਸੀਆਂ ਨੇ ਇਨਕਾਰ ਕੀਤਾ ਹੈ।

ਪਿੰਡ ਵਾਸੀ ਗੁਰਮੀਤ ਸਿੰਘ ਨੇ ਕਿਹਾ ਕਿ ਕਿਸੇ ਦੇ ਵੱਲ੍ਹ ਉਂਗਲ ਕਰਨੀ ਅਜੇ ਮੁਸ਼ਕਲ ਹੈ। ਇੱਕ ਹੋਰ ਪਿੰਡ ਵਾਸੀ ਸੁਖਵਿੰਦਰ ਸਿੰਘ ਨੇ ਕਿਹਾ ਕਿ ਜਦੋਂ ਆ ਕੇ ਉਨ੍ਹਾਂ ਦੇਖਿਆ ਤਾਂ ਬੀੜਾਂ ਅਤੇ ਹੋਰ ਕਾਫੀ ਸਾਮਾਨ ਸੜ ਰਿਹਾ ਸੀ। ਇਸ ਮੌਕੇ ਘਟਨਾ ਸਥਾਨ ਉੱਤੇ ਪੁਲੀਸ ਵੀ ਪੁੱਜੀ। ਐੱਸਪੀ ਅਭਿਸ਼ੇਕ ਗਰਗ ਨੇ ਮੁਢਲੀ ਜਾਂਚ ਤੋਂ ਬਾਅਦ ਇਸ ਮਾਮਲੇ ਵਿੱਚ ਕਿਸੇ ਵੀ ਪ੍ਰਕਾਰ ਦੀ ਸਾਜਿਸ਼ ਤੋਂ ਇਨਕਾਰ ਕੀਤਾ ਹੈ। ਗੁਰਦੁਆਰੇ ਵਿੱਚ ਕਿਸੇ ਵੀ ਬਾਹਰੀ ਵਿਅਕਤੀ ਦੇ ਦਾਖਲ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਅੱਗ ਸ਼ਾਰਟ ਸਰਕਟ ਹੋਣ ਕਾਰਨ ਲੱਗੀ ਜਾਪਦੀ ਹੈ। ਘਟਨਾ ਦਾ ਪਤਾ ਲੱਗਣ ਉੱਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਕੁਰੂਕਸ਼ੇਤਰ ਤੋਂ ਵੀ ਪ੍ਰਬੰਧਕਾਂ ਦੇ ਵਫ਼ਦ ਅਤੇ ਸ਼੍ਰੋਮਣੀ ਕਾਲੀ ਦਲ ਦੇ ਮੈਂਬਰਾਂ ਨੇ ਵੀ ਘਟਨਾ ਸਥਾਨ ਦਾ ਦੌਰਾ ਕੀਤਾ।

# ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ’ਤੇ ਇਕ ਵਾਰ ਫੇਰ ਸਰਨਾ ਧੜਾ ਕਾਬਜ਼

## ਹਰਵਿੰਦਰ ਸਿੰਘ ਸਰਨਾ ਪ੍ਰਧਾਨ ਬਣੇ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੀ ਚੋਣ ਵਿੱਚ ਹਰਵਿੰਦਰ ਸਿੰਘ ਸਰਨਾ ਨੂੰ ਪ੍ਰਧਾਨ ਚੁਣ ਲਿਆ ਗਿਆ ਅਤੇ ਕਮੇਟੀ ਉੱਤੇ ਇੱਕ ਵਾਰ ਮੁੜ ਸਰਨਾ ਧੜੇ ਦਾ ਮੁਕੰਮਲ ਕਬਜ਼ਾ ਹੋ ਗਿਆ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਚੋਣ ਵਿੱਚ ਹਰਵਿੰਦਰ ਸਿੰਘ ਸਰਨਾ ਪ੍ਰਧਾਨ, ਸ਼ੈਲਿੰਦਰਜੀਤ ਸਿੰਘ ਟਾਟਾ ਨਗਰ ਸੀਨੀਅਰ ਮੀਤ ਪ੍ਰਧਾਨ, ਬੀਬੀ ਕਮਲਜੀਤ ਕੌਰ ਜੂਨੀਅਰ ਮੀਤ ਪ੍ਰਧਾਨ, ਚਰਨਜੀਤ ਸਿੰਘ ਜਨਰਲ ਸਕੱਤਰ ਅਤੇ ਮਹਿੰਦਰ ਸਿੰਘ ਛਾਬੜਾ ਸਕੱਤਰ ਚੁਣੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਕਿ ਇਹ ਚੋਣ ਸਰਵਸੰਮਤੀ ਨਾਲ ਹੋਈ ਹੈ। ਚੋਣ ਦੌਰਾਨ ਪਹਿਲਾਂ ਦੂਜੀ ਧਿਰ ਵਲੋਂ ਪ੍ਰਧਾਨ ਦੇ ਅਹੁਦੇ ਲਈ ਇੱਕ ਨਾਂ ਦੀ ਤਜਵੀਜ਼ ਕੀਤੀ ਗਈ ਸੀ ਪਰ ਸਬੰਧਤ ਮੈਂਬਰ ਨੇ ਚੋਣ ਲੜਣ ਤੋਂ ਇਨਕਾਰ ਕਰ ਦਿੱਤਾ, ਜਿਸ ਮਗਰੋਂ ਚੋਣ ਸਰਵਸੰਮਤੀ ਨਾਲ ਨੇਪਰੇ ਚੜ੍ਹ ਗਈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ, ਭੋਪਾਲ ਅਤੇ ਲਖਨਊ ਤੋਂ ਵੀ ਇੱਕ ਇੱਕ ਮੈਂਬਰ ਗੈਰਹਾਜ਼ਰ ਸੀ। ਇੱਕ ਮੈਂਬਰ ਦੀ ਮੌਤ ਹੋ ਚੁੱਕੀ ਹੈ। ਕਮੇਟੀ ਦੇ ਕੁੱਲ 15 ਮੈਂਬਰਾਂ ਵਿਚੋਂ 11 ਮੈਂਬਰ ਚੋਣ ਮੀਟਿੰਗ ਵਿੱਚ ਸ਼ਾਮਲ ਹੋਏ। ਕਾਰਜਕਾਰਨੀ ਕਮੇਟੀ ਵਿੱਚ ਸਾਬਕਾ ਪ੍ਰਧਾਨ ਆਰ.ਐਸ. ਗਾਂਧੀ, ਆਰਐੱਸ ਅਜੀਤ, ਮਹਾਰਾਜ ਸਿੰਘ, ਸਰਜਿੰਦਰ ਸਿੰਘ, ਭਜਨ ਸਿੰਘ ਵਾਲੀਆ ਨੂੰ ਸ਼ਾਮਲ ਕੀਤਾ ਗਿਆ।



# ਕੈਨੇਡਾ : ਗੁਰਦੁਆਰਿਆਂ ਦੀਆਂ ਗੋਲਕਾਂ ਦਾ ਵੱਡਾ ਹਿੱਸਾ ਜਾ ਰਿਹੈ ਵਕੀਲਾਂ ਦੀਆਂ ਜੇਬਾਂ ’ਚ

**ਵੈਨਕੂਵਰ/ਬਿਊਰੋ ਨਿਊਜ਼ :**
ਕੈਨੇਡਾ ਵਿੱਚ ਗੁਰਦੁਆਰਿਆਂ ਦੀਆਂ ਗੋਲਕਾਂ ਦਾ ਵੱਡਾ ਹਿੱਸਾ ਵਕੀਲਾਂ ਦੀ ਫੀਸ ਦੇ ਲੇਖੇ ਲੱਗ ਰਿਹਾ ਹੈ। ਬਹੁਤ ਘੱਟ ਗੁਰਦੁਆਰਾ ਕਮੇਟੀਆਂ ਹਨ, ਜਿਨ੍ਹਾਂ ਨੂੰ ਅਦਾਲਤੀ ਕੇਸਾਂ ਦਾ ਸਾਹਮਣਾ ਨਾ ਕਰਨਾ ਪੈ ਰਿਹਾ ਹੋਵੇ। ਬਹੁਤੇ ਮਾਮਲੇ ਕਮੇਟੀਆਂ ਵਿਚ ਅਹੁਦਿਆਂ ਉਤੇ ਹੱਕ ਨੂੰ ਲੈ ਕੇ ਚੱਲਦੇ ਹਨ। ਕਿਤੇ ਚੋਣ ਨੂੰ ਚੁਣੌਤੀ ਦਿੱਤੀ ਜਾਂਦੀ ਹੈ, ਕਿਤੇ ਮੈਂਬਰਸ਼ਿਪ ਜਾਂ ਵੋਟਰਾਂ ਉਤੇ ਇਤਰਾਜ਼ ਉਠਾ ਕੇ ਅਦਾਲਤੀ ਸਹਾਰਾ ਲਿਆ ਜਾਂਦਾ ਹੈ। ਚੜ੍ਹਾਵੇ ਦਾ ਵੱਡਾ ਹਿੱਸਾ ਵਕੀਲਾਂ ਦੀਆਂ ਫੀਸਾਂ ਦੇ ਲੇਖੇ ਲੱਗਣ ਕਾਰਨ ਅਜਿਹੇ ਗੁਰਦੁਆਰਿਆਂ ਦੀਆਂ ਇਮਾਰਤਾਂ ਬੈਂਕਾਂ ਕੋਲ ਗਹਿਣੇ ਹਨ। ਇਹੀ ਕਾਰਨ ਹੈ ਕਿ ਨਿੱਜੀ ਮਾਲਕੀ ਵਾਲੇ ਗੁਰਦੁਆਰਿਆਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ।

ਕੁਝ ਸਾਲਾਂ ਤੋਂ ਸ਼ਰਧਾਲੂਆਂ ਵੱਲੋਂ ਗੁਰਦੁਆਰੇ ਨੂੰ ਗੁਰੂਘਰ ਕਹਿਣ ਦਾ ਰਿਵਾਜ਼ ਪੈ ਗਿਆ ਹੈ। ਇਕ ਅਨੁਮਾਨ ਅਨੁਸਾਰ ਕੈਨੇਡਾ ਵਿਚ ਹੀ ਸਥਾਪਤ ਗੁਰੂਘਰਾਂ ਦੀ ਗਿਣਤੀ 200 ਦੇ ਆਸ ਪਾਸ ਹੈ। ਖਾਸ ਗੱਲ ਇਹ ਵੀ ਹੈ ਕਿ ਜਿਸ ਸ਼ਹਿਰ ਕਸਬੇ ਵਿਚ ਪੰਜਾਬੀਆਂ ਦੇ 15-20 ਪਰਿਵਾਰ ਹੋਣ , ਉਥੇ ਵੀ ਗੁਰੂਘਰ ਸਥਾਪਤ ਕਰ ਲਿਆ ਜਾਂਦਾ ਹੈ। ਜ਼ਿਆਦਾਤਰ ਗੁਰਦੁਆਰੇ ਨਿੱਜੀ ਸੰਪਤੀ ਹਨ। ਸਿੱਖੀ ਪ੍ਰਚਾਰ ਤੇ ਪਸਾਰ ਦੀ ਥਾਂ ਵਪਾਰਕ ਸੋਚ ਭਾਰੂ ਹੈ। ਕੈਨੇਡਾ ਵਿਚ ਸਭ ਤੋਂ ਪਹਿਲਾ ਗੁਰੂਘਰ ਪਿਛਲੀ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਵੈਨਕੂਵਰ ਵਿਚ ਸਥਾਪਤ ਹੋਇਆ ਸੀ। ਇਸ ਗੁਰਦੁਆਰੇ ਦੇ ਪ੍ਰਬੰਧ ਉਤੇ ਕਬਜ਼ੇ ਨਾਲ ਸਬੰਧਤ ਕੁਝ ਕੇਸ ਅਦਾਲਤਾਂ ਵਿਚ ਹਨ। ਐਬਸਫੋਰਡ ਦਾ ਇੱਕ ਗੁਰਦੁਆਰਾ ਜੋ ਕਈ ਦਹਾਕੇ ਪੁਰਾਣਾ ਹੈ, ਦੀ ਚੁਣੀ ਹੋਈ ਕਮੇਟੀ ਵੀ ਅਦਾਲਤੀ ਕੇਸਾਂ ਦਾ ਸਾਹਮਣਾ ਕਰ ਰਹੀ ਹੈ।

# ਛੇੜਛਾੜ ਦੇ ਦੋਸ਼ਾਂ ’ਚ ਘਿਰੇ ਕੈਨੇਡੀਅਨ ਮੰਤਰੀ ਦਰਸ਼ਨ ਸਿੰਘ ਕੰਗ ਵਲੋਂ ਪਾਰਟੀ ਤੋਂ ਅਸਤੀਫ਼ਾ

**ਕੈਲਗਰੀ/ਬਿਊਰੋ ਨਿਊਜ਼ :** ਪਾਰਲੀਮੈਂਟ ਹਲਕਾ ਸਕਾਈਵਿਊ ਤੋਂ ਸੰਸਦ ਮੈਂਬਰ ਦਰਸ਼ਨ ਸਿੰਘ ਕੰਗ ਨੇ ਲਿਬਰਲ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ ਕਿਉਂਕਿ ਪਿਛਲੇ ਦਿਨਾਂ ਤੋਂ ਕੰਗ ਵਿਰੁੱਧ ਉਸ ਦੇ ਹੀ ਦਫ਼ਤਰ ਵਿਖੇ ਕੰਮ ਕਰਨ ਵਾਲੀ ਲੜਕੀ ਨੇ ਉਨ੍ਹਾਂ ’ਤੇ ਛੇੜਖ਼ਾਨੀ ਕਰਨ ਦੇ ਦੋਸ਼ ਲਾਏ ਸਨ, ਜਿਸ ਬਾਰੇ ਅਜੇ ਜਾਂਚ ਚੱਲ ਰਹੀ ਹੈ ਤੇ ਉਹ ਦੋਸ਼ ਅਜੇ ਤੱਕ ਸਾਬਤ ਨਹੀਂ ਹੋਏ। ਕੰਗ ਨੇ ਆਪਣੇ ’ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਅਸਤੀਫ਼ਾ ਪਾਰਟੀ ਦੇ ਹਿਤਾਂ ਨੂੰ ਦੇਖਦੇ ਹੋਏ ਦੇ ਰਹੇ ਹਨ, ਤਾਂ ਜੋ ਪਾਰਟੀ ਦੇ ਅਕਸ ’ਤੇ ਕੋਈ ਪ੍ਰਭਾਵ ਨਾ ਪਵੇ। ਪਿਛਲੇ ਕੁਝ ਦਿਨਾਂ ਤੋਂ ਕੈਨੇਡੀਅਨ ਮੀਡੀਆ ਵਿਚ ਸਿੱਖ ਸਿਆਸਤਦਾਨ ਸੁਰਖੀਆਂ ਵਿਚ ਸਨ। ਬੇਸ਼ਕ ਇਨ੍ਹਾਂ ਦੋਸ਼ਾਂ ਨੂੰ ਸ੍ਰੀ ਕੰਗ ਨੇ ਨਕਾਰਿਆ ਹੈ ਪਰ ਵਿਰੋਧੀ ਧਿਰਾਂ ਉਸ ਦੀ ਫੌਰੀ ਬਰਖਾਸਤਗੀ ਮੰਗ ਰਹੀਆਂ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਸਬੰਧੀ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਸੈੱਲ ਨੂੰ ਆਪਣੀ ਕਾਰਵਾਈ ਕਰ ਲੈਣ ਦਿਉ। ਸ੍ਰੀ ਕੰਗ ’ਤੇ ਦੋਸ਼ਾਂ ਦਾ ਮਾਮਲਾ ਅਗਸਤ ਦੇ ਸ਼ੁਰੂ ਵਿਚ ਬਾਹਰ ਆਇਆ ਜਦੋਂ ਉਸ ਦੇ ਸਟਾਫ ਵਿਚ ਕੰਮ ਕਰਦੀ ਕੁੜੀ ਨੇ ਪਾਰਲੀਮੈਂਟ ਦੇ ਮਨੁੱਖੀ ਸਰੋਤ ਅਫ਼ਸਰ ਕੋਲ ਸ਼ਿਕਾਇਤ ਕੀਤੀ। ‘ਟੋਰਾਂਟੋ ਸਟਾਰ’ ਮੁਤਾਬਕ ਸ੍ਰੀ ਕੰਗ ਨੇ ਇਹ ਗੱਲ ਦਬਾਈ ਰੱਖਣ ਲਈ ਪੀੜਤ ਲੜਕੀ ਨੂੰ ਇਕ ਲੱਖ ਡਾਲਰ ਤਕ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ। ਲੜਕੀ ਸ੍ਰੀ ਕੰਗ ਦੀ ਵਿਧਾਇਕੀ ਵੇਲੇ ਤੋਂ ਹੀ ਉਸ ਦੇ ਸਟਾਫ ਨਾਲ ਜੁੜੀ ਹੋਈ ਸੀ ਅਤੇ ਲੜਕੀ ਦਾ ਪਿਤਾ ਉਸ ਦਾ ਨਜ਼ਦੀਕੀ ਦੋਸਤ ਹੈ। ਪੀੜਤ ਦੇ ਪਿਤਾ ਨੇ ਦੱਸਿਆ ਕਿ ਪਿਛਲੇ ਚਾਰ-ਪੰਜ ਸਾਲ ਤੋਂ ਐਮਪੀ ਵੱਲੋਂ ਕੁੜੀ ਨੂੰ ਤੰਗ ਕੀਤਾ ਜਾ ਰਿਹਾ ਸੀ। ਕੇਂਦਰ ਦੀ ਸਿਆਸਤ ਵਿਚ ਆਉਣ ਤੋਂ ਪਹਿਲਾਂ ਸ੍ਰੀ ਕੰਗ 2008 ਤੋਂ 2015 ਤਕ ਅਲਬਰਟਾ ਤੋਂ ਵਿਧਾਇਕ ਵੀ ਰਹੇ। ਸ੍ਰੀ ਕੰਗ ਨੇ ਆਖਿਆ ਕਿ ਉਹ ਹਰ ਕੀਮਤ ’ਤੇ ਆਪਣੇ ਅਕਸ ਅਤੇ ਵੱਕਾਰ ਨੂੰ ਬਚਾਵੇਗਾ।



# ਅਕਾਲ ਤਖ਼ਤ ਸਾਹਮਣੇ ਢਾਡੀ ਦਰਬਾਰ ਲਾਉਣ ਸਬੰਧੀ ਵਿਵਾਦ ਖ਼ਤਮ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅਕਾਲ ਤਖ਼ਤ ਸਾਹਮਣੇ ਢਾਡੀ ਦਰਬਾਰ ਲਾਉਣ ਸਬੰਧੀ ਚੱਲ ਰਿਹਾ ਵਿਵਾਦ ਲਗਪਗ ਖ਼ਤਮ ਹੋ ਗਿਆ ਹੈ ਤੇ ਅਕਾਲ ਤਖ਼ਤ ਦੇ ਸਕੱਤਰੇਤ ਸਾਹਮਣੇ ਮਰਨ ਵਰਤ ਨਹੀਂ ਰੱਖਿਆ। ਇਸ ਦੌਰਾਨ ਗੁਰੂ ਹਰਿਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਦੇ ਢਾਡੀ ਜਥਿਆਂ ਨੇ ਢਾਡੀ ਦਰਬਾਰ ਵੀ ਲਾਏ।

ਗੁਰੂ ਹਰਿਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਢਾਡੀ ਜਥਿਆਂ ਦੇ ਸਮੇਂ ਦੀ ਵੰਡ ਸਬੰਧੀ ਕੀਤੇ ਫ਼ੈਸਲੇ ਦਾ ਵਿਰੋਧ ਕੀਤਾ ਸੀ। ਢਾਡੀ ਸਭਾ ਨੇ ਦੋਸ਼ ਲਾਇਆ ਸੀ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਪੱਖਪਾਤ ਕੀਤਾ ਗਿਆ ਤੇ ਵਧੇਰੇ ਢਾਡੀ ਜਥਿਆਂ ਵਾਲੀ ਸਭਾ ਨੂੰ ਵਧੇਰੇ ਸਮਾਂ ਦਿੱਤਾ ਜਾਣਾ ਚਾਹੀਦਾ ਸੀ। ਇਸ ਮਾਮਲੇ ਵਿੱਚ ਢਾਡੀ ਸਭਾ ਨੇ 4 ਸਤੰਬਰ ਨੂੰ ਮਰਨ ਵਰਤ ਸ਼ੁਰੂ ਕਰਨ ਦੀ ਚਿਤਾਵਨੀ ਦਿੱਤੀ ਸੀ। ਢਾਡੀ ਸਭਾ ਦੇ ਮੁਖੀ ਬਲਦੇਵ ਸਿੰਘ ਐਮਏ ਨੇ ਆਖਿਆ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਵੱਲੋਂ ਬਣਾਈ ਦੋ ਮੈਂਬਰੀ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਹੋਈ ਹੈ ਤੇ ਉਨ੍ਹਾਂ ਢਾਡੀ ਸਭਾ ਦੀਆਂ ਦੋਵੇਂ ਮੰਗਾਂ ਪ੍ਰਵਾਨ ਕਰ ਲਈਆਂ ਹਨ। ਇਸ ਤਹਿਤ ਉਨ੍ਹਾਂ ਦੀ ਢਾਡੀ ਸਭਾ ਦੇ ਜਥਿਆਂ ਨੂੰ ਵਧੇਰੇ ਸਮਾਂ ਮਿਲੇਗਾ ਤੇ ਢਾਡੀ ਦਰਬਾਰ ਮੰਜੀ ਸਾਹਿਬ ਦੀਵਾਨ ਹਾਲ ਦੀ ਥਾਂ ਅਕਾਲ ਤਖ਼ਤ ਦੇ ਸਾਹਮਣੇ ਹੀ ਲਾਏ ਜਾਣਗੇ। ਉਨ੍ਹਾਂ ਆਖਿਆ ਕਿ ਕਮੇਟੀ ਮੈਂਬਰਾਂ ਨੇ ਇਹ ਮੰਗਾਂ ਪ੍ਰਵਾਨ ਕਰਨ ਦਾ ਜ਼ੁਬਾਨੀ ਭਰੋਸਾ ਦਿੱਤਾ ਹੈ ਪਰ ਉਹ ਲਿਖਤੀ ਪ੍ਰਵਾਨਗੀ ਮੰਗ ਰਹੇ ਹਨ। ਜੇ ਭਲਕੇ ਪ੍ਰਵਾਨਗੀ ਪੱਤਰ ਨਾ ਮਿਲਿਆ ਤਾਂ ਉਹ ਅਗਲੀ ਕਾਰਵਾਈ ਲਈ ਵਿਚਾਰ ਕਰਨਗੇ।

ਇਸ ਮਾਮਲੇ ਦੇ ਹੱਲ ਲਈ ਬਣੀ ਦੋ ਮੈਂਬਰੀ ਕਮੇਟੀ ਦੇ ਮੈਂਬਰ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ ਨੇ ਆਖਿਆ ਕਿ ਮਸਲਾ ਲਗਪਗ ਹੱਲ ਹੋ ਚੁੱਕਾ ਹੈ ਅਤੇ ਢਾਡੀ ਸਭਾ ਵੱਲੋਂ ਲਿਖਤੀ ਭਰੋਸਾ ਦਿੱਤਾ ਗਿਆ ਹੈ ਕਿ ਉਹ ਭਲਕੇ ਮਰਨ ਵਰਤ ਨਹੀਂ ਰੱਖਣਗੇ। ਉਧਰ, ਦੂਜੀ ਧਿਰ ਮੀਰੀ ਪੀਰੀ ਸ਼੍ਰੋਮਣੀ ਢਾਡੀ ਜਥਾ ਦੇ ਆਗੂ ਗੁਰਮੇਜ ਸਿੰਘ ਸ਼ਹੂਰਾ ਨੇ ਆਖਿਆ ਕਿ ਫਿਲਹਾਲ ਉਨ੍ਹਾਂ ਨੂੰ ਨਵੇਂ ਫ਼ੈਸਲੇ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਇਸ ਸਬੰਧੀ ਉਨ੍ਹਾਂ ਨੂੰ ਭਰੋਸੇ ਵਿੱਚ ਲਿਆ ਗਿਆ ਹੈ।



ਅਕਾਲ ਤਖ਼ਤ ਸਾਹਮਣੇ ਢਾਡੀ ਦਰਬਾਰ ਲਾਉਂਦਾ ਹੋਇਆ ਢਾਡੀ ਜਥਾ।

# ਮੀਂਹ ਕਾਰਨ ਮੁਸਲਮਾਨ ਭਰਾਵਾਂ ਨੂੰ ਨਮਾਜ਼ ਅਦਾ ਕਰਨ ਲਈ ਗੁਰਦੁਆਰਾ ਪ੍ਰਬੰਧਕਾਂ ਨੇ ਦਿੱਤੀ ਥਾਂ

**ਗੋਪੇਸ਼ਵਰ, (ਉੱਤਰਾਖੰਡ)/ਬਿਊਰੋ ਨਿਊਜ਼ :** ਈਦ ਉਲ ਅਦਾ ਮੌਕੇ ਭਾਈਚਾਰੇ ਦੀ ਵਿਲੱਖਣ ਮਿਸਾਲ ਪੈਦਾ ਕਰਦਿਆਂ ਜੋਸ਼ੀਮੱਠ ਵਿੱਚ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਮੁਸਲਮਾਨ ਭਰਾਵਾਂ ਨੂੰ ਗੁਰਦੁਆਰੇ ਵਿੱਚ ਨਮਾਜ਼ ਅਦਾ ਕਰਨ ਦੀ ਪੇਸ਼ਕਸ਼ ਕੀਤੀ। ਇਸ ਮੌਕੇ ਇੱਕ ਹਜ਼ਾਰ ਮੁਸਲਮਾਨ ਭਰਾਵਾਂ ਨੇ ਗੁਰਦੁਆਰੇ ਵਿੱਚ ਨਮਾਜ਼ ਅਦਾ ਕੀਤੀ। ਹੇਮਕੁੰਟ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਸ੍ਰੀ ਸੇਵਾ ਸਿੰਘ ਨੇ ਦੱਸਿਆ ਕਿ ਬਹੁਤ ਮੀਂਹ ਪੈ ਰਿਹਾ ਸੀ ਇਸ ਕਰਕੇ ਸਾਡੇ ਮੁਸਲਮਾਨ ਭਰਾਵਾਂ ਲਈ ਖੁੱਲ੍ਹੇ ਵਿੱਚ ਨਮਾਜ਼ ਅਦਾ ਕਰਨੀ ਮੁਸ਼ਕਲ ਸੀ, ਇਸ ਲਈ ਈਦ ਮੌਕੇ ਅਸੀਂ ਉਨ੍ਹਾਂ ਨੂੰ ਗੁਰਦੁਆਰੇ ਵਿੱਚ ਨਮਾਜ਼ ਕਰਨ ਲਈ ਥਾਂ ਦਿੱਤੀ। ਸਵੇਰੇ 9 ਵਜੇ ਤੋਂ 10 ਵਜੇ ਤਕ ਗੁਰਦੁਆਰੇ ਵਿੱਚ ਕਰੀਬ ਇੱਕ ਹਜ਼ਾਰ ਮੁਸਲਮਾਨ ਭਰਾਵਾਂ ਨੇ ਨਮਾਜ਼ ਅਦਾ ਕੀਤੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਤੋਹਫ਼ੇ ਵਜੋਂ ਸਨੈਕਸ ਵੀ ਭੇਟ ਕੀਤੇ। ਲੋਕਲ ਪ੍ਰਸ਼ਾਸਨ ਨੇ ਵੀ ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਕੀਤੇ ਇਸ ਕਾਰਜ ਦੀ ਪ੍ਰਸ਼ੰਸਾ ਕੀਤੀ।



ਜੋਸ਼ੀ ਮੱਠ ਗੁਰਦੁਆਰੇ ਵਿਚ ਨਮਾਜ਼ ਅਦਾ ਕਰਦਾ ਹੋਇਆ ਮੁਸਲਿਮ ਭਾਈਚਾਰਾ।

# ਦਸਤਾਰ ਬੇਅਦਬੀ ਮਾਮਲੇ ’ਚ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੇ ਭਰੋਸੇ ਬਾਅਦ ਸਿੱਖਾਂ ਨੇ ਧਰਨਾ ਚੁੱਕਿਆ

**ਸਿੱਖ ਸਿਆਸਤ ਬਿਊਰੋ:**
ਮੁਕੇਰੀਆਂ: ਪਿੰਡ ਭਡਿਆਰਾਂ ’ਚ ਸਿੱਖ ਬੱਚੇ ਦੀ ਦਸਤਾਰ ਬੇਅਦਬੀ ਮਾਮਲੇ ’ਚ ਪੁਲਿਸ ਵੱਲੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾ ਕਰਨ ਖ਼ਿਲਾਫ਼ ਪੀੜਤ ਪਰਿਵਾਰ ਵੱਲੋਂ ਸਿੱਖ ਜਥੇਬੰਦੀਆਂ ਦੀ ਅਗਵਾਈ ’ਚ ਕਰੀਬ ਢਾਈ ਘੰਟੇ ਮੁਕੇਰੀਆਂ ਤਲਵਾੜਾ ਮਾਰਗ ’ਤੇ ਅੱਡਾ ਝੀਰ ਦਾ ਖੂਹ ਵਿਖੇ ਜਾਮ ਲਾਈ ਰੱਖਿਆ। ਇਹ ਜਾਮ ਡੀਐਸਪੀ ਮੁਕੇਰੀਆਂ ਵੱਲੋਂ ਦੋਸ਼ੀਆਂ ਦੀ ਤਿੰਨ ਦਿਨਾਂ ’ਚ ਗ੍ਰਿਫ਼ਤਾਰੀ ਕਰਨ ਦੇ ਭਰੋਸੇ ਉਪਰੰਤ ਖੋਲ੍ਹਿਆ ਗਿਆ।

ਡੀਐਸਪੀ ਨੇ ਇਸ ਮਾਮਲੇ ਵਿੱਚ ਇੱਕ ਔਰਤ ਏ.ਐਸ. ਆਈ ਸਮੇਤ ਦੋਸ਼ੀ ਮੰਨੇ ਜਾਂਦੇ ਅਧਿਕਾਰੀਆਂ ਖ਼ਿਲਾਫ਼ ਐਸਐਸਪੀ ਹੁਸ਼ਿਆਰਪੁਰ ਨੂੰ ਵੀ ਕਾਰਵਾਈ ਦਾ ਭਰੋਸਾ ਦੁਆਇਆ। ਸਿੱਖ ਜਥੇਬੰਦੀਆਂ ਨੇ 3 ਦਿਨਾਂ ’ਚ ਗ੍ਰਿਫ਼ਤਾਰੀ ਨਾ ਹੋਣ ’ਤੇ ਅਗਲੇ ਦਿਨ ਮੁਕੇਰੀਆਂ ’ਚ ਕੌਮੀ ਮਾਰਗ ਜਾਮ ਕਰਨ ਦੀ ਚੇਤਾਵਨੀ ਦਿੰਦਿਆਂ ਧਰਨਾ ਚੁੱਕ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਮਾਸਟਰ ਕੁਲਦੀਪ ਸਿੰਘ ਮਸੀਤੀ, ਹਰਜਿੰਦਰ ਸਿੰਘ ਪੰਡੋਰੀ ਅਟਵਾਲ, ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਆਗੂ ਦਵਿੰਦਰ ਸਿੰਘ ਖਾਲਸਾ ਤੇ ਸਿੱਖ ਯੂਥ ਆਫ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਵੀ ਉਥੇ ਮੌਜੂਦ ਸਨ। ਇਸ ਮੌਕੇ ਸਿੱਖ ਆਗੂਆਂ ਨੇ ਕਿਹਾ ਕਿ ਤਲਵਾੜਾ ਪੁਲਿਸ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਦੀਆਂ ਜ਼ਮਾਨਤਾਂ ਕਰਾਉਣ ਵਿੱਚ ਰੁੱਝੀ ਹੋਈ ਹੈ। ਪੁਲਿਸ ਨੇ ਮੁੱਖ ਮੁਲਜ਼ਮ ਦੀ ਜ਼ਮਾਨਤ ਦਾ ਵਿਰੋਧ ਕਰਨ ਦੀ ਥਾਂ ਉਸ ਦੀ ਜ਼ਮਾਨਤ ਪੱਖੀ ਪੱਖ ਅਦਾਲਤ ਕੋਲ ਪੇਸ਼ ਕਰਕੇ ਉਸ ਦੀ ਜ਼ਮਾਨਤ ਕਰਵਾ ਲਈ, ਜਦੋਂਕਿ ਰਹਿੰਦੇ ਤਿੰਨ ਮੁਲਜ਼ਮਾਂ ਦੀ ਗ੍ਰਿਫ਼ਤਾਰੀ 15 ਦਿਨ ਬਾਅਦ ਵੀ ਨਹੀਂ ਕੀਤੀ ਗਈ।

ਮੁਲਜ਼ਮਾਂ ਨੂੰ ਰਾਹਤ ਦੁਆਉਣ ਲਈ ਥਾਣੇ ਦੀ ਔਰਤ ਏ.ਐਸ.ਆਈ. ਵੰਦਨਾ ਠਾਕੁਰ ਵੱਲੋਂ ਪੀੜਤ ਬੱਚੇ ਦੇ ਚਾਰ ਵਾਰ ਬਿਆਨ ਦਰਜ ਕਰਕੇ ਗਲਤ ਬਿਆਨਾਂ ’ਤੇ ਦਸਤਖ਼ਤ ਕਰਵਾਏ ਗਏ। ਕੇਸ ਦੇ ਜਾਂਚ ਅਧਿਕਾਰੀ ਏਐਸਆਈ ਜਸਵੀਰ ਸਿੰਘ ਨੇ ਅਦਾਲਤ ’ਚ ਮੁੱਖ ਦੋਸ਼ੀ ਦੀ ਜ਼ਮਾਨਤ ਮੌਕੇ ਕੋਈ ਵਿਰੋਧ ਨਹੀਂ ਕੀਤਾ। ਇੱਥੋਂ ਤੱਕ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੀ ਮੈਂਬਰ ਭਾਰਤੀ ਕੈਨੇਡੀ ਦੀਆਂ ਹਦਾਇਤਾਂ ਨੂੰ ਵੀ ਟਿੱਚ ਜਾਣਿਆ। ਉਨ੍ਹਾਂ ਇਸ ਸਾਰੇ ਮਾਮਲੇ ਵਿੱਚ ਐਸਐਚਓ ਤਲਵਾੜਾ ਸੁਰਿੰਦਰ ਕੁਮਾਰ ਦੀ ਭੂਮਿਕਾ ’ਤੇ ਸਵਾਲ ਖੜ੍ਹੇ ਕੀਤੇ।



ਧਰਨਕਾਰੀਆਂ ਨੂੰ ਕਾਰਵਾਈ ਦਾ ਭਰੋਸਾ ਦਿੰਦੇ ਹੋਏ ਡੀਐਸਪੀ ਰਵਿੰਦਰ ਸਿੰਘ

# ਬਾਦਲ ਦਲ ਨੇ ਅਪਣੇ ਬੁਲਾਰਿਆਂ ਦੇ ਨਾਮ ਐਲਾਨੇ

**ਚੰਡੀਗੜ੍ਹ/ਬਿਊਰੋ ਨਿਊਜ਼:**
ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਬਾਦਲ ਨੇ ਦਲ ਦੇ ਸੀਨੀਅਰ ਆਗੂਆਂ ਨੂੰ ਪਾਰਟੀ ਦੇ ਬੁਲਾਰਿਆਂ ਵਜੋਂ ਨਿਯੁਕਤ ਕਰ ਦਿੱਤਾ ਹੈ। ਪਾਰਟੀ ਦੇ ਮੁੱਖ ਦਫ਼ਤਰ ਤੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਬੀਰ ਬਾਦਲ ਨੇ ਦੱਸਿਆ ਕਿ ਜਿਹਨਾਂ ਆਗੂਆਂ ਨੂੰ ਪਾਰਟੀ ਦੇ ਬੁਲਾਰਿਆਂ ਵਜੋਂ ਨਿਯੁਕਤ ਕੀਤਾ ਹੈ ਉਨ੍ਹਾਂ ਵਿੱਚ ਡਾ. ਦਲਜੀਤ ਸਿੰਘ ਚੀਮਾ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਪ੍ਰੋ. ਵਿਰਸਾ ਸਿੰਘ ਵਲਟੋਹਾ, ਸ੍ਰੀ ਨਰੇਸ਼ ਗੁਜਰਾਲ, ਸ. ਮਨਜੀਤ ਸਿੰਘ ਜੀ.ਕੇ, ਸ. ਮਨਜਿੰਦਰ ਸਿੰਘ ਸਿਰਸਾ, ਸ੍ਰੀ ਐਨ. ਕੇ.ਸ਼ਰਮਾ, ਸ. ਚਰਨਜੀਤ ਸਿੰਘ ਬਰਾੜ, ਸ੍ਰੀ ਪਵਨ ਕੁਮਾਰ ਟੀਨੂੰ ਅਤੇ ਸ. ਪਰਮਬੰਸ ਸਿੰਘ ਬੰਟੀ ਰੋਮਾਣਾ ਸ਼ਾਮਲ ਹਨ।

# ਪ੍ਰੋ. ਬਡੂੰਗਰ ਨੇ ਡੇਰੇ ਨਾਲ ਜੁੜੇ ਸਿੱਖਾਂ ਨੂੰ ਸ਼ਬਦ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਆ

## *ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਗੈਲਰੀ ਹੋਵੇਗੀ ਸਥਾਪਤ*

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਡੇਰਾ ਸਿਰਸਾ ਨਾਲ ਜੁੜੇ ਸਿੱਖਾਂ ਨੂੰ ਘਰ ਵਾਪਸੀ ਦਾ ਸੱਦਾ ਦਿੰਦਿਆਂ ਆਖਿਆ ਕਿ ਡੇਰਾ ਸਿਰਸਾ ਦੇ ਮੁਖੀ ਦੀ ਘਿਨਾਉਣੀ ਸਚਾਈ ਜੱਗ ਜ਼ਾਹਰ ਹੋਣ ਤੋਂ ਬਾਅਦ ਡੇਰੇ ਨਾਲ ਜੁੜੇ ਸਿੱਖ ਸ਼ਬਦ ਗੁਰੂ ਦੇ ਲੜ ਲੱਗਣ।

ਇੱਥੇ ਸ਼੍ਰੋਮਣੀ ਕਮੇਟੀ ਦਫਤਰ ਵਿੱਚ ਸਾਰਾਗੜ੍ਹੀ ਫਾਊਂਡੇਸ਼ਨ ਦੇ ਅਹੁਦੇਦਾਰਾਂ ਨਾਲ ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਪ੍ਰੋ. ਬਡੂੰਗਰ ਨੇ ਆਖਿਆ ਕਿ ਜੇਕਰ ਸਮੇਂ ਸਿਰ ਹਰਿਆਣਾ ਸਰਕਾਰ ਵੱਲੋਂ ਢੁਕਵੀਂ ਕਾਰਵਾਈ ਕੀਤੀ ਜਾਂਦੀ ਤਾਂ ਉਥੇ ਹੋਈਆਂ ਹਿੰਸਕ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਸੀ। ਉਨ੍ਹਾਂ ਨੇ ਡੇਰਾ ਸਿਰਸਾ ਨਾਲ ਜੁੜੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਬਦ ਗੁਰੂ ਨਾਲ ਜੁੜਨ। ਉਨ੍ਹਾਂ ਆਖਿਆ ਕਿ ਡੇਰਾ ਮੁਖੀ ਵੱਲੋਂ ਕੀਤੇ ਸਮਾਜ ਵਿਰੋਧੀ ਕੰਮ ਜੱਗ ਜ਼ਾਹਰ ਹੋ ਚੁੱਕੇ ਹਨ। ਇਸ ਲਈ ਸਿੱਖਾਂ ਨੂੰ ਅਜਿਹੇ ਡੇਰੇਦਾਰਾਂ ਤੋਂ ਸੁਚੇਤ ਹੋਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਾਲਵਾ ਪੱਟੀ ਵਿੱਚ ਪਹਿਲਾਂ ਹੀ ਧਰਮ ਪ੍ਰਚਾਰ ਲਹਿਰ ਨੂੰ ਸਰਗਰਮ ਰੂਪ ਵਿੱਚ ਚਲਾਇਆ ਜਾ ਰਿਹਾ ਹੈ ਪਰ ਦੁਬਿਧਾ ਦਾ ਸ਼ਿਕਾਰ ਹੋਏ ਸਿੱਖਾਂ ਨੂੰ ਗੁਰਮਤਿ ਨਾਲ ਜੋੜਨ ਲਈ ਹੋਰ ਵੀ ਯਤਨ ਤੇਜ਼ ਕੀਤੇ ਜਾਣਗੇ। ਇਸ ਵਾਸਤੇ ਧਰਮ ਪ੍ਰਚਾਰ ਵਿਧੀ ਤੋਂ ਇਲਾਵਾ ਸੰਵਾਦ ਵਿਧੀ ਵੀ ਵਰਤੀ ਜਾਵੇਗੀ। ਇਸ ਤੋਂ ਪਹਿਲਾਂ ਪ੍ਰੋ. ਬਡੂੰਗਰ ਨੇ ਸਾਰਾਗੜ੍ਹੀ ਫਾਊਂਡੇਸ਼ਨ ਦੇ ਅਹੁਦੇਦਾਰਾਂ ਨਾਲ ਮੁਲਾਕਾਤ ਦੌਰਾਨ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਸਾਰਾਗੜ੍ਹੀ ਨਿਵਾਸ ਵਿੱਚ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫੌਜੀਆਂ ਦੀ ਯਾਦ ਵਿੱਚ ਗੈਲਰੀ ਬਣਾਏਗੀ, ਜਿਸ ਦਾ ਉਦਘਾਟਨ 10 ਸਤੰਬਰ ਨੂੰ ਕੀਤਾ ਜਾਵੇਗਾ। ਦੱਸਣਯੋਗ ਹੈ ਕਿ 12 ਸਤੰਬਰ 1897 ਨੂੰ ਹੋਈ ਸਾਰਾਗੜ੍ਹੀ ਦੀ ਜੰਗ ਵਿੱਚ 36 ਸਿੱਖ ਬਟਾਲੀਅਨ ਦੇ 21 ਸਿੱਖ ਫੌਜੀਆਂ ਨੇ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਦਿੱਤੀ ਸੀ। ਗੈਲਰੀ ਵਿੱਚ ਸ਼ਹੀਦ ਹੋਏ ਸਿੱਖ ਫੌਜੀਆਂ ਦੀਆਂ ਤਸਵੀਰਾਂ ਅਤੇ ਹੋਰ ਸਮੱਗਰੀ ਸਥਾਪਤ ਕੀਤੀ ਜਾਵੇਗੀ। ਇਸ ਵਿੱਚ ਸਾਰਾਗੜ੍ਹੀ ਚੌਕੀ ਨੂੰ ਰੂਪਮਾਨ ਕਰਦਾ ਮਾਡਲ ਵੀ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 12 ਸਤੰਬਰ ਨੂੰ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿੱਚ ਫਿਰੋਜ਼ਪੁਰ ਵਿਖੇ ਗੁਰਦੁਆਰਾ ਬਜੀਦਪੁਰ ਵਿੱਚ ਗੁਰਮਤਿ ਸਮਾਗਮ ਕਰਾਇਆ ਜਾਵੇਗਾ। ਸਾਰਾਗੜ੍ਹੀ ਫਾਊਂਡੇਸ਼ਨ ਦੇ ਅਹੁਦੇਦਾਰਾਂ ਨੇ ਗੈਲਰੀ ਵਿਚ ਸਥਾਪਤ ਕੀਤੇ ਜਾਣ ਵਾਲੀਆਂ ਸਿੱਖ ਫੌਜੀਆਂ ਦੀਆਂ ਤਸਵੀਰਾਂ ਵੀ ਦਿਖਾਈਆਂ ਅਤੇ ਮਾਡਲ ਬਾਰੇ ਵੀ ਜਾਣਕਾਰੀ ਦਿੱਤੀ।

ਫਾਊਂਡੇਸ਼ਨ ਦੇ ਚੇਅਰਮੈਨ ਗੁਰਿੰਦਰਪਾਲ ਸਿੰਘ ਜੋਸਨ ਨੇ ਦੱਸਿਆ ਕਿ ਸਿੱਖ ਸ਼ਹੀਦ ਫੌਜੀਆਂ ਦੀ ਯਾਦ ਵਿੱਚ ਗੈਲਰੀ ਸਥਾਪਨਾ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਦੁਆਰਾ ਸਾਰਾਗੜ੍ਹਾ ਤੱਕ ਮਾਰਚ ਵੀ ਕੱਢਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਗੈਲਰੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣੇਗੀ।


ਸਾਰਾਗੜ੍ਹੀ ਫਾਊਂਡੇਸ਼ਨ ਦੇ ਆਗੂ ਸਿੱਖ ਸ਼ਹੀਦ ਫੌਜੀਆਂ ਦੀਆਂ ਤਸਵੀਰਾਂ ਪ੍ਰੋ. ਬਡੂੰਗਰ ਨੂੰ ਦਿਖਾਉਂਦੇ ਹੋਏ।

## ਡੇਰਾ ਮੁਖੀ ਦੀ ਰਾਖੀ ਲਈ ਲਾਏ ਸੁਰੱਖਿਆ ਗਾਰਦ ਪੰਜਾਬ ਸਰਕਾਰ ਨੇ ਵਾਪਸ ਬੁਲਾਏ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਡੇਰਾ ਮੁਖੀ ਦੀ ਸੁਰੱਖਿਆ 'ਤੇ 8 ਮੈਂਬਰੀ ਸੁਰੱਖਿਆ ਦਸਤਾ ਲਾਇਆ ਸੀ, ਜੋ ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਰਾਤੋ-ਰਾਤ ਵਾਪਸ ਬੁਲਾ ਲਿਆ ਗਿਆ ਹੈ। ਪੰਜਾਬ ਪੁਲੀਸ ਤਾਂ ਡੇਰਾ ਮੁਖੀ ਦੀ ਸੁਰੱਖਿਆ ਪ੍ਰਤੀ ਏਨੀ ਫਿਕਰਮੰਦ ਸੀ ਕਿ ਉਸ ਨਾਲ ਲਾਏ ਹਰ ਗੰਨਮੈਨ ਨੂੰ ਦੋ ਦੋ ਹਥਿਆਰ ਦਿੱਤੇ ਹੋਏ ਸਨ। ਵੇਰਵਿਆਂ ਅਨੁਸਾਰ ਪਿਛਲੀ ਅਕਾਲੀ-ਭਾਜਪਾ ਗਠਜੋੜ ਸਰਕਾਰ ਸਮੇਂ ਡੇਰਾ ਮੁਖੀ ਨੂੰ ਸਮੇਂ ਸਮੇਂ 'ਤੇ ਸੁਰੱਖਿਆ ਦਿੱਤੀ ਗਈ। ਪੁਲੀਸ ਦੇ ਦੋ ਗੰਨਮੈਨ ਜਦੋਂ ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਵੀ ਸਿਰਸਾ ਵਿਖੇ ਘੁੰਮ ਰਹੇ ਸਨ ਤਾਂ ਉਨ੍ਹਾਂ ਨੂੰ ਸਿਰਸਾ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ। ਏਡੀਜੀਪੀ (ਸੁਰੱਖਿਆ) ਦੇ ਹੁਕਮਾਂ 'ਤੇ ਇਹ ਗੰਨਮੈਨ ਦਿੱਤੇ ਹੋਏ ਸਨ। ਹੁਣ ਸੁਰੱਖਿਆ ਵਿੰਗ ਨੂੰ ਚਿੰਤਾ ਹੋ ਗਈ ਹੈ ਕਿ ਕਿਤੇ ਹਾਈ ਕੋਰਟ ਇਸ ਮਾਮਲੇ ਦਾ ਨੋਟਿਸ ਨਾ ਲੈ ਲਵੇ। ਐਸ.ਐਸ.ਪੀ. ਬਠਿੰਡਾ ਨਵੀਨ ਸਿੰਗਲਾ ਦਾ ਕਹਿਣਾ ਹੈ ਕਿ ਏਡੀਜੀਪੀ ਸੁਰੱਖਿਆ ਦੇ ਹੁਕਮਾਂ 'ਤੇ ਇਕ ਗੰਨਮੈਨ ਰੋਹਿਤ ਕੁਮਾਰ ਡੇਰਾ ਮੁਖੀ ਨਾਲ ਸੀ, ਜੋ ਵਾਪਸ ਬੁਲਾਏ ਜਾਣ ਉਤੇ ਵੀ ਨਹੀਂ ਆਇਆ, ਉਸ ਨੂੰ ਮੁਅੱਤਲ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਗੰਨਮੈਨ ਨੂੰ ਅਸਾਲਟ ਤੇ ਪਿਸਟਲ ਜਾਰੀ ਕੀਤੇ ਹੋਏ ਸਨ। ਮਾਨਸਾ ਪੁਲੀਸ ਦੇ 3 ਗੰਨਮੈਨ ਡੇਰਾ ਮੁਖੀ ਨਾਲ ਤਾਇਨਾਤ ਸਨ, ਜਿਨ੍ਹਾਂ ਵਿੱਚ ਸੁਖਦਰਸ਼ਨ ਸਿੰਘ ਤੇ ਪਰਦਰਸ਼ਨ ਸਿੰਘ (ਸਕੇ ਭਰਾ) ਅਤੇ ਜੀਵਨ ਸਿੰਘ ਸ਼ਾਮਲ ਹਨ। ਐਸ.ਐਸ.ਪੀ. ਮਾਨਸਾ ਪਰਮਬੀਰ ਸਿੰਘ ਪਰਮਾਰ ਦਾ ਕਹਿਣਾ ਹੈ ਕਿ ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਤਿੰਨੇ ਗੰਨਮੈਨ ਵਾਪਸ ਬੁਲਾ ਲਏ ਸਨ। ਐਸ.ਪੀ (ਸਥਾਨਿਕ) ਮਾਨਸਾ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਪਰੋਂ ਸੁਰੱਖਿਆ ਵਿੰਗ ਦੇ ਹੁਕਮਾਂ 'ਤੇ ਹੀ ਹਰ ਗੰਨਮੈਨ ਨੂੰ 2-2 ਹਥਿਆਰ (ਕਾਰਬਾਈਨ ਤੇ ਪਿਸਟਲ) ਦਿੱਤੇ ਹੋਏ ਸਨ, ਜੋ ਹੁਣ ਜਮ੍ਹਾਂ ਕਰਾ ਲਏ ਗਏ ਹਨ। ਸੰਗਰੂਰ ਪੁਲੀਸ ਦਾ ਯਾਦਵਿੰਦਰ ਸਿੰਘ ਵੀ ਅਸਾਲਟ ਤੇ ਪਿਸਟਲ ਸਮੇਤ ਡੇਰਾ ਮੁਖੀ ਨਾਲ ਤਾਇਨਾਤ ਸੀ, ਜੋ 26 ਅਗਸਤ ਨੂੰ ਵਾਪਸ ਆ ਗਿਆ ਹੈ। ਪਟਿਆਲਾ ਪੁਲੀਸ ਦੇ 2 ਗੰਨਮੈਨ ਸਤਬੀਰ ਸਿੰਘ ਅਤੇ ਕਰਮਜੀਤ ਸਿੰਘ ਡੇਰਾ ਮੁਖੀ ਨਾਲ ਤਾਇਨਾਤ ਸੀ। ਇਨ੍ਹਾਂ ਦੋਵਾਂ ਗੰਨਮੈਨਾਂ ਨੂੰ ਚਾਰ ਹਥਿਆਰ ਜਾਰੀ ਕੀਤੇ ਹੋਏ ਸਨ। ਐਸ.ਪੀ (ਸਥਾਨਕ) ਅਮਰਜੀਤ ਸਿੰਘ ਘੁੰਮਣ ਨੇ ਦੱਸਿਆ ਕਿ ਗੰਨਮੈਨ ਕਰਮਜੀਤ ਸਿੰਘ ਵਾਪਸ ਆ ਗਿਆ ਹੈ ਜਦੋਂ ਕਿ ਸਤਬੀਰ ਸਿੰਘ 26 ਅਗਸਤ ਤੋਂ ਗੈਰਹਾਜ਼ਰ ਹੈ। ਸੂਤਰ ਦੱਸਦੇ ਹਨ ਕਿ ਇਨ੍ਹਾਂ ਤੋਂ ਬਿਨਾਂ 2 ਹੋਰ ਗੰਨਮੈਨਾਂ ਸਮੇਤ ਕੁਝ ਕਮਾਂਡੋਜ ਵੀ ਡੇਰਾ ਮੁਖੀ ਨਾਲ ਤਾਇਨਾਤ ਸਨ, ਜਿਨ੍ਹਾਂ ਦੀ ਸਰਕਾਰੀ ਤੌਰ ਉਤੇ ਪੁਸ਼ਟੀ ਨਹੀਂ ਹੋ ਸਕੀ ਹੈ।

# ਚਾਰ ਪ੍ਰੇਮੀ ਪਰਿਵਾਰਾਂ ਨੇ ਸਿੱਖ ਪੰਥ ਵਿੱਚ ਕੀਤੀ ਵਾਪਸੀ


ਡੇਰਾ ਹਮਾਇਤੀ ਪਿੰਡ ਕਿਆਮਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਆਪਣੀ ਭੁੱਲ ਦੀ ਖਿਮਾ ਯਾਚਨਾ ਕਰਦੇ ਹੋਏ।

**ਅਜਨਾਲਾ/ਬਿਊਰੋ ਨਿਊਜ਼ :** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡੇਰਾ ਮੁਖੀ ਨੂੰ ਹੋਈ 20 ਸਾਲਾਂ ਦੀ ਸਜ਼ਾ ਤੋਂ ਬਾਅਦ ਡੇਰਾ ਸ਼ਰਧਾਲੂਆਂ ਨੂੰ ਦੁਬਾਰਾ ਸਿੱਖ ਪੰਥ ਵਿੱਚ ਲਿਆਉਣ ਦੀਆਂ ਕੋਸ਼ਿਸ਼ਾਂ ਨੇ ਰੰਗ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਇਸ ਦੀ ਸ਼ੁਰੂਆਤ ਅਜਨਾਲਾ ਦੇ ਪਿੰਡ ਕਿਆਮਪੁਰ ਤੋਂ ਹੋਈ ਹੈ, ਜਿੱਥੋਂ ਦੇ ਕਰੀਬ ਚਾਰ ਪਰਿਵਾਰਾਂ ਦੇ 21 ਮੈਂਬਰਾਂ ਨੇ ਡੇਰਾ ਮੁਖੀ ਵੱਲੋਂ ਦਿੱਤੀ ਗਈ ਅਖੌਤੀ ਮਾਲਾ ਅਤੇ ਫੋਟੋਆਂ ਤਿਆਗ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਰਦਾਸ ਕਰਨ ਉਪਰੰਤ ਸਿੱਖ ਪੰਥ ਵਿੱਚ ਵਾਪਸੀ ਕੀਤੀ ਹੈ। ਇਨ੍ਹਾਂ ਨੂੰ ਸਿੱਖੀ ਪ੍ਰਚਾਰ ਸੇਵਾ ਸੁਸਾਇਟੀ ਦੇ ਆਗੂਆਂ ਵੱਲੋਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸ਼ਰਧਾਲੂਆਂ ਨੇ ਡੇਰਾ ਮੁਖੀ ਵੱਲੋਂ ਦਿੱਤੀ ਮਾਲਾ, ਫੋਟੋਆਂ ਅਤੇ ਹੋਰ ਸਾਮਾਨ ਡੂੰਘੇ ਟੋਏ ਵਿੱਚ ਸੁੱਟ ਕੇ ਅੱਗੋਂ ਕਿਸੇ ਵੀ ਡੇਰੇਦਾਰ ਦੇ ਹਮਾਇਤੀ ਨਾ ਬਣਨ ਦਾ ਪ੍ਰਣ ਲਿਆ। ਇੱਕ ਪਰਿਵਾਰ ਦੇ ਮੁਖੀ ਸਵਿੰਦਰ ਸਿੰਘ ਨੇ ਦੱਸਿਆ ਕਿ ਉਹ 15 ਸਾਲ ਪਹਿਲਾਂ ਡੇਰਾ ਮੁਖੀ ਦਾ ਸ਼ਰਧਾਲੂ ਬਣਿਆ ਸੀ ਅਤੇ ਉਸ ਵੱਲੋਂ ਬਣਾਈ ਗਈ ਸਪੈਸ਼ਲ ਗਰੀਨ ਟਾਸਕ ਫੋਰਸ ਦੀ ਹਫ਼ਤਾ ਟ੍ਰੇਨਿੰਗ ਕਰ ਕੇ ਉਸ ਦਾ ਮੈਂਬਰ ਬਣਿਆ ਸੀ। ਹੁਣ ਸੱਚ ਸਾਹਮਣੇ ਆਉਣ ਤੋਂ ਬਾਅਦ ਉਸ ਨੂੰ ਭੁੱਲ ਦਾ ਅਹਿਸਾਸ ਹੋਇਆ।

## *ਸ਼ਾਹ ਸਤਨਾਮ ਦੇ ਪੋਤਰੇ ਵਲੋਂ ਖੁਲਾਸਾ*-10 ਵਰ੍ਹਿਆਂ ਤੋਂ ਸਾਡਾ ਪਰਿਵਾਰ ਡੇਰੇ ਨਹੀਂ ਗਿਆ

**ਸਿਰਸਾ/ਬਿਊਰੋ ਨਿਊਜ਼ :** ਡੇਰਾ ਮੁਖੀ ਦੇ ਗੁਰੂ ਸ਼ਾਹ ਸਤਨਾਮ ਸਿੰਘ ਦਾ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਆ ਚੁੱਕਾ ਹੈ। 1990 ਵਿਚ ਸ਼ਾਹ ਸਤਨਾਮ ਸਿੰਘ ਦੇ ਦਿਹਾਂਤ ਪਿੱਛੋਂ ਗੁਰਮੀਤ ਰਾਮ ਰਹੀਮ ਨੂੰ ਡੇਰਾ ਮੁਖੀ ਬਣਾਇਆ ਗਿਆ ਸੀ। ਇਸ ਗੱਲ ਨੂੰ ਸ਼ਾਹ ਸਤਨਾਮ ਸਿੰਘ ਦੇ ਪਰਿਵਾਰ ਨੇ ਸਵੀਕਾਰ ਕਰ ਲਿਆ ਸੀ ਪਰ ਇਕ ਸਮਾਂ ਅਜਿਹਾ ਆਇਆ ਜਦ ਸ਼ਾਹ ਸਤਨਾਮ ਸਿੰਘ ਦਾ ਪਰਿਵਾਰ ਡੇਰਾ ਛੱਡ ਕੇ ਆਪਣੇ ਘਰ ਚਲਾ ਗਿਆ। ਸ਼ਾਹ ਸਤਨਾਮ ਸਿੰਘ ਦੇ ਜੱਦੀ ਪਿੰਡ ਜਲਾਲਆਣਾ ਵਿਖੇ ਉਨ੍ਹਾਂ ਦੇ ਪੋਤਰੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਖੇਤੀਬਾੜੀ ਦਾ ਕੰਮ ਕਰਦਾ ਹੈ ਤੇ ਸਾਨੂੰ ਕਿਸੇ ਪ੍ਰਕਾਰ ਦੀ ਕੋਈ ਲਾਲਸਾ ਨਹੀਂ। ਉਨ੍ਹਾਂ ਨੇ ਡੇਰੇ ਦੇ ਮੌਜੂਦਾ ਘਟਨਾਕ੍ਰਮ ਬਾਰੇ ਪੁੱਛਣ 'ਤੇ ਕਿਹਾ ਕਿ ਕੁਦਰਤ ਬੜੀ ਬਲਵਾਨ ਹੈ, ਉਸ ਨੇ ਆਪਣਾ ਅਸਰ ਦਿਖਾਉਣਾ ਹੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦਾ ਇਹ ਫ਼ੈਸਲਾ 15 ਸਾਲ ਕੇਸ ਨੂੰ ਰਿੜਕ ਕੇ ਹੋਇਆ ਹੈ। ਵਕੀਲਾਂ ਦੀਆਂ ਬਹਿਸਾਂ ਹੋਈਆਂ ਤੇ ਅਦਾਲਤ ਨੇ ਸਾਰੇ ਪੱਖਾਂ 'ਤੇ ਗ਼ੌਰ ਕੀਤੀ ਤਾਂ ਕਿਤੇ ਜਾ ਕੇ ਇਹ ਫ਼ੈਸਲਾ ਹੋ ਸਕਿਆ। ਉਨ੍ਹਾਂ ਦੱਸਿਆ ਕਿ ਸਾਡਾ ਪਰਿਵਾਰ 2007 ਤੋਂ ਡੇਰੇ ਨਹੀਂ ਗਿਆ ਤੇ ਹੁਣ ਅਸੀਂ ਆਪਣਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। ਇਸੇ ਦੌਰਾਨ ਸਥਾਨਕ ਹੁੱਡਾ ਕਾਲੋਨੀ ਵਿਚ ਰਹਿ ਰਹੇ ਸ਼ਾਹ ਸਤਨਾਮ ਸਿੰਘ ਦੇ ਦੋਹਤੇ ਲਾਭ ਸਿੰਘ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਮੌਜੂਦਾ ਸਥਿਤੀ ਬਾਰੇ ਕੁਝ ਵੀ ਕਹਿਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦਾ ਡੇਰੇ ਨਾਲ ਕੋਈ ਸਬੰਧ ਨਹੀਂ ਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਦੇ ਹਨ।



## ਡੇਰਾ ਮੁਖੀ ਨੂੰ ਸਜ਼ਾ ਹੋਣ ਮਗਰੋਂ ਸਾਬਕਾ ਜਥੇਦਾਰ ਨੰਦਗੜ੍ਹ ਨੇ ਲਿਆ ਸਿਰੋਪਾਓ

**ਤਲਵੰਡੀ ਸਾਬੋ/ਬਿਊਰੋ ਨਿਊਜ਼ :** ਮਈ 2007 ਵਿੱਚ ਡੇਰਾ ਮੁਖੀ ਵੱਲੋਂ ਡੇਰਾ ਸਲਾਬਤਪੁਰਾ ਵਿੱਚ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚ ਕੇ ਜਾਮ-ਏ-ਇੰਸਾ ਤਿਆਰ ਕਰਨ ਦੇ ਦੋਸ਼ਾਂ ਉਪਰੰਤ ਉਪਜੇ ਵਿਵਾਦ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਡੇਰਾ ਮੁਖੀ ਦੇ ਜੇਲ੍ਹ ਜਾਣ ਤੱਕ ਕਿਸੇ ਤੋਂ ਵੀ ਸਿਰੋਪਾ ਨਾ ਲੈਣ ਦਾ ਪ੍ਰਣ ਕੀਤਾ ਗਿਆ ਸੀ। ਹੁਣ ਡੇਰਾ ਮੁਖੀ ਦੇ ਜੇਲ੍ਹ ਜਾਣ ਤੋਂ ਬਾਅਦ ਉਨ੍ਹਾਂ ਤਖ਼ਤ ਦਮਦਮਾ ਸਾਹਿਬ ਤੋਂ ਸਿਰੋਪਾਓ ਲਿਆ।



ਤਖ਼ਤ ਦਮਦਮਾ ਸਾਹਿਬ ਵਿਖੇ ਜਥੇਦਾਰ ਨੰਦਗੜ੍ਹ ਨੂੰ ਸਿਰੋਪਾਓ ਦੀ ਬਖਸ਼ਿਸ਼ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿਰਦੇਸ਼ਾਂ 'ਤੇ ਮੁੱਖ ਕਾਰਜਕਾਰੀ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਕੀਤੀ। ਇਸ ਉਪਰੰਤ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਸਾਬਕਾ ਜਥੇਦਾਰ ਸ੍ਰੀ ਨੰਦਗੜ੍ਹ ਨੇ ਸੀਬੀਆਈ ਦੀ ਅਦਾਲਤ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਡੇਰਾ ਮੁਖੀ ਨੂੰ ਸਜ਼ਾ ਹੋਣ ਸਮੇਂ ਪੰਜਾਬ ਵਿੱਚ ਅਮਨ ਸ਼ਾਂਤੀ ਰੱਖਣ ਅਤੇ ਹਿੰਸਾ ਰੋਕਣ ਲਈ ਚੁੱਕੇ ਗਏ ਕਦਮਾਂ 'ਤੇ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ।

## ਡੇਰਾ ਨੂਰਮਹਿਲ ਦੇ ਪੈਰੋਕਾਰਾਂ ਤੇ ਸਤਿਕਾਰ ਕਮੇਟੀ ਵਿਚਾਲੇ ਝੜਪ, 2 ਦਰਜਨ ਜ਼ਖ਼ਮੀ

### *ਸਤਿਕਾਰ ਕਮੇਟੀ ਪ੍ਰਧਾਨ ਮੁੱਛਲ ਸਮੇਤ 2 ਦਰਜਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ*


ਗੱਡੀਆਂ ਦੀ ਭੰਨ-ਤੋੜ ਕਰਦੇ ਹੋਏ ਨੂਰਮਹਿਲ ਡੇਰੇ ਦੇ ਪੈਰੋਕਾਰ।

**ਘੁਮਾਣ/ਬਟਾਲਾ/ਬਿਊਰੋ ਨਿਊਜ਼ :**
ਡੇਰਾ ਨੂਰਮਹਿਲ ਦੇ ਪੈਰੋਕਾਰਾਂ ਅਤੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਕਾਰਕੁਨਾਂ ਦਰਮਿਆਨ ਕਸਬਾ ਘੁਮਾਣ ਵਿੱਚ ਹੋਈ ਝੜਪ ਦੇ ਮਾਮਲੇ ਵਿੱਚ ਘੁਮਾਣ ਪੁਲੀਸ ਨੇ ਸਤਿਕਾਰ ਕਮੇਟੀ ਦੇ ਮੁਖੀ ਭਾਈ ਬਲਬੀਰ ਸਿੰਘ ਮੁੱਛਲ ਸਮੇਤ ਦੋ ਦਰਜਨ ਤੋਂ ਵੱਧ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਨੂਰਮਹਿਲ ਡੇਰੇ ਦੇ ਪੈਰੋਕਾਰਾਂ ਨੇ ਦੋਸ਼ ਲਾਇਆ ਸੀ ਕਿ ਸਤਿਕਾਰ ਕਮੇਟੀ ਦੇ ਕਾਰਕੁਨਾਂ ਨੇ ਉਨ੍ਹਾਂ 'ਤੇ ਹਮਲਾ ਕੀਤਾ, ਜਦੋਂ ਕਿ ਸਤਿਕਾਰ ਕਮੇਟੀ ਨੇ ਨੂਰਮਹਿਲੀਆਂ 'ਤੇ ਉਲਟੇ ਦੋਸ਼ ਲਾਏ ਸਨ। ਦੱਸਿਆ ਜਾ ਰਿਹਾ ਹੈ ਕਿ ਇਸ ਝੜਪ ਵਿੱਚ ਦੋਵਾਂ ਧਿਰਾਂ ਦੇ ਦਰਜਨ ਭਰ ਤੋਂ ਵੱਧ ਵਿਅਕਤੀ ਜ਼ਖ਼ਮੀ ਹੋਏ ਹਨ। ਇਸ ਦੌਰਾਨ ਡੇਰਾ ਪੈਰੋਕਾਰਾਂ ਵੱਲੋਂ ਇਕ ਏਐਸਆਈ ਦੀ ਮੌਜੂਦਗੀ ਵਿੱਚ ਸਤਿਕਾਰ ਕਮੇਟੀ ਦੀ ਗੱਡੀ ਭੰਨਣ ਦੀ ਵੀਡੀਓ ਵੀ ਵਾਇਰਲ ਹੋਈ ਹੈ। ਇਸ ਦੇ ਬਾਵਜੂਦ ਅਜੇ ਡੇਰਾ ਪੈਰੋਕਾਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ।

ਘੁਮਾਣ ਪੁਲੀਸ ਨੇ ਸਤਿਕਾਰ ਕਮੇਟੀ ਦੇ ਮੁਖੀ ਭਾਈ ਬਲਬੀਰ ਸਿੰਘ ਮੁੱਛਲ ਵਾਸੀ ਪਿੰਡ ਮੁੱਛਲ (ਅੰਮ੍ਰਿਤਸਰ) ਸਤਨਾਮ ਸਿੰਘ ਪਿੰਡ ਸਮਸਾ (ਥਾਣਾ ਘੁਮਾਣ), ਗੁਰਨਾਮ ਸਿੰਘ ਬਟਾਲਾ, ਨਿਸ਼ਾਨ ਸਿੰਘ ਢਡਿਆਲਾ ਨੱਤ (ਥਾਣਾ ਰੰਗੜ ਨੰਗਲ), ਗੁਰਮੀਤ ਸਿੰਘ, ਸੁੱਖਾ ਸਿੰਘ, ਗੁਰਨਾਮ ਸਿੰਘ ਤੇ ਕਿਰਪਾਲ ਸਿੰਘ ਵਾਸੀ ਛਿੱਤ (ਅੰਮ੍ਰਿਤਸਰ) ਤੋਂ ਇਲਾਵਾ 20-22 ਹੋਰ ਕਮੇਟੀ ਕਾਰਕੁਨਾਂ ਖ਼ਿਲਾਫ਼ ਕੇਸ ਦਰਜ ਕਰ ਲਿਆ। ਸੂਤਰਾਂ ਅਨੁਸਾਰ ਇਹ ਝੜਪ ਥਾਣਾ ਘੁਮਾਣ ਦੇ ਬਿਲਕੁਲ ਨੇੜੇ ਹੋਈ। ਇਸ ਦੌਰਾਨ ਡੇਰਾ ਨੂਰਮਹਿਲ ਦੇ ਪੈਰੋਕਾਰਾਂ ਵੱਲੋਂ ਕਮੇਟੀ ਮੈਂਬਰਾਂ ਸਮੇਤ ਹੋਰਾਂ ਦੀਆਂ ਗੱਡੀਆਂ ਦੀ ਭੰਨ-ਤੋੜ ਕਰਨ ਦੀ ਵੀਡੀਓ ਵਾਇਰਲ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ ਵਿੱਚ ਸਤਿਕਾਰ ਕਮੇਟੀ ਦੇ 2-3 ਮੈਂਬਰ ਵੀ ਜ਼ਖ਼ਮੀ ਹੋਏ ਪਰ ਇਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ

ਬਾਕੀ ਸਫ਼ਾ 36 'ਤੇ

## ਭਾਰਤੀ ਬਾਸਕਟਬਾਲ ਖਿਡਾਰੀਆਂ ਲਈ ਅਮਰੀਕਾ ਵਰਗੀਆਂ ਸਹੂਲਤਾਂ ਮੁਹੱਈਆਂ ਕਰਾਈਆਂ ਜਾਣ: ਸਤਨਾਮ ਭਮਰਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਅਮਰੀਕਾ ਦੀ ਐਨਬੀਏ ਬਾਸਕਟਬਾਲ ਲੀਗ ਦੇ ਡਰਾਫਟ ਵਿੱਚ ਉਤਰਨ ਵਾਲੇ ਪਹਿਲੇ ਭਾਰਤੀ ਖਿਡਾਰੀ ਸਤਨਾਮ ਸਿੰਘ ਭਮਰਾ ਦਾ ਕਹਿਣਾ ਹੈ ਕਿ ਭਾਰਤ ਵਿੱਚ ਇਸ ਖੇਡ ਦਾ ਭਵਿੱਖ ਹੈ ਪਰ ਜਦੋਂ ਤੱਕ ਸਹੂਲਤਾਂ ਨਹੀਂ ਮਿਲਣਗੀਆਂ ਉਦੋਂ ਤੱਕ ਕੁਝ ਨਹੀਂ ਹੋ ਸਕੇਗਾ।



ਉਨ੍ਹਾਂ ਕਿਹਾ ਕਿ ਜੇਕਰ ਭਾਰਤ ਵਿੱਚ ਬਾਸਕਟਬਾਲ ਖੇਡ ਦੇ ਪੱਧਰ ਨੂੰ ਉਠਾਉਣਾ ਹੈ ਤਾਂ ਇੱਥੋਂ ਦੇ ਖਿਡਾਰੀਆਂ ਨੂੰ ਅਮਰੀਕਾ ਵਰਗੀਆਂ ਸਹੂਲਤਾਂ ਦੇਣੀਆਂ ਹੋਣਗੀਆਂ। ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਸਤਨਾਮ ਇਸ ਸਮੇਂ ਭਾਰਤ ਦੇ ਦੌਰੇ 'ਤੇ ਹਨ ਅਤੇ ਇਕ ਸਮਝੌਤੇ ਦੇ ਸਿਲਸਿਲੇ ਵਿੱਚ ਉਹ ਪਿਛਲੇ ਹਫ਼ਤੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਮੌਜੂਦ ਸਨ। ਉਨ੍ਹਾਂ ਦੇ ਨਾਲ ਪੰਜਾਬ ਦਾ ਪਹਿਲਵਾਨ ਅਤੇ ਆਈਐਫਬੀਬੀ ਦਾ ਕਾਰਡ ਰੱਖਣ ਵਾਲਾ ਭਾਰਤ ਦਾ ਪ੍ਰੋਫੈਸ਼ਨਲ ਬਾਡੀ ਬਿਲਡਰ ਵਰਿੰਦਰ ਸਿੰਘ ਘੁੰਮਣ ਵੀ ਹਾਜ਼ਰ ਸੀ। ਇਨ੍ਹਾਂ ਦੋਹਾਂ ਨੇ ਐਗਰਿਸ਼ ਬ੍ਰਦਰਜ਼ ਹੋਲਡਿੰਗਜ਼ ਨਾਲ ਸਮਝੌਤਾ ਕੀਤਾ ਹੈ ਜੋ ਭਾਰਤ ਵਿੱਚ ਇਨ੍ਹਾਂ ਰਾਹੀਂ ਬਾਡੀ ਬਿਲਡਿੰਗ ਦੇ ਪ੍ਰਚਾਰ ਦਾ ਕੰਮ ਕਰੇਗੀ। ਭਾਰਤ ਤੇ ਅਮਰੀਕਾ ਦੀ ਬਾਸਕਟਬਾਲ ਵਿਚਕਾਰ ਵੱਡਾ ਫ਼ਰਕ ਦੱਸਦਿਆਂ ਸਤਨਾਮ ਨੇ ਕਿਹਾ ਕਿ ਉਥੇ ਤੇ ਇੱਥੇ ਕਾਫੀ ਫ਼ਰਕ। ਅਮਰੀਕਾ ਵਿੱਚ ਬਾਸਕਟਬਾਲ ਖਿਡਾਰੀ ਨੂੰ ਪੂਰਾ ਸਨਮਾਨ ਤੇ ਸਹੂਲਤਾਂ ਮਿਲਦੀਆਂ ਹਨ ਜੋ ਭਾਰਤ ਵਿੱਚ ਨਹੀਂ ਹੈ। ਉਸ ਨੇ ਕਿਹਾ ਕਿ ਜੇਕਰ ਇਸ ਖੇਡ ਨੂੰ ਇੱਥੇ ਵੀ ਉੱਪਰ ਉਠਾਉਣਾ ਹੈ ਤਾਂ ਖਿਡਾਰੀਆਂ ਨੂੰ ਸਹੂਲਤਾਂ ਦੇਣੀਆਂ ਹੋਣਗੀਆਂ।

## ਕਰੇ ਕੋਈ, ਭੁਗਤੇ ਕੋਈ ਹੋਰ : 15 ਸਾਲ ਬਾਅਦ ਇਨਸਾਫ਼

### ਡੋਪਿੰਗ ਕੀਤੀ ਬੰਗਾਲ ਦੇ ਸਤੀਸ਼ ਨੇ, ਸਜ਼ਾ ਮਿਲੀ ਪੰਜਾਬ ਦੇ ਸਤੀਸ਼ ਨੂੰ



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਡੋਪਿੰਗ ਦੇ ਸ਼ੱਕ ਵਿਚ 2002 ਵਿਚ 14ਵੀਂਆਂ ਏਸ਼ੀਅਨ ਖੇਡਾਂ ਵਿਚ ਹਿੱਸਾ ਲੈਣ ਤੋਂ ਰੋਕ ਦਿੱਤੇ ਗਏ ਪੰਜਾਬ ਦੇ ਪਹਿਲਵਾਨ ਸਤੀਸ਼ ਕੁਮਾਰ ਨੂੰ 15 ਸਾਲ ਬਾਅਦ ਆਖ਼ਰ ਇਨਸਾਫ਼ ਮਿਲ ਗਿਆ ਹੈ। ਦਿੱਲੀ ਦੀ ਇਕ ਅਦਾਲਤ ਨੇ ਭਾਰਤੀ ਕੁਸ਼ਤੀ ਮਹਾਂਸੰਘ ਨੂੰ ਆਦੇਸ਼ ਦਿੱਤੇ ਹਨ ਕਿ ਉਹ ਸਤੀਸ਼ ਨੂੰ 25 ਲੱਖ ਰੁਪਏ ਦਾ ਮੁਆਵਜ਼ਾ ਦੇਵੇ।
ਦੱਖਣੀ ਕੋਰੀਆ ਵਿੱਚ ਸੰਨ 2002 ਵਿੱਚ ਕਰਵਾਈਆਂ ਗਈਆਂ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਣ ਤੋਂ ਗ਼ਲਤ ਢੰਗ ਨਾਲ ਰੋਕੇ ਜਾਣ ਸਬੰਧੀ ਦਿੱਲੀ ਹਾਈ ਕੋਰਟ ਨੇ ਪਹਿਲਵਾਨ ਸਤੀਸ਼ ਕੁਮਾਰ ਨੂੰ 25 ਲੱਖ ਰੁਪਏ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਹਨ। ਉਸ ਨੂੰ ਇਸ 'ਭੁਲੇਖੇ' ਤਹਿਤ ਰੋਕ ਦਿੱਤਾ ਗਿਆ ਸੀ ਕਿ ਉਸ ਨੇ ਖੇਡਣ ਦੀ ਸਮਰੱਥਾ ਵਧਾਉਣ ਲਈ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਕੀਤੀ। ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊਐਫਆਈ) ਨੂੰ ਮੁਆਵਜ਼ੇ ਸਬੰਧੀ ਨਿਰਦੇਸ਼ ਦਿੰਦਿਆਂ ਅਦਾਲਤ ਨੇ ਕਿਹਾ ਕਿ ਕਦੇ ਖੇਡਾਂ ਨਾਲ ਸਬੰਧਤ ਨਾ ਰਹੇ ਫੈਡਰੇਸ਼ਨਾਂ ਦੇ ਮੁਖੀਆਂ ਵੱਲੋਂ ਜਿਸ ਕਿਸਮ ਦਾ ਸਲੂਕ ਖਿਡਾਰੀਆਂ ਨਾਲ ਕੀਤਾ ਜਾਂਦਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਕੌਮਾਂਤਰੀ ਪੱਧਰ 'ਤੇ ਤਗਮਿਆਂ ਲਈ ਭਾਰਤ ਹਾਲੇ ਤੱਕ ਸੰਘਰਸ਼ ਕਿਉਂ ਕਰ ਰਿਹਾ ਹੈ। ਅਦਾਲਤ ਨੇ ਡਬਲਿਊਐਫਆਈ ਦੇ ਅਧਿਕਾਰੀਆਂ ਖ਼ਿਲਾਫ਼ ਜਾਂਚ ਕਰਨ ਲਈ ਵੀ ਕਿਹਾ ਹੈ। ਪੰਜਾਬ ਦੇ ਰਹਿਣ ਵਾਲੇ ਸਤੀਸ਼ ਕੁਮਾਰ ਦੀ ਚੋਣ ਦੱਖਣੀ ਕੋਰੀਆ ਵਿੱਚ ਕਰਵਾਈਆਂ ਗਈਆਂ 14ਵੀਂਆਂ ਏਸ਼ਿਆਈ ਖੇਡਾਂ ਲਈ ਹੋਈ ਸੀ ਪਰ ਉਸ ਨੂੰ ਜਹਾਜ਼ ਚੜ੍ਹਨ ਤੋਂ ਇਸ ਲਈ ਰੋਕ ਦਿੱਤਾ ਗਿਆ ਸੀ ਕਿਉਂਕਿ ਸਤੀਸ਼ ਕੁਮਾਰ ਨਾਂ ਦੇ ਪਹਿਲਵਾਨ 'ਤੇ ਡੋਪਿੰਗ ਕਾਰਨ ਦੋ ਸਾਲ ਦੀ ਰੋਕ ਲੱਗੀ ਹੋਈ ਸੀ ਜਦਕਿ ਡੋਪਿੰਗ ਵਾਲਾ ਸਤੀਸ਼ ਕੁਮਾਰ ਪੱਛਮੀਂ ਬੰਗਾਲ ਦਾ ਰਹਿਣ ਵਾਲਾ ਸੀ।

## ਸੀਨੀਅਰ ਸਿਟੀਜਨਾਂ ਨੇ ਸਾਇੰਸ ਸੈਂਟਰ ਦੇ ਦਰਸ਼ਨ ਕੀਤੇ

**ਲਾਸ ਏਂਜਲਸ/ਬਿਊਰੋ ਨਿਊਜ਼ :**
ਬਜ਼ੁਰਗ ਮੈਬਰਾਂ ਨੇ ਲਾਸ ਏਂਜਲਸ ਸਥਿਤ ਸਾਇੰਸ ਸੈਂਟਰ ਦੇ ਦਰਸ਼ਨ ਕੀਤੇ। ਉਨ੍ਹਾਂ 45 ਮਿੰਟ ਦੀ ਫ਼ਿਲਮ ਵੀ ਦੇਖੀ ਜਿਸ ਦਾ ਟਾਇਟਲ ਸੀ "ਸਾਡੀ ਸੋਹਣੀ ਧਰਤੀ"। ਇਹ ਫ਼ਿਲਮ ਪੁਲਾੜ ਦੀ ਯਾਤਰਾ ਬਾਰੇ ਸੀ। ਡਾਕਟਰ ਜਗਜੀਤ ਸਿੰਘ ਨੇ ਫ਼ਿਲਮ ਦੇ ਵਿਸ਼ੇ ਬਾਰੇ ਨਾਲੋ-ਨਾਲ ਜਾਣਕਾਰੀ ਦਿੱਤੀ। ਫ਼ਿਲਮ ਦੀ ਸਮਾਪਤੀ ਤੋਂ ਬਾਅਦ ਸਾਰੇ ਬਜ਼ੁਰਗਾਂ ਨੇ ਖਾਣਾ ਖਾਧਾ। ਮਨਜੀਤ ਸਿੰਘ ਪੰਧੇਰ ਨੇ ਸੈਂਡਵਿਚ ਦੀ ਸੇਵਾ ਕੀਤੀ ਅਤੇ ਸਾਇੰਸ ਸੈਂਟਰ ਦੇ ਸਟਾਫ਼ ਨੂੰ ਵੀ ਲੰਗਰ ਛਕਾਇਆ। ਉਨ੍ਹਾਂ ਲੰਗਰ ਦੀ ਮਹੱਤਤਾ ਅਤੇ ਸਿਖੀ ਬਾਰੇ ਵੀ ਚਾਨਣਾ ਪਾਇਆ। ਇਸ ਪ੍ਰੋਗਰਾਮ ਦੀ ਅਗਵਾਈ ਸ.



ਗੁਰਚਰਨ ਸਿੰਘ ਬੈਂਸ ਨੇ ਕੀਤੀ। ਜ਼ਿਕਰਯੋਗ ਹੈ ਕਿ ਲੈਂਕਰਸ਼ਿਮ ਗੁਰਦੁਆਰਾ ਸਾਹਿਬ ਵਿਖੇ ਹਰ ਮੰਗਲਵਾਰ ਸੀਨੀਅਰ ਸਿਟੀਜਨ ਇਕੱਤਰ ਹੁੰਦੇ ਹਨ। ਇਸ ਵਿਚ ਭਾਰਤ ਅਤੇ ਅਮਰੀਕਾ ਵਿਚਲੀਆਂ ਸਮਸਿਆਵਾਂ 'ਤੇ ਵਿਚਾਰ ਵਟਾਂਦਰਾ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਉਪਰੰਤ ਚਾਹ ਅਤੇ ਪਕੌੜਿਆਂ ਦੀ ਸੇਵਾ ਹੁੰਦੀ ਹੈ।

## 13ਵੇਂ ਵਿਸ਼ਵ ਕਬੱਡੀ ਕੱਪ 'ਚ ਸੁਰੱਖਿਆ ਦੇ ਹੋਣਗੇ ਸਖਤ ਪ੍ਰਬੰਧ : ਗਾਖਲ

### ਪੁਲਿਸ ਵਲੋਂ ਹੋ ਸਕਦੀ ਹੈ ਗੱਡੀਆਂ ਦੀ ਜਾਂਚ : ਮੱਖਣ ਸਿੰਘ ਬੈਂਸ

**ਫਰੀਮੌਂਟ/ਬਿਓਰੋ ਨਿਊਜ਼,** ਯੁਨਾਈਟਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਣ ਵਾਲੇ 13ਵੇਂ ਵਿਸ਼ਵ ਕਬੱਡੀ ਕੱਪ ਪ੍ਰਤੀ ਦਰਸ਼ਕਾਂ ਅਤੇ ਸਹਿਯੋਗੀਆਂ ਵਲੋਂ ਦਿਖਾਏ ਜਾ ਰਹੇ ਉਤਸ਼ਾਹ ਲਈ ਸਮੁੱਚਾ ਕਲੱਬ ਬੇਹੱਦ ਰਿਣੀ ਹੈ ਤੇ ਆਸ ਲਗਾਈ ਜਾ ਰਹੀ ਹੈ ਕਿ ਇਸ ਵਰ੍ਹੇ ਹੋਣ ਵਾਲੇ ਕਬੱਡੀ ਕੱਪ ਵਿਚ ਦਰਸ਼ਕਾਂ ਦੀ ਵੱਡੀ ਗਿਣਤੀ ਪਿਛਲੇ ਸਾਰੇ ਰਿਕਾਰਡ ਮਾਤ ਪਾ ਦੇਵੇਗੀ। ਇਹ ਵੱਕਾਰੀ ਕਬੱਡੀ ਮੁਕਾਬਲਾ 17 ਸਤੰਬਰ ਐਤਵਾਰ ਨੂੰ 1800 ਐੱਚ ਸਟਰੀਟ ਲੋਗਨ ਹਾਈ ਸਕੂਲ ਵਿਖੇ ਕਰਵਾਇਆ ਜਾ ਰਿਹਾ ਹੈ। ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦੀ ਵੱਡੇ ਇਕੱਠਾਂ ਵਿਚ ਦਿਖਾਈ ਜਾਂਦੀ ਗੰਭੀਰਤਾ ਦੀ ਵੇਖਦਿਆਂ ਪੁਲਿਸ ਵਲੋਂ ਆਉਣ ਵਾਲੀਆਂ ਗੱਡੀਆਂ ਦੀ ਸੁਰੱਖਿਆ ਪੱਖੋਂ ਜਾਂਚ ਕੀਤੀ ਜਾ ਸਕਦੀ ਹੈ ਤੇ ਕੋਈ ਕਬੱਡੀ ਪ੍ਰੇਮੀ ਆਪਣੇ ਨਾਲ ਮਾਰੂ ਹਥਿਆਰ ਨਾ ਲੈ ਕੇ ਆਵੇ। ਅਜਿਹੀ ਹੋਣ ਵਾਲੀ ਕਿਸੇ ਵੀ ਪ੍ਰੇਸ਼ਾਨੀ ਲਈ ਕਲੱਬ ਜ਼ੁੰਮੇਵਾਰ ਨਹੀਂ ਹੋਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬੀਆਂ ਵਲੋਂ ਪਹਿਲਾਂ ਵਾਂਗ ਇਸ ਮਾਮਲੇ ਵਿਚ ਵੀ ਪੂਰਨ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੁਨੀਆਂ ਭਰ 'ਚੋਂ ਪਹੁੰਚਣ ਵਾਲੇ ਨਾਮੀ ਅਤੇ ਧੜੱਲੇਦਾਰ ਕਬੱਡੀ ਖਿਡਾਰੀਆਂ ਦੀ ਆਮਦ ਤਾਂ ਇਸ ਕਬੱਡੀ ਕੱਪ ਨੂੰ ਚਾਰ ਚੰਨ ਲਾਵੇਗੀ ਹੀ ਸਗੋਂ ਕਲੱਬ ਵਲੋਂ ਸਿਰਜੇ ਜਾ ਰਹੇ ਨਵੇਂ ਇਤਿਹਾਸ ਅੰਡਰ-25 ਤਹਿਤ 25 ਸਾਲ ਤੋਂ ਘੱਟ ਖਿਡਾਰੀਆਂ ਨੂੰ ਖੇਡਣ ਦਾ ਮੌਕਾ ਦੇਣ ਦੀ ਨਵੀਂ ਪਿਰਤ ਵੀ ਪਾਈ ਜਾ ਰਹੀ ਹੈ। ਇਸ ਵਿਚ ਪੰਜ ਕਲੱਬਾਂ ਚੜ੍ਹਦੀ ਕਲਾ ਸਪੋਰਟਸ ਕਲੱਬ ਯੂਬਾਸਿਟੀ, ਸੈਕਰਾਮੈਂਟੋ ਸਪੋਰਟਸ ਕਲੱਬ, ਫਤਿਹ ਸਪੋਰਟਸ ਕਲੱਬ ਟਰਲਕ, ਸੈਨਹੋਜ਼ੇ ਗੁਰਦੁਆਰਾ ਸਪੋਰਟਸ ਕਲੱਬ ਅਤੇ ਦਸ਼ਮੇਸ਼ ਸਪੋਰਟਸ ਕਲੱਬ ਟਰੇਸੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।



ਪਹਿਲੀ ਵਾਰ ਹੈ ਕਿਸੇ ਵੱਡੇ ਕਬੱਡੀ ਕੱਪ ਵਿਚ ਇਕ ਤੋਂ ਵਧੇਰੇ ਕਬੱਡੀ ਕੁਮੈਂਟੇਟਰ ਲਗਾਤਾਰ ਆਪਣੀ ਲੱਛੇਦਾਰ ਤੇ ਸ਼ਾਇਰਾਨਾ ਕੁਮੈਂਟਰੀ ਨਾਲ ਕਬੱਡੀ ਮੈਚਾਂ ਨੂੰ ਰੋਚਕ ਬਣਾਈ ਰੱਖਣਗੇ। ਇੱਥੇ ਰਾਜਾ ਸਵੀਟਸ ਵਿਖੇ ਸਕਿਊਰਿਟੀ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਬਲਵੀਰ ਸਿੰਘ ਭਾਟੀਆ, ਜੁਗਰਾਜ ਸਿੰਘ ਸਹੋਤਾ, ਐੱਸ ਅਸ਼ੋਕ ਭੌਰਾ ਅਤੇ ਨਰਿੰਦਰ ਸਿੰਘ ਸਹੋਤਾ ਨੇ ਭਾਗ ਲਿਆ ਜਿਸ 'ਚ ਅਮੋਲਕ ਸਿੰਘ ਗਾਖਲ ਨੇ ਕਬੱਡੀ ਕੱਪ ਦੇ ਸਾਰੇ ਪਹਿਲੂਆਂ ਨੂੰ ਗੰਭੀਰਤਾ ਨਾਲ ਵਿਚਾਰਿਆ ਤੇ ਸਾਂਝਾ ਕੀਤਾ।
ਲੰਗਰ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸੈਨਹੋਜ਼ੇ, ਗੁਰਦੁਆਰਾ ਸਾਹਿਬ ਸਟਾਕਟਨ ਅਤੇ ਰਾਜਾ ਸਵੀਟਸ ਵਲੋਂ ਸਾਂਝੇ ਰੂਪ ਵਿਚ ਕੀਤਾ ਜਾਵੇਗਾ।

## ਸੁਖਵੰਤ ਸੁੱਖੀ ਵੱਲੋਂ ਗਾਇਆ ਤੇ ਮੱਖਣ ਲੁਹਾਰ ਦਾ ਲਿਖਿਆ ਗੀਤ 'ਖ਼ੁਸ਼ੀ' ਰਿਲੀਜ਼

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਪੰਜਾਬੀ ਸੰਗੀਤ ਦੇ ਖੇਤਰ ਵਿੱਚ ਸਰਗਰਮ ਕੰਪਨੀ ਐਮਟਰੈਕ ਨੇ ਹੁਣੇ ਜਿਹੇ ਪ੍ਰਸਿੱਧ ਪੰਜਾਬੀ ਗਾਇਕਾ ਸੁਖਵੰਤ ਸੁੱਖੀ ਦਾ ਗਾਇਆ ਸੋਲੋ ਗੀਤ 'ਖ਼ੁਸ਼ੀ' ਪੇਸ਼ ਕੀਤਾ ਹੈ। ਉੱਘੇ ਗੀਤਕਾਰ ਮੱਖਣ ਲੁਹਾਰ ਦਾ ਲਿਖਿਆ ਤੇ ਉੱਘੀ ਗਾਇਕਾ ਬੀਬਾ ਸੁਖਵੰਤ ਸੁੱਖੀ ਦਾ ਗਾਇਆ ਇਹ ਗੀਤ ਪੰਜਾਬੀ ਸੱਭਿਆਚਾਰ ਦੀ ਬਹੁਤ ਹੀ ਖ਼ੂਬਸੂਰਤ ਤਸਵੀਰ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸੰਗੀਤ ਦੇ ਖੇਤਰ ਵਿੱਚ ਭਰਪੂਰ ਯੋਗਦਾਨ ਪਾਉਂਦੀ ਆ ਰਹੀ ਬੀਬਾ ਸੁਖਵੰਤ ਸੁੱਖੀ ਪੰਜਾਬ ਦੀ ਉਹ ਗਾਇਕਾ ਹੈ ਜਿਸ ਨੇ ਤਵਿਆਂ ਦੇ ਯੁੱਗ ਤੋਂ ਲੈ ਕੇ ਪੰਜਾਬ ਦੇ ਸਿਰਮੌਰ ਗਾਇਕ ਕਰਤਾਰ ਰਮਲਾ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਤੇ ਹੋਰ ਕਈ ਗਾਇਕਾਂ ਨਾਲ ਗੀਤ ਗਾਏ ਹਨ। ਸੁੱਖੀ ਨੇ ਹੁਣ ਤੱਕ ਕਈ ਸੁਪਰ ਡੁਪਰ ਹਿੱਟ ਗੀਤਾਂ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕੀਤੀ ਹੈ। ਐਮਟਰੈਕ ਨੇ ਥੋੜ੍ਹੇ ਜਿਹੇ ਅਰਸੇ ਵਿੱਚ ਹੀ ਬਹੁਤ ਵਧੀਆ ਕੰਮ ਕੀਤਾ ਹੈ। ਕੰਪਨੀ ਦੇ ਕਰਤਾ ਧਰਤਾ ਵਜੋਂ ਪਰਪੱਕ ਪੰਜਾਬੀ ਗੀਤਕਾਰ ਮੱਖਣ ਲੁਹਾਰ ਦਾ ਨਾਮ ਜੁੜਿਆ ਹੋਣ ਕਰਕੇ ਇਸ ਕੰਪਨੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਹ ਕੰਪਨੀ ਉੱਚ ਪਾਏ ਦਾ ਸੰਗੀਤ ਹੀ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਮੁਹੱਈਆ ਕਰਵਾਏਗੀ। ਇਹ ਗੀਤ ਯੂ ਟਿਊਬ ਤੇ ਜਾ ਕੇ Mtrack ਚੈਨਲ ਉੱਤੇ ਸੁਣਿਆ ਜਾ ਸਕਦਾ ਹੈ।



## ਕੈਪਟਨ ਸਰਕਾਰ ਝੂਠੇ ਕੇਸਾਂ 'ਚ ਜਲਾਵਤਨੀ ਕੱਟ ਰਹੇ ਸਿੱਖਾਂ ਦੀ ਸਾਰ ਲੈਣ ਦੀ ਮੰਗ

**ਲੰਡਨ/ਬਿਊਰੋ ਨਿਊਜ਼:** ਪੰਜਾਬ ਦੇ ਸੰਕਟ ਭਰੇ ਦੌਰ ਦੌਰਾਨ ਝੂਠੇ ਕੇਸਾਂ 'ਚ ਫਸਾਏ ਕਈ ਸਿੱਖ ਅੱਜ ਜਲਾਵਤਨੀ ਕੱਟ ਰਹੇ ਹਨ, ਜਿਸ ਬਾਰੇ ਕਦੇ ਵੀ ਕਿਸੇ ਸਰਕਾਰ ਨੇ ਸਾਰ ਨਹੀਂ ਲਈ, ਕੈਪਟਨ ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਸਿੱਖਾਂ ਦੀ ਵੀ ਸਾਰ ਲਈ ਜਾਵੇ। ਇਹ ਵਿਚਾਰ ਪੰਜਾਬੀ ਭਾਸ਼ਾ ਚੇਤਨਾ ਬੋਰਡ ਯੂ. ਕੇ. ਦੇ ਨਿਰਦੇਸ਼ਕ ਹਰਮੀਤ ਸਿੰਘ ਭੱਕਨਾ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਉਹ ਵੀ ਅਜਿਹੇ ਹੀ ਮਾਮਲਿਆਂ ਦਾ ਸ਼ਿਕਾਰ ਹਨ, ਜਿਸ ਸਬੰਧੀ ਉਹ ਭਾਰਤ ਸਰਕਾਰ, ਪੰਜਾਬ ਸਰਕਾਰ, ਪੁਲਿਸ ਵਿਭਾਗ ਅਤੇ ਭਾਰਤੀ ਹਾਈ ਕਮਿਸ਼ਨ ਨੂੰ ਕਈ ਵਾਰ ਚਿੱਠੀਆਂ ਲਿੱਖ ਚੁਕਾ ਹੈ ਅਤੇ ਕਦੇ ਵੀ ਉਸ ਨੂੰ ਚਿੱਠੀ ਦਾ ਜਵਾਬ ਨਹੀਂ ਮਿਲਿਆ। ਭੱਕਨਾ ਨੇ ਕਿਹਾ ਕਿ ਉਹ ਪੰਜਾਬ 'ਚ ਝੁੱਲੀ ਕਾਲੀ ਹਨੇਰੀ ਦਾ ਹੋਰਨਾਂ ਨੌਜਵਾਨਾਂ ਵਾਂਗ ਸ਼ਿਕਾਰ ਹੋਇਆ ਅਤੇ ਬੀਤੇ ਲੰਮੇਂ ਸਮੇਂ ਤੋਂ ਜਲਾਵਤਨੀ ਕੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਯੂ. ਕੇ. ਫੇਰੀ ਮੌਕੇ ਅਜਿਹੇ ਸਿੱਖਾਂ ਦੇ ਮਾਮਲਿਆਂ ਬਾਰੇ ਜ਼ਰੂਰ ਵਿਚਾਰ ਕਰਨ, ਨਹੀਂ ਤਾਂ ਅਸੀਂ ਸਮਝਾਂਗੇ ਕਿ ਉਹ ਵੀ ਅਕਾਲੀਆਂ ਵਾਂਗ ਹੀ ਜੇਲ੍ਹਾਂ 'ਚ ਬੰਦ ਸਿੱਖਾਂ ਅਤੇ ਜਲਾਵਤਨੀ ਕੱਟ ਰਹੇ ਸਿੱਖਾਂ ਨਾਲ ਲਾਰਿਆਂ ਵਾਲਾ ਵਿਵਹਾਰ ਕਰ ਰਹੇ ਹਨ।

## ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਯੂਬਾ ਸਿਟੀ ਦੀ ਮੀਟਿੰਗ ਵਿੱਚ ਜਥੇਬੰਦਕ ਤੇ ਸਾਹਿਤਕ ਮਸਲਿਆਂ ਬਾਰੇ ਵਿਚਾਰਾਂ

**ਸੈਕਰਾਮੈਂਟੋ/ਬਿਊਰੋ ਨਿਊਜ਼:**
ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਯੂਬਾ ਸਿਟੀ ਕੈਲੀਫੋਰਨੀਆ ਦੀ ਬੀਤੇ ਦਿਨੀਂ ਹੋਈ ਮੀਟਿੰਗ ਵਿਚ ਸਾਹਿਤਕ ਦੌਰ ਦਾ ਆਗਾਜ਼ ਕਰਨ ਤੋਂ ਪਹਿਲਾਂ ਸਭਾ ਦੀ ਕਾਰਜ ਕਾਰਨੀ ਦੇ ਕੁਝ ਨੁਕਤੇ ਵੀ ਚਰਚਾ ਦਾ ਵਿਸ਼ਾ ਰਹੇ। 27 ਅਗਸਤ ਐਤਵਾਰ ਨੂੰ 5640 ਆਰਗਨ ਬੁਲੇਵਾਰਡ ਤੇ ਮਾਊਂਟੇਨ ਮਾਈਕ ਪੀਜ਼ਾ ਵਿਖੇ ਕੀਤੀ ਗਈ ਇਸ ਇਕੱਤਰਤਾ ਵਿੱਚ ਨਵੇਂ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਨੇ ਸਭਾ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਜਿਸ ਅਨੁਸਾਰ ਗੋਗੀ ਸੰਧੂ ਬਤੌਰ ਜਨਰਲ ਸਕੱਤਰ ਜ਼ਿੰਮੇਵਾਰੀ ਨਿਭਾਉਣਗੇ। ਇਸਤੋਂ ਇਲਾਵਾ ਹਰਭਜਨ ਸਿੰਘ ਢੇਰੀ ਨੂੰ ਉਪ ਪ੍ਰਧਾਨ, ਪ੍ਰਮਿੰਦਰ ਸਿੰਘ ਰਾਏ ਨੂੰ ਔਰਗੇਨਾਈਜ਼ਰ ਅਤੇ



ਮਨਜੀਤ ਕੌਰ ਸੇਖੋਂ ਨੂੰ ਖਜ਼ਾਨਚੀ ਦੀ ਜ਼ੁੰਮੇਵਾਰੀ ਸੌਂਪੀਂ ਗਈ ਹੈ। ਇਹ ਫੈਸਲਾ ਵੀ ਕੀਤਾ ਗਿਆ ਕਿ ਸਾਹਿਤਕ ਸਕੱਤਰ ਤੇ ਮਾਨਯੋਗ ਡਾਇਰੈਕਟਰਜ਼ ਦੇ ਨਾਵਾਂ ਦਾ ਐਲਾਨ ਨਿੱਕਟ ਭਵਿੱਖ ਵਿਚ ਕੀਤਾ ਜਾਵੇਗਾ। ਇਹ ਫੈਸਲਾ ਵੀ ਕੀਤਾ ਗਿਆ ਕਿ ਦੂਜੀਆਂ ਸਾਹਿਤ ਸਭਾਵਾਂ ਨੂੰ ਬਿਨਾ ਕਿਸੇ ਰੰਜਿਸ਼ ਦੇ ਆਪਣੇ ਮੁੱਖ ਸਾਹਿਤਕ ਪ੍ਰੋਗਰਾਮਾਂ ਤੇ ਸੈਮੀਨਾਰਾਂ ਵਿਚ ਸਾਹਿਤ ਤੇ ਬੋਲੀ ਦੇ ਝੰਡੇ ਹੇਠ ਬੁਲਾਵਾ ਦੇ ਕੇ ਨਿਵਾਜਿਆ ਜਾਏਗਾ। ਪਹਿਲੇ ਪ੍ਰਧਾਨ ਦਿੱਲ ਨਿੱਝਰ ਨੇ ਬੀਤੇ ਵਰ੍ਹੇ ਦੀ ਲੇਖਾ ਜੋਖਾ ਪੁਸਤਕ ਮੌਜੂਦਾ ਪ੍ਰਧਾਨ ਨੂੰ ਸੌਂਪਣ ਦਾ ਵਾਅਦਾ ਦਿੱਤਾ, ਤਾਂ ਜੋ ਸਭਾ ਦਾ ਇਤਿਹਾਸ ਸਾਂਭਿਆ ਜਾ ਸਕੇ। ਇਸ ਹਫ਼ਤੇ ਦੌਰਾਨ ਬੈਂਕ ਦਾ ਅਕਾਊਂਟ ਵੀ ਤਬਦੀਲ ਕਰ ਲਿਆ ਜਾਵੇਗਾ।
ਇਸ ਮਹੀਨਾਵਾਰ ਇਕੱਤਰਤਾ ਵਿਚ ਸਮਰੱਥ ਸ਼ਾਇਰਾ ਬੀਬੀ ਸੁਰਜੀਤ ਕੌਰ, ਕੇਹਰ ਸਿੰਘ ਅਤੇ ਗੁਰਿੰਦਰ ਸੁਰਾਪੁਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਜਿਨ੍ਹਾਂ ਦੀ ਬਦੌਲਤ ਸਭਾ ਦੀ ਸਾਹਿਤਕ ਮੀਰੀ ਤੇ ਅਮੀਰੀ ਮਹਿਸੂਸ ਕੀਤੀ ਗਈ। ਪ੍ਰਧਾਨ ਸ਼ੀਮਾਰ ਨੇ ਦੇਸ਼ ਦੇ ਦਰਦ ਭਿੱਜੀ ਭਾਵ ਪੂਰਤ ਕਵਿਤਾ ਸੁਣਾ ਕੇ ਸਾਹਿਤਕ ਮਾਹੌਲ ਦਾ ਆਗਾਜ਼ ਕੀਤਾ।
ਕਵੀ ਦਰਬਾਰ ਵਿਚ ਰਮੇਸ਼ ਬੰਗੜ, ਅਜਮੇਰ ਗੋਗੀ, ਅਜੈਬ ਸਿੰਘ ਚੀਮਾ, ਗੁਰਿੰਦਰ ਸੁਰਾਪੁਰੀ, ਜਸਵੰਤ ਜੱਸੀ ਸ਼ੀਮਾਰ, ਗੁਰਪਾਲ ਸਿੰਘ ਖੈਹਰਾ, ਹਰਬੰਸ ਸਿੰਘ ਜਗਿਆਸੂ, ਪਰਮਿੰਦਰ ਸਿੰਘ ਰਾਏ, ਕਮਲ ਬੰਗਾ, ਹਰਭਜਨ ਸਿੰਘ ਢੇਰੀ, ਦਿਲ ਨਿੱਝਰ, ਤਤਿੰਦਰ ਕੌਰ, ਕੇਹਰ ਸਿੰਘ, ਬੀਬੀ ਸੁਰਜੀਤ ਕੌਰ, ਮਨਜੀਤ ਕੌਰ ਸੇਖੋਂ, ਰਾਜਕੁਮਾਰ ਤੇ ਬਿਲਾਲ ਸਿੰਘ ਨੇ ਭਾਗ ਲਿਆ। ਗੋਗੀ ਸੰਧੂ ਨੇ ਕਾਵਿਕ ਅੰਦਾਜ਼ ਵਿਚ ਸਟੇਜ ਦਾ ਸੰਚਾਲਨ ਕੀਤਾ ਤੇ ਮਾਹੌਲ ਨੂੰ ਸਰਗਰਮ ਰੱਖਿਆ। ਪੁਰਾਣੇ ਮੈਂਬਰਾਂ ਤੋਂ ਇਲਾਵਾ ਗੁਰਪਾਲ ਖੈਹਰਾ ਤੇ ਬੱਚੀ ਇਸ਼ਾਨਾ ਸੁਰਾਪੁਰੀ ਦੀ ਸ਼ਮੂਲੀਅਤ ਨੇ ਪੁਰਾਣੀ ਤੇ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕੀਤੀ। ਡਾ. ਸੁਰਜੀਤ ਸਿੰਘ ਪਾਤਰ ਦੇ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਬਣਨ ਦੀ ਖ਼ੁਸ਼ੀ ਮੀਟਿੰਗ ਵਿਚ ਸਾਂਝੀ ਕੀਤੀ ਗਈ ਤੇ ਉਨ੍ਹਾਂ ਨੂੰ ਮੁਬਾਰਕਬਾਦ ਭੇਜੀ ਗਈ।

# ਖ਼ੁਦਕੁਸ਼ੀਆਂ ਦੀ ਫ਼ਸਲ : ਪੰਜਾਬ ਦੇ 6 ਕਰਜ਼ਾਈ ਕਿਸਾਨਾਂ ਨੇ ਦਿੱਤੀ ਜਾਨ




**ਪਿੰਡ ਕਾਲੋਂਕੇ ਦੇ ਬਲਵਿੰਦਰ ਨੇ ਪੀਤੀ ਕੀਟਨਾਸ਼ਕ :**
ਭਗਤਾ ਭਾਈ : ਪਿੰਡ ਕਾਲੋਂਕੇ ਵਿਚ ਕਰਜ਼ੇ ਤੋਂ ਤੰਗ ਕਿਸਾਨ ਬਲਵਿੰਦਰ ਸਿੰਘ (43 ਸਾਲ ) ਨੇ ਕੀਟਨਾਸ਼ਕ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਬਲਵਿੰਦਰ ਕੋਲ ਢਾਈ ਏਕੜ ਜ਼ਮੀਨ ਸੀ ਤੇ ਉਸ ਸਿਰ ਸੱਤ ਲੱਖ ਰੁਪਏ ਕਰਜ਼ਾ ਸੀ। ਉਸ ਦੇ ਪਰਿਵਾਰ ਵਿਚ ਪਤਨੀ ਤੇ ਪੁੱਤਰ ਹੈ। ਥਾਣਾ ਫੂਲ ਪੁਲੀਸ ਨੇ ਧਾਰਾ 174 ਤਹਿਤ ਕਾਰਵਾਈ ਕਰਕੇ ਪੋਸਟਮਾਰਟਮ ਮਗਰੋਂ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

**ਪਿੰਡ ਬਜੀਦਪੁਰ ਦੇ ਕਿਸਾਨ ਨੇ ਨਹਿਰ 'ਚ ਮਾਰੀ ਛਾਲ :**
ਅਬੋਹਰ : ਹਲਕਾ ਬੱਲੂਆਣਾ ਦੇ ਪਿੰਡ ਬਜੀਦਪੁਰ ਕੱਟਿਆਂਵਾਲੀ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਇਕ ਕਿਸਾਨ ਨੇ ਮੌਤ ਨੂੰ ਗਲੇ ਲਗਾ ਲਿਆ। 47 ਸਾਲਾ ਬਨਵਾਰੀ ਲਾਲ ਪੁੱਤਰ ਕਾਹਨਾ ਰਾਮ ਨੇ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਜਾਣਕਾਰੀ ਅਨੁਸਾਰ ਬਨਵਾਰੀ ਲਾਲ 'ਤੇ ਕਰੀਬ 7 ਲੱਖ ਰੁਪਏ ਦਾ ਕਰਜ਼ਾ ਸੀ। ਉਸ ਨੇ 6 ਕਿੱਲੇ ਜ਼ਮੀਨ ਠੇਕੇ 'ਤੇ ਲਈ ਸੀ ਪਰ ਪਿੱਛੇ ਫ਼ਸਲ ਨਹੀਂ ਹੋਈ ਸੀ। ਬਨਵਾਰੀ ਲਾਲ ਪ੍ਰੇਸ਼ਾਨੀ ਨਾ ਸਹਾਰਦੇ ਹੋਏ 29 ਅਗਸਤ ਨੂੰ ਘਰੇ ਖੇਤ ਜਾਣ ਦਾ ਕਹਿ ਕੇ ਚਲਾ ਤਾਂ ਗਿਆ ਪਰ ਵਾਪਸ ਨਹੀਂ ਮੁੜਿਆ। ਉਸ ਦੀ ਲਾਸ਼ ਨਹਿਰ ਵਿਚੋਂ ਰੂਪ ਨਗਰ ਪਿੰਡ ਕੋਲ ਮਿਲ ਗਈ।

**ਪਿੰਡ ਸਿੰਧੜਾ ਦੇ ਕਿਸਾਨ ਨੇ ਕੀਤੀ ਖ਼ੁਦਕੁਸ਼ੀ :**
ਫ਼ਤਹਿਗੜ੍ਹ ਸਾਹਿਬ : ਬਡਾਲੀ ਆਲਾ ਸਿੰਘ ਥਾਣੇ ਅਧੀਨ ਪੈਂਦੇ ਪਿੰਡ ਸਿੰਧੜਾ ਦੇ ਇਕ ਨੌਜਵਾਨ ਕਿਸਾਨ-ਕਮ-ਡਰਾਈਵਰ ਨੇ ਬੀਤੀ ਰਾਤ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕ ਹਰਦੀਪ ਸਿੰਘ (27 ਸਾਲ) ਪੁੱਤਰ ਗੁਰਚਰਨ ਸਿੰਘ ਦੇ ਸਕੇ ਭਰਾ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਜਿੱਥੇ ਡਰਾਈਵਰੀ ਕਰਦਾ ਸੀ ਉਥੇ ਕੁਝ ਸਮਾਂ ਕੱਢ ਕੇ ਆਪਣੀ ਕਰੀਬ 5 ਏਕੜ ਜ਼ਮੀਨ 'ਤੇ ਖੇਤੀਬਾੜੀ ਵੀ ਕਰਦਾ ਸੀ। ਉਸ ਨੇ ਦੱਸਿਆ ਕਿ ਉਸ ਦੇ ਭਰਾ ਨੇ ਆਪਣੇ ਪਿਤਾ ਦੇ ਨਾਂਅ 'ਤੇ ਟੈਂਪੂ ਖ਼ਰੀਦਣ ਲਈ ਮਾਲਵਾ ਗ੍ਰਾਮੀਣ ਬੈਂਕ (ਭਗੜਾਣਾ ਬ੍ਰਾਂਚ) ਵਿਚੋਂ ਆਪਣੀ ਕਰੀਬ 5 ਏਕੜ ਖੇਤੀਬਾੜੀ ਦੀ ਜ਼ਮੀਨ 'ਤੇ ਕਰੀਬ 8 ਲੱਖ ਰੁਪਏ ਦੀ ਲਿਮਟ ਕਰਵਾਈ ਸੀ। ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਮ੍ਰਿਤਕ ਦੇ ਪਿਤਾ ਗੁਰਚਰਨ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਸੀ.ਆਰ.ਪੀ.ਸੀ. ਦੀ ਕਾਰਵਾਈ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਕਿਸਾਨ ਦੀ ਲਾਸ਼ ਦਾ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਪੋਸਟਮਾਰਟਮ ਕਰਵਾਇਆ ਗਿਆ, ਜਿਸ ਉਪਰੰਤ ਲਾਸ਼ ਨੂੰ ਵਾਰਸਾਂ ਹਵਾਲੇ ਕਰ ਦਿੱਤਾ ਗਿਆ।

**ਪਿੰਡ ਈਨਾ ਖੇੜਾ ਦੇ ਗੁਰਦੀਪ ਨੇ ਖਾਧੀ ਸਲਫ਼ਾਸ :**
ਮਲੋਟ : ਪਿੰਡ ਈਨਾ ਖੇੜਾ ਦੇ ਕਰਜ਼ਾਈ ਕਿਸਾਨ ਗੁਰਦੀਪ ਸਿੰਘ (50 ਸਾਲ) ਨੇ ਸਲਫਾਸ ਦੀਆਂ ਗੋਲੀਆਂ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਉਸ ਦੀ ਪਤਨੀ ਪਰਮਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਕੋਲ 10 ਏਕੜ ਸੇਮਗ੍ਰਸਤ ਜ਼ਮੀਨ ਸੀ। ਕੋਈ ਆਮਦਨ ਨਾ ਹੋਣ ਕਾਰਨ ਘਰ ਚਲਾਉਣ ਤੇ ਬੱਚਿਆਂ ਦੀ ਪੜ੍ਹਾਈ ਲਈ ਆੜ੍ਹਤੀਆਂ ਤੇ ਬੈਂਕ ਤੋਂ ਲਿਆ ਕਰਜ਼ਾ 10 ਲੱਖ ਤੋਂ ਟੱਪ ਗਿਆ। ਘਰ ਦਾ ਤੋਰਾ ਤੋਰਨ ਲਈ ਗੁਰਦੀਪ ਨੇ 5 ਏਕੜ ਜ਼ਮੀਨ ਵੇਚ ਕੇ ਟਰੱਕ ਲੈ ਲਿਆ ਪਰ ਸਰਕਾਰ ਨੇ ਯੂਨੀਅਨਾਂ ਭੰਗ ਕਰ ਦਿੱਤੀਆਂ, ਜਿਸ ਕਾਰਨ ਉਹ ਪ੍ਰੇਸ਼ਾਨ ਸੀ। ਉਸ ਨੇ ਦੱਸਿਆ ਕਿ ਉਨ੍ਹਾਂ ਦੇ ਤਿੰਨ (ਦੋ ਧੀਆਂ ਤੇ ਇੱਕ ਪੁੱਤ) ਜੁਆਕ ਹਨ।

**ਪਿੰਡ ਚੰਨਣਵਾਲ ਦੇ ਕੁਲਦੀਪ ਨੇ ਲਿਆ ਫਾਹਾ :**
ਮਹਿਲ ਕਲਾਂ :ਪਿੰਡ ਚੰਨਣਵਾਲ ਦੇ ਕਿਸਾਨ ਕੁਲਦੀਪ ਸਿੰਘ (33 ਸਾਲ) ਨੇ ਆਰਥਿਕ ਤੰਗੀ ਕਾਰਨ ਫਾਹਾ ਲੈ ਲਿਆ। ਇਸ ਪਰਿਵਾਰ ਦੀ ਕਰਜ਼ੇ ਕਾਰਨ ਸਾਰੀ ਜ਼ਮੀਨ ਵਿਕ ਗਈ ਪਰ 3 ਲੱਖ ਰੁਪਏ ਕਰਜ਼ਾ ਅਜੇ ਵੀ ਸਿਰ ਖੜ੍ਹਾ ਹੈ। ਜ਼ਮੀਨ ਵੇਚ ਕੇ ਇਕ ਪ੍ਰਾਈਵੇਟ ਬੀਮਾ ਕੰਪਨੀ ਵਿਚ ਡੇਢ ਲੱਖ ਰੁਪਏ ਲਾਏ ਸਨ ਪਰ ਕੰਪਨੀ ਭੱਜ ਗਈ। ਕੁਲਦੀਪ ਦੇ ਪਿਤਾ ਜਗਰੂਪ ਸਿੰਘ ਨੇ ਦੱਸਿਆ ਕਿ ਕੁਲਦੀਪ ਸਿੰਘ ਨੇ ਆਪਣੇ ਕਮਰੇ ਵਿਚ ਫਾਹਾ ਲੈ ਲਿਆ। ਥਾਣਾ ਟੱਲੇਵਾਲ ਪੁਲੀਸ ਨੇ ਧਾਰਾ 174 ਤਹਿਤ ਕਾਰਵਾਈ ਕੀਤੀ ਹੈ।

**ਪਿੰਡ ਸਾਰੋਂ ਦੇ ਦਲਵੀਰ ਸਿੰਘ ਵਲੋਂ ਖ਼ੁਦਕੁਸ਼ੀ :**
ਸੰਗਰੂਰ : ਪਿੰਡ ਸਾਰੋਂ ਵਿਚ ਕਰਜ਼ੇ ਤੋਂ ਪ੍ਰੇਸ਼ਾਨ ਇੱਕ ਕਿਸਾਨ ਨੇ ਜ਼ਹਿਰੀਲੀ ਦਵਾਈ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ ਸਿਰ ਕਰੀਬ 20 ਲੱਖ ਰੁਪਏ ਦਾ ਕਰਜ਼ਾ ਸੀ। ਪੁਲੀਸ ਨੇ ਧਾਰਾ 174 ਦੀ ਕਾਰਵਾਈ ਕੀਤੀ ਹੈ। ਕਿਸਾਨ ਦੀ ਪਛਾਣ ਦਲਵੀਰ ਸਿੰਘ (35 ਸਾਲ) ਵਜੋਂ ਹੋਈ ਹੈ।

# ਕੈਪਟਨ ਨੇ ਜੰਗਲਾਤ ਵਿਭਾਗ 'ਚ ਬੇਨਿਯਮੀਆਂ ਦਾ ਤੋੜਾ ਅਫ਼ਸਰਸ਼ਾਹੀ 'ਤੇ ਝਾੜਿਆ

## ਕਈ ਅਧਿਕਾਰੀਆਂ ਨੂੰ ਕੀਤਾ ਜ਼ਿੰਮੇਵਾਰੀ ਤੋਂ ਲਾਂਭੇ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜੰਗਲਾਤ ਵਿਭਾਗ ਵਿੱਚ ਬੇਨਿਯਮੀਆਂ ਦਾ ਤੋੜਾ ਵਿਭਾਗੀ ਅਫ਼ਸਰਸ਼ਾਹੀ ਉਤੇ ਝਾੜਿਆ ਹੈ। ਤਬਾਦਲਿਆਂ, ਤਾਇਨਾਤੀਆਂ, ਦਰੱਖਤਾਂ ਦੀ ਨਾਜਾਇਜ਼ ਕਟਾਈ ਅਤੇ ਕਾਰਜਪ੍ਰਣਾਲੀ ਵਿੱਚ ਹੋਰ ਕਥਿਤ ਬੇਨਿਯਮੀਆਂ ਦਾ ਨੋਟਿਸ ਲੈਂਦਿਆਂ ਮੁੱਖ ਮੰਤਰੀ ਨੇ ਫੌਰੀ ਪ੍ਰਭਾਵ ਤੋਂ ਵਿਭਾਗ ਦੇ ਕਈ ਉੱਚ ਅਧਿਕਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੋਂ ਲਾਂਭੇ ਕਰ ਦਿੱਤਾ ਹੈ। ਪਤਾ ਚੱਲਿਆ ਹੈ ਕਿ ਮੁੱਖ ਮੰਤਰੀ ਬੇਨਿਯਮੀਆਂ ਦੀ ਜਾਂਚ ਦਾ ਹੁਕਮ ਵੀ ਦੇ ਸਕਦੇ ਹਨ। ਰਿਪੋਰਟ ਹੈ ਕਿ ਇਹ ਫੈਸਲਾ ਲੈਂਦੇ ਸਮੇਂ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਵੀ ਭਰੋਸੇ ਵਿੱਚ ਨਹੀਂ ਲਿਆ ਗਿਆ। ਪਿਛਲੀ ਅਕਾਲੀ-ਭਾਜਪਾ ਗਠਜੋੜ ਸਰਕਾਰ ਸਮੇਂ ਨਿਯੁਕਤ ਉੱਚ ਅਧਿਕਾਰੀਆਂ ਨੂੰ ਬਰਕਰਾਰ ਰੱਖਣ ਵਾਲੇ ਸ੍ਰੀ ਧਰਮਸੋਤ ਨੇ ਖ਼ੁਦ ਨੂੰ ਭਰੋਸੇ ਵਿੱਚ ਨਾ ਲੈਣ ਤੋਂ ਜ਼ੋਰਦਾਰ ਢੰਗ ਨਾਲ ਇਨਕਾਰ ਕਰਦਿਆਂ ਇਨ੍ਹਾਂ ਤਬਾਦਲਿਆਂ ਨੂੰ ਬਹੁਤੀ ਅਹਿਮੀਅਤ ਨਾ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸੂਬੇ ਦੇ ਮੋਹਰੀ ਹਨ। ਉਹ ਕਿਸੇ ਵੀ ਤਬਾਦਲੇ ਦਾ ਹੁਕਮ ਦੇ ਸਕਦੇ ਹਨ। ਮੁੱਖ ਮੰਤਰੀ ਵੱਲੋਂ ਕੀਤੀ ਕਾਰਵਾਈ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਵਿਭਾਗੀ ਮੁਖੀ ਜੰਗਲਾਤ ਵਿਭਾਗ ਦੇ ਪ੍ਰਮੁੱਖ ਮੁੱਖ ਵਣਪਾਲ ਡਾ. ਕੁਲਦੀਪ ਕੁਮਾਰ ਅਤੇ ਉਸ ਦੇ ਅਫ਼ਸਰਾਂ ਦੀ ਟੀਮ ਨੂੰ ਬਦਲ ਦਿੱਤਾ ਗਿਆ ਹੈ। ਜੰਗਲਾਤ ਮੰਤਰੀ ਦੇ ਓਐਸਡੀ ਅਤੇ ਪਟਿਆਲਾ ਜੰਗਲੀ ਜੀਵ ਡਿਵੀਜ਼ਨ ਦੇ ਡਿਪਟੀ ਰੇਂਜਰ ਚਮਕੌਰ ਸਿੰਘ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਪਹਿਲਾਂ ਨੁੱਕਰੇ ਲਾਏ ਅਧਿਕਾਰੀਆਂ



ਨੂੰ ਹੁਣ ਨਵੀਆਂ ਥਾਵਾਂ ਉਤੇ ਤਾਇਨਾਤ ਕੀਤਾ ਗਿਆ ਹੈ। ਇਨ੍ਹਾਂ ਵਿੱਚ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਦੇ ਮੈਨੇਜਿੰਗ ਡਾਇਰੈਕਟਰ ਜਤਿੰਦਰ ਸ਼ਰਮਾ ਨੂੰ ਡਾ. ਕੁਲਦੀਪ ਕੁਮਾਰ ਦੀ ਥਾਂ ਵਿਭਾਗ ਦਾ ਨਵਾਂ ਮੁਖੀ ਲਾਇਆ ਗਿਆ ਹੈ। ਡਾ. ਕੁਲਦੀਪ ਕੁਮਾਰ ਨੂੰ ਪ੍ਰਮੁੱਖ ਮੁੱਖ ਵਣਪਾਲ ਜੰਗਲਾਤ (ਜੰਗਲੀ ਜੀਵ) ਬਣਾਇਆ ਗਿਆ ਹੈ। ਡਾ. ਕੁਮਾਰ ਦੇ ਜੂਨੀਅਰ ਅਧਿਕਾਰੀ ਧਨੇਂਦਰ ਕੁਮਾਰ ਨੂੰ ਜੰਗਲਾਤ ਵਿਕਾਸ ਕਾਰਪੋਰੇਸ਼ਨ ਦਾ ਮੈਨੇਜਿੰਗ ਡਾਇਰੈਕਟਰ ਬਣਾਇਆ ਗਿਆ ਹੈ।

# ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਚੰਨੀ ਪੀਐਚਡੀ ਦੀ ਸਾਂਝੀ ਪ੍ਰੀਖਿਆ 'ਚੋਂ ਫੇਲ੍ਹ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਤਕਨੀਕੀ ਸਿਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਦਾ 'ਡਾਕਟਰ' ਬਣਨ ਦਾ ਸੁਪਨਾ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ। ਉਹ ਪੀਐਚ. ਡੀ ਵਿੱਚ ਦਾਖ਼ਲੇ ਦੇ ਸਾਂਝੇ ਟੈਸਟ ਵਿਚੋਂ ਪਾਸ ਨਹੀਂ ਹੋ ਸਕੇ। ਪੰਜਾਬ ਯੂਨੀਵਰਸਿਟੀ ਵੱਲੋਂ ਪੀਐਚ. ਡੀ ਅਤੇ ਐਮ. ਫਿਲ. ਵਿੱਚ ਦਾਖ਼ਲੇ ਵਾਸਤੇ 9 ਜੁਲਾਈ ਨੂੰ ਟੈਸਟ ਲਿਆ ਗਿਆ ਸੀ ਜਿਸ ਦੇ ਨਤੀਜੇ ਦਾ ਐਲਾਨ ਕਰ ਦਿੱਤਾ ਗਿਆ ਹੈ। ਉਨ੍ਹਾਂ ਰਾਜਨੀਤੀ ਵਿਗਿਆਨ ਦੀ ਡਾਕਟਰ ਆਫ਼ ਫਿਲਾਸਫ਼ੀ ਦੀ ਡਿਗਰੀ ਵਿਚ ਦਾਖ਼ਲਾ ਲੈਣ ਲਈ ਇਹ ਟੈਸਟ ਦਿੱਤਾ ਸੀ। ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ ਯੋਗਦਾਨ 'ਤੇ ਰਿਸਰਚ ਕਰਨ ਦੇ ਚਾਹਵਾਨ ਹਨ। ਤਕਨੀਕੀ ਸਿਖਿਆ ਮੰਤਰੀ ਦੀ ਇਹ ਖ਼ਾਸੀਅਤ ਹੈ ਕਿ ਉਹ ਸਿਆਸਤ ਵਿੱਚ ਸਰਗਰਮ ਰਹਿਣ ਦੇ ਬਾਵਜੂਦ ਲਗਾਤਾਰ ਪੜ੍ਹਾਈ ਕਰਦੇ ਆ ਰਹੇ ਹਨ। ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26



ਤੋਂ ਗਰੈਜੂਏਸ਼ਨ ਪਾਸ ਕੀਤੀ ਸੀ। ਇਸ ਤੋਂ ਬਾਅਦ ਨਗਰ ਕੌਂਸਲ ਖਰੜ ਦਾ ਪ੍ਰਧਾਨ ਰਹਿੰਦਿਆਂ 1996 ਤੋਂ 1999 ਤਕ ਪੰਜਾਬ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਲਈ ਸੀ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਹਿੰਦਿਆਂ ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਪੱਤਰ ਵਿਹਾਰ ਰਾਹੀਂ ਰਾਜਨੀਤੀ ਵਿਗਿਆਨ ਦੀ ਐਮਏ ਪਾਸ ਕੀਤੀ ਸੀ। ਹੁਣ ਕੈਬਨਿਟ ਮੰਤਰੀ ਦੇ ਅਹੁਦੇ 'ਤੇ ਰਹਿੰਦਿਆਂ ਉਨ੍ਹਾਂ ਪੀਐਚਡੀ ਕਰਨ ਦਾ ਸੁਪਨਾ ਬੁਣਿਆ ਹੈ। ਟੈਸਟ ਵਿੱਚੋਂ 55 ਫ਼ੀਸਦ ਪਾਸ ਅੰਕਾਂ ਦੀ ਸ਼ਰਤ ਰੱਖੀ ਜਾਂਦੀ ਹੈ ਜਦੋਂ ਕਿ ਰਾਖਵੇਂ ਵਰਗ ਵਾਸਤੇ 50 ਫ਼ੀਸਦੀ ਅੰਕ ਰੱਖੇ ਜਾਂਦੇ ਹਨ ਅਤੇ ਸ੍ਰੀ ਚੰਨੀ ਪਾਸ ਅੰਕ ਪ੍ਰਾਪਤ ਨਹੀਂ ਕਰ ਸਕੇ ਹਨ। ਪੰਜਾਬ ਯੂਨੀਵਰਸਿਟੀ ਵੱਲੋਂ ਨਤੀਜਾ ਵੈੱਬਸਾਈਟ 'ਤੇ ਪਾ ਦਿੱਤਾ ਗਿਆ ਹੈ।

ਸ੍ਰੀ ਚੰਨੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਟੈਸਟ ਦਾ ਨਤੀਜਾ ਅਜੇ ਨਹੀਂ ਐਲਾਨਿਆ ਗਿਆ ਹੈ। ਨਤੀਜਾ ਕਿਸੇ ਰਾਖਵੇਂ ਵਰਗ ਨਾਲ ਸਬੰਧਤ ਸ਼ਰਤ ਨੂੰ ਲੈ ਕੇ ਰੋਕ ਲਿਆ ਗਿਆ ਹੈ ਪਰ ਉਨ੍ਹਾਂ ਪੇਪਰ ਵਧੀਆ ਹੋਣ ਦਾ ਦਾਅਵਾ ਵੀ ਕੀਤਾ ਹੈ। ਦੂਜੇ ਪਾਸੇ ਯੂਨੀਵਰਸਿਟੀ ਦੇ ਇਕ ਸੀਨੀਅਰ ਅਧਿਕਾਰੀ ਦਾ ਦੱਸਣਾ ਹੈ ਕਿ ਉਹ ਟੈਸਟ ਪਾਸ ਨਹੀਂ ਕਰ ਸਕੇ ਹਨ ਅਤੇ ਨਤੀਜਾ ਨੈੱਟ ਤੋਂ ਦੇਖਿਆ ਜਾ ਸਕਦਾ ਹੈ।

# ਹਿੰਮਤ 'ਤੇ ਮਿਹਰਬਾਨ ਕੈਪਟਨ, ਪਿਛਲੀ ਸਰਕਾਰ ਵਲੋਂ ਦਾਇਰ ਚਾਰਜਸ਼ੀਟਾਂ ਰੱਦ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਆਪਣੇ ਨਜ਼ਦੀਕੀ ਤੇ ਸਭ ਤੋਂ ਸੀਨੀਅਰ ਆਈ.ਏ.ਐਸ. ਅਧਿਕਾਰੀ ਹਿੰਮਤ ਸਿੰਘ 'ਤੇ ਕੁਝ ਜ਼ਿਆਦਾ ਹੀ ਮਿਹਰਬਾਨ ਹੋ ਗਈ ਹੈ। ਉਸ ਨੇ ਪਿਛਲੀ ਸਰਕਾਰ ਵੱਲੋਂ ਹਿੰਮਤ ਸਿੰਘ ਵਿਰੁੱਧ ਦਾਇਰ ਦੋਵੇਂ ਚਾਰਜਸ਼ੀਟਾਂ ਇਸ ਅਧਿਕਾਰੀ ਦੇ ਸੇਵਾਮੁਕਤੀ ਵਾਲੇ ਦਿਨ ਖ਼ਤਮ ਕਰ ਦਿੱਤੀਆਂ। ਇਸ ਨਾਲ ਉਸ ਦਾ ਸਰਵਿਸ ਰਿਕਾਰਡ ਸਾਫ਼-ਸੁਥਰਾ ਹੋ ਗਿਆ ਹੈ, ਜਿਸ ਨਾਲ ਉਸ ਨੂੰ ਕਿਸੇ ਥਾਂ ਐਡਜਸਟ ਕਰਨ ਵਿੱਚ ਮੁਸ਼ਕਲ ਨਹੀਂ ਆਵੇਗੀ। ਉਸ ਨੂੰ ਬਾਗਬਾਨੀ ਵਿਭਾਗ ਨਾਲ ਸਬੰਧਤ ਕਿਸੇ ਅਹਿਮ ਅਹੁਦੇ 'ਤੇ ਐਡਜਸਟ ਕਰਨ ਦੀ ਸੰਭਾਵਨਾ ਹੈ। ਸੂਬੇ ਦੇ ਪਰਸੋਨਲ ਵਿਭਾਗ ਨੇ ਉਪਰੋਂ ਮਿਲੇ ਹੁਕਮਾਂ ਦੀ ਪਾਲਣਾ ਕਰਦਿਆਂ ਪਿਛਲੇ ਦੋ ਮਹੀਨੇ ਕਾਫ਼ੀ ਮਸ਼ੱਕਤ ਕਰ ਕੇ ਇਸ ਅਧਿਕਾਰੀ ਦਾ ਰਿਕਾਰਡ ਸਾਫ਼ ਕੀਤਾ। ਜਾਣਕਾਰੀ ਅਨੁਸਾਰ ਇਹ ਅਧਿਕਾਰੀ ਅਧਿਕਾਰਤ ਛੁੱਟੀ ਲਏ ਬਿਨਾਂ ਸਾਲ 2007 ਤੋਂ 31 ਅਗਸਤ 2009 ਤੱਕ ਡਿਊਟੀ ਤੋਂ ਲਾਂਭੇ ਰਿਹਾ। ਇਸ ਮਾਮਲੇ ਵਿੱਚ ਪਿਛਲੀ ਸਰਕਾਰ ਨੇ ਚਾਰਜਸ਼ੀਟ ਦਾਇਰ ਕੀਤੀ ਸੀ, ਜਿਸ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਕੈਟ) ਨੇ ਰੱਦ ਕਰ ਦਿੱਤਾ। ਪਿਛਲੀ ਸਰਕਾਰ ਨੇ ਕੈਟ ਦੇ ਇਸ ਫੈਸਲੇ ਵਿਰੁੱਧ ਅਪੀਲ ਦਾਇਰ ਕਰਨੀ ਸੀ। ਇੰਨੇ ਨੂੰ ਸਰਕਾਰ ਬਦਲ ਗਈ ਤੇ ਕੈਪਟਨ ਸਰਕਾਰ ਨੇ ਸੱਤਾ ਸੰਭਾਲ ਲਈ। ਇਸ ਲਈ ਅਣਅਧਿਕਾਰਤ ਛੁੱਟੀ ਦਾ ਮਾਮਲਾ ਨਿੱਬੜ ਗਿਆ ਤੇ ਇਸ ਅਧਿਕਾਰੀ ਦੀ ਛੁੱਟੀ ਪ੍ਰਵਾਨ ਕਰ ਲਈ ਗਈ। ਆਈ.ਏ.ਐਸ. ਅਧਿਕਾਰੀ ਹਿੰਮਤ ਸਿੰਘ ਦੀ ਕੈਪਟਨ ਨਾਲ ਨੇੜਤਾ ਹੋਣ ਕਰ ਕੇ ਇਸ ਅਧਿਕਾਰੀ ਨੂੰ ਬਾਗਬਾਨੀ ਵਿਭਾਗ ਦਾ ਚਾਰਜ ਦਿੱਤਾ ਗਿਆ।

**ਛੁੱਟੀਆਂ ਦਾ ਖ਼ਰਚਾ ਕੀਤਾ ਪ੍ਰਵਾਨ**
ਹਿੰਮਤ ਸਿੰਘ ਨੂੰ 27 ਮਹੀਨੇ ਦੀ ਛੁੱਟੀ ਵਾਲੇ ਸਮੇਂ ਦੌਰਾਨ ਚੰਡੀਗੜ੍ਹ ਤੋਂ ਦਿੱਲੀ, ਚੰਡੀਗੜ੍ਹ ਤੋਂ ਮੁੰਬਈ ਦੀਆਂ ਫੇਰੀਆਂ ਸਮੇਂ ਸਫ਼ਰ, ਹੋਟਲਾਂ ਅਤੇ ਫੋਨ ਦਾ ਖਰਚੇ ਦੇਣ ਨੂੰ ਪ੍ਰਵਾਨ ਕਰ ਲਿਆ ਹੈ। ਇਹ ਖਰਚਾ 6.41 ਲੱਖ ਰਪਏ ਹੈ। ਇਸ ਵਿੱਚ 2.37 ਲੱਖ ਹੋਟਲ ਦੇ, 2.96 ਲੱਖ ਰੁਪਏ ਸਫ਼ਰ ਅਤੇ ਟੈਲੀਫੋਨ ਬਿੱਲ ਸ਼ਾਮਲ ਹਨ। ਇਹ ਖਰਚਾ ਸੂਬੇ ਦੀ ਫਾਰਮ ਕੌਂਸਲ ਨੇ ਝੱਲਿਆ ਹੈ, ਜਿਸ ਦੇ ਉਹ ਮੀਤ ਪ੍ਰਧਾਨ ਸਨ।

# ਕੈਪਟਨ ਸਰਕਾਰ ਦੀਆਂ ਨਜ਼ਰਾਂ ਵਿਚ ਅਫ਼ਸਰ 'ਗ਼ਰੀਬ' ਤੇ ਮੁਲਾਜ਼ਮ 'ਅਮੀਰ'

## *ਵਿੱਤੀ ਸੰਕਟ ਦੀ ਆੜ 'ਚ ਮੁਲਾਜ਼ਮਾਂ ਨੂੰ ਕੋਰੀ ਨਾਂਹ, ਅਫਸਰਾਂ ਦੇ ਬੋਝੇ ਭਰੇ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਕੈਪਟਨ ਸਰਕਾਰ ਦੀਆਂ ਨਜ਼ਰਾਂ ਵਿਚ ਆਈਏਐੱਸ, ਆਈਪੀਐੱਸ ਅਤੇ ਆਈਐੱਫਐਸ ਕੇਡਰ ਦੇ ਅਧਿਕਾਰੀ ਗਰੀਬ ਅਤੇ ਦਰਜਾ-3 ਤੇ 4 ਮੁਲਾਜ਼ਮ ਅਮੀਰ ਹਨ ਕਿਉਂਕਿ ਸਰਕਾਰ ਨੇ ਵਿੱਤੀ ਸੰਕਟ ਦੀ ਆੜ ਹੇਠ 1 ਜਨਵਰੀ 2017 ਤੋਂ 4 ਫੀਸਦ ਡੀਏ ਦੀ ਕਿਸ਼ਤ ਮੁਲਾਜ਼ਮਾਂ ਨੂੰ ਦੇਣ ਤੋਂ ਨਾਂਹ ਕਰ ਦਿੱਤੀ ਹੈ ਜਦਕਿ ਅਧਿਕਾਰੀਆਂ ਨੂੰ ਸਮੇਤ ਬਕਾਇਆ ਕਿਸ਼ਤ ਦੇਣ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਇਸ ਵਿਰੁੱਧ ਮੁਲਾਜ਼ਮ 8 ਸਤੰਬਰ ਤੋਂ ਅੰਦੋਲਨ ਸ਼ੁਰੂ ਕਰ ਰਹੇ ਹਨ। ਪੰਜਾਬ ਸਕੱਤਰੇਤ ਦੇ ਸੂਤਰਾਂ ਅਨੁਸਾਰ ਇਸ ਤੋਂ ਪਹਿਲਾਂ ਸਰਕਾਰ ਆਈਏਐੱਸ, ਆਈਪੀਐੱਸ ਅਤੇ ਆਈਐਫਐੱਸ ਅਧਿਕਾਰੀਆਂ ਨੂੰ ਪਿਛਲੀਆਂ ਸਮੂਹ ਡੀਏ ਦੀਆਂ ਕਿਸ਼ਤਾਂ ਦਾ ਬਕਾਇਆ ਵੀ ਜਾਰੀ ਕਰ ਚੁੱਕੀ ਹੈ ਜਦਕਿ ਮੁਲਾਜ਼ਮਾਂ ਦਾ ਵੱਖ-ਵੱਖ ਡੀਏ ਦੀਆਂ ਕਿਸ਼ਤਾਂ ਦਾ 22 ਮਹੀਨਿਆਂ ਦਾ ਬਕਾਇਆ ਵੀ ਦੱਬਿਆ ਪਿਆ ਹੈ। ਪੰਜਾਬ ਦੇ ਮੁਲਾਜ਼ਮਾਂ ਦੀ ਕੇਂਦਰੀ ਪੈਟਰਨ ਉੱਤੇ ਇੱਕ ਜਨਵਰੀ 2017 ਤੋਂ 4 ਫੀਸਦ ਡੀਏ ਦੀ ਕਿਸ਼ਤ ਬਕਾਇਆ ਪਈ ਹੈ ਜਦਕਿ ਉੱਚ ਅਧਿਕਾਰੀਆਂ ਨੂੰ ਡੀਏ ਦੀ ਕਿਸ਼ਤ ਬਕਾਇਆਂ ਸਮੇਤ ਦੇਣ ਦਾ ਫੈਸਲਾ ਲੈ ਲਿਆ ਹੈ। ਸੂਤਰਾਂ ਅਨੁਸਾਰ ਆਈਏਐੱਸ ਅਧਿਕਾਰੀ ਇਕ ਪਾਸੇ ਸਰਕਾਰ ਨੂੰ ਵਿੱਤੀ ਸੰਕਟ ਦੀ ਆੜ ਹੇਠ ਮੁਲਾਜ਼ਮਾਂ ਦੀ ਡੀਏ ਦੀ ਕਿਸ਼ਤ ਰੋਕਣ ਦੀ ਤਜਵੀਜ਼ ਪੇਸ਼ ਕਰ ਰਹੇ ਹਨ ਅਤੇ ਦੂਸਰੇ ਪਾਸੇ ਖ਼ੁਦ ਨੂੰ ਕੇਂਦਰੀ ਕੇਡਰ ਦੇ ਅਧਿਕਾਰੀ ਹੋਣ ਦਾ ਆਧਾਰ ਬਣਾ ਕੇ ਸਰਕਾਰ ਕੋਲੋਂ ਡੀਏ ਦੀ ਕਿਸ਼ਤ ਰਿਲੀਜ਼ ਕਰਵਾਉਣ ਵਿਚ ਕਾਮਯਾਬ ਹੋ ਗਏ ਹਨ। ਭਾਵੇਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਬਣਨ ਦੀ ਸੂਰਤ ਵਿਚ ਆਉਂਦਿਆਂ ਹੀ ਤਨਖਾਹ ਕਮਿਸ਼ਨ ਲਾਗੂ ਕਰਨ ਦੇ ਵੱਡੇ ਦਾਅਵੇ ਕੀਤੇ ਸਨ ਪਰ ਮੁੱਖ ਮੰਤਰੀ ਦਾ ਅਹੁਦਾ ਸਾਂਭਣ ਤੋਂ ਬਾਅਦ ਉਹ ਇਸ ਮੁੱਦੇ ਉਪਰ ਖਾਮੋਸ਼ ਹਨ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ ਕੈਪਟਨ ਸਰਕਾਰ ਉਪਰ ਕੀਤੇ ਵਾਅਦਿਆਂ ਤੋਂ ਭੱਜਣ ਦਾ ਦੋਸ਼ ਲਾਇਆ ਹੈ। ਫੈਡਰੇਸ਼ਨ ਦੀ ਹੋਈ ਮੀਟਿੰਗ ਤੋਂ ਬਾਅਦ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸੀਨੀਅਰ ਮੀਤ ਪ੍ਰਧਾਨ ਰਣਬੀਰ ਢਿੱਲੋਂ ਅਤੇ ਚੇਅਰਮੈਨ ਸੱਜਣ ਸਿੰਘ ਨੇ ਦੋਸ਼ ਲਾਇਆ ਕਿ ਦੋਸ਼ ਲਾਇਆ ਕਿ ਸਰਕਾਰ ਕੱਚੇ, ਵਰਕਚਾਰਜ, ਦਿਹਾੜੀਦਾਰ, ਠੇਕਾ ਅਤੇ ਆਊਟਸੋਰਸਿੰਗ ਦੇ ਆਧਾਰ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਤੋਂ ਵੀ ਭੱਜ ਰਹੀ ਹੈ। ਸਰਕਾਰ ਵਿਰੁੱਧ ਮੁਲਾਜ਼ਮਾਂ ਨੇ 8 ਸਤੰਬਰ ਤੋਂ ਸੜਕਾਂ 'ਤੇ ਨਿਕਲਣ ਦਾ ਫੈਸਲਾ ਲੈ ਲਿਆ ਹੈ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Nº 1001
Receipt Books
Customized with your information and design. 2 part carbonless with numbering and perforation.
Call for Price
LOVE
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

408-272-2500

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਕੌਮਾਂਤਰੀ ਪੱਧਰ ’ਤੇ ਮਨਾਇਆ ਜਾਵੇਗਾ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪੁਰਬ

## ਸੁਲਤਾਨਪੁਰ ਲੋਧੀ ਵਿੱਚ ਵਿਸ਼ੇਸ਼ ਯਾਦਗਾਰ ਬਣਾਉਣ ਤੋਂ ਇਲਾਵਾ ਹੋਰ ਕਈ ਅਹਿਮ ਫ਼ੈਸਲੇ

**ਸੁਲਤਾਨਪੁਰ ਲੋਧੀ/ਬਿਊਰੋ ਨਿਊਜ਼:**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪੁਰਬ ਕੌਮਾਂਤਰੀ ਪੱਧਰ ’ਤੇ ਮਨਾਇਆ ਜਾਵੇਗਾ ਅਤੇ ਸੁਲਤਾਨਪੁਰ ਲੋਧੀ ਵਿੱਚ ਪਹਿਲੇ ਗੁਰੂ ਜੀ ਦੀ ਵਿਸ਼ੇਸ਼ ਯਾਦਗਾਰ ਬਣਾਈ ਜਾਵੇਗੀ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਸੋਮਵਾਰ ਨੂੰ ਗੁਰਦੁਆਰਾ ਬੇਰ ਸਾਹਿਬ ਵਿਖੇ ਮੀਟਿੰਗ ’ਚ ਲਿਆ ਗਿਆ। ਮੀਟਿੰਗ ’ਚ ਇਸ ਸਬੰਧੀ ਕਈ ਹੋਰ ਅਹਿਮ ਫ਼ੈਸਲੇ ਵੀ ਲਏ ਗਏ। ਮੀਟਿੰਗ ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਫ਼ੈਸਲਾ ਹੋਇਆ ਕਿ ਸੁਲਤਾਨਪੁਰ ਲੋਧੀ ਵਿੱਚ ਇਕ ਵਿਸ਼ੇਸ਼ ਯਾਦਗਾਰ ਸਥਾਪਿਤ ਕਰਨ ਦੇ ਨਾਲ ਨਾਲ ਇੱਕ ਕੌਮਾਂਤਰੀ ਕਮੇਟੀ ਬਣਾ ਕੇ ਅਤੇ ਆਧੁਨਿਕ ਅਜਾਇਬ ਘਰ ਸਥਾਪਿਤ ਕਰ ਕੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਇਤਿਹਾਸ ਨੂੰ ਰੂਪਮਾਨ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪੁਰਬ ਨੂੰ ਕੌਮਾਂਤਰੀ ਪੱਧਰ ’ਤੇ ਮਨਾਏ ਜਾਣ ਅਤੇ ਵਿਸ਼ਾਲ ਯਾਦਗਾਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇੱਕ ਆਧੁਨਿਕ ਅਜਾਇਬ ਘਰ ਵੀ ਬਣਾਇਆ ਜਾਵੇਗਾ, ਜਿਸ ਵਿੱਚ ਐਲਈਡੀ ਸਕਰੀਨਾਂ ਹੋਣਗੀਆਂ। ਇਸ ਅਜਾਇਬ ਘਰ ਵਿੱਚ ਗੁਰੂ ਸਾਹਿਬ ਦੇ ਆਰੰਭਕ ਜੀਵਨ, ਸੁਲਤਾਨਪੁਰ ਲੋਧੀ ਨਾਲ ਸਬੰਧਤ ਇਤਿਹਾਸ, ਉਦਾਸੀਆਂ ਤੇ ਕਰਤਾਰਪੁਰ ਵਿਖੇ ਕੀਤੀ ਕਿਰਤ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ। ਇਸ ਦੇ ਨਾਲ ” ਦਾ ਵਿਸ਼ਾਲ ਨਿਸ਼ਾਨ ਵੀ ਸਥਾਪਿਤ ਕੀਤਾ ਜਾਵੇਗਾ।



ਪ੍ਰੋ. ਬਡੂੰਗਰ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਯੂਨੀਵਰਸਿਟੀ ਨਨਕਾਣਾ ਸਾਹਿਬ ਵਿਖੇ ਹੀ ਸਥਾਪਿਤ ਕੀਤੀ ਜਾਵੇ, ਜਿਸ ਬਾਰੇ ਭਾਰਤ ਸਰਕਾਰ ਨਾਲ ਵੀ ਵਿਚਾਰ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ, ਅੰਤ੍ਰਿੰਗ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਸੁਰਜੀਤ ਸਿੰਘ ਭਿੱਟੇਵਿੰਡ, ਭਾਈ ਰਾਮ ਸਿੰਘ, ਗੁਰਮੇਲ ਸਿੰਘ ਸੰਗਤਪੁਰਾ, ਨਿਰਮਲ ਸਿੰਘ, ਜੈਪਾਲ ਸਿੰਘ, ਬੀਬੀ ਪਰਮਜੀਤ ਕੌਰ, ਕੁਲਵੰਤ ਸਿੰਘ ਮੰਨਣ, ਬਲਵਿੰਦਰ ਸਿੰਘ ਵੇਈਂ ਪੁਈਂ, ਸੁਰਜੀਤ ਸਿੰਘ ਕਾਲਾ ਬੂਲਾ ਤੇ ਸਤਪਾਲ ਸਿੰਘ ਤਲਵੰਡੀ ਭਾਈ ਹਾਜ਼ਰ ਸਨ।

## ਬਾਬਾ ਗੁਰੂ ਨਾਨਕ ਯੂਨੀਵਰਸਿਟੀ ਸ੍ਰੀ ਨਨਕਾਣਾ ਸਾਹਿਬ ਦੀ ਬਜਾਏ ਮੁਰੀਦਕੇ ਵਿਚ ਬਣਾਏ ਜਾਣ ਕਰਨ ਦੇ ਫੈਸਲੇ ਵਿਰੁਧ ਮੁਹਿੰਮ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਪਾਕਿਸਤਾਨ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਖੋਲ੍ਹਣ ਦਾ ਅਪਣਾ ਪਹਿਲਾ ਫੈਸਲਾ ਬਦਲ ਕੇ ਹੁਣ ਇਹ ਯੂਨੀਵਰਸਿਟੀ ਜ਼ਿਲ੍ਹਾ ਸ਼ੇਖੂਪੁਰਾ ਦੇ ਮੁਰੀਦਕੇ ਵਿਚ ਖੋਲ੍ਹਣ ਦਾ ਐਲਾਨ ਕੀਤਾ ਹੈ ਜਿਸਦਾਲੋਕਾਂ ਵਲੋਂ ਵਿਰੋਧ ਸ਼ੁਰੂ ਹੋ ਗਿਆ ਹੈ। ਥਾਂ ਬਦਲਣ ਦਾ ਐਲਾਨ ਕਰਦਿਆਂ ਪਾਕਿਸਤਾਨ ਇਵੈਕੁਈ ਟਰੱਸਟ ਬੋਰਡ ਦੇ ਚੇਅਰਮੈਨ ਸਾਦਿਕ ਉੱਲ ਫ਼ਾਰੂਕ ਨੇ ਦੱਸਿਆ ਕਿ ਜ਼ਿਲ੍ਹਾ ਸ਼ੇਖੂਪੁਰਾ ਦੀ ਨਾਰੋਵਾਲ ਰੋਡ ’ਤੇ ਮੁਰੀਦਕੇ ਵਿਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਲਈ 100 ਏਕੜ ਭੂਮੀ ਖਰੀਦ ਲਈ ਗਈ ਹੈ ਅਤੇ ਯੂਨੀਵਰਸਿਟੀ ਦੇ ਨਿਰਮਾਣ ਲਈ ਪਾਕਿ ਸਰਕਾਰ ਵੱਲੋਂ ਉੱਚ ਸਿੱਖੀਆ ਕਮਿਸ਼ਨ ਦੀ ਸਿਫ਼ਾਰਿਸ਼ ’ਤੇ ਇਕ ਅਰਬ ਰੁਪਏ ਦੀ ਗ੍ਰਾਂਟ ਜਾਰੀ ਕਰ ਦਿੱਤੀ ਗਈ ਹੈ। ਚੇਅਰਮੈਨ ਅਨੁਸਾਰ ਆਉਂਦੇ ਅਕਤੂਬਰ ਮਹੀਨੇ ਤੱਕ ਯੂਨੀਵਰਸਿਟੀ ਦੇ ਉਪ-ਕੁਲਪਤੀ ਦੀ ਨਿਯੁਕਤੀ ਵੀ ਕਰ ਦਿੱਤੀ ਜਾਵੇਗੀ।

ਸੀਨੀਅਰ ਪੱਤਰਕਾਰ ਸੁਰਿੰਦਰ ਕੋਛੜ ਦੀ ਰਿਪੋਰਟ ਅਨੁਸਾਰ ਈ. ਟੀ. ਪੀ. ਬੀ. ਨੂੰ ਮੁਰੀਦਕੇ ’ਚ ਯੂਨੀਵਰਸਿਟੀ ਖੋਲ੍ਹਣ ਦਾ ਆਪਣਾ ਇਰਾਦਾ ਬਦਲਣ ਅਤੇ ਸਮੁੱਚੀ ਸਿੱਖ ਕੌਮ ਨਾਲ ਸ੍ਰੀ ਨਨਕਾਣਾ ਸਾਹਿਬ ’ਚ ਯੂਨੀਵਰਸਿਟੀ ਖੋਲ੍ਹੇ ਜਾਣ ਦਾ ਕੀਤਾ ਵਾਅਦਾ ਪੂਰਾ ਕਰਾਉਣ ਲਈ ਪਾਕਿਸਤਾਨ ਦੀਆਂ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਵੱਲੋਂ ਵਿਰੋਧ ਕਰਦਿਆਂ ਪਾਕਿਸਤਾਨ ਸਰਕਾਰ ’ਤੇ ਦਬਾਅ ਬਣਾਇਆ ਜਾ ਰਿਹਾ ਹੈ। ਆਈ. ਐਸ. ਐਫ. ਦੇ ਜ਼ਿਲ੍ਹਾ ਨਨਕਾਣਾ ਸਾਹਿਬ ਦੇ ਪ੍ਰਧਾਨ ਰਾਇ ਫੈਜ਼ਲ ਮਹਿਮੂਦ ਨੇ ਦੱਸਿਆ ਕਿ ਪਾਕਿਸਤਾਨ ਦੀਆਂ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਚਾਓ’ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਉਨ੍ਹਾਂ ਦਾ ਸਿਰਫ਼ ਇਕੋ ਮਕਸਦ ਹੈ ਕਿ ਸਰਕਾਰ ਨੇ ਸ੍ਰੀ ਨਨਕਾਣਾ ਸਾਹਿਬ ਦੇ ਵਿਦਿਆਰਥੀਆਂ ਨੂੰ ਜ਼ਿਲ੍ਹੇ ’ਚ ਯੂਨੀਵਰਸਿਟੀ ਖੋਲ੍ਹਣ ਦਾ ਜੋ ਸੁਪਨਾ ਵਿਖਾਇਆ ਸੀ, ਉਹ ਉਸ ਨੂੰ ਪੂਰਾ ਕਰੇ। ਉਸ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਸਭ ਧਰਮਾਂ ਦੇ ਸਾਂਝੇ ਪੀਰ ਹਨ ਅਤੇ ਅਸੀਂ ਉਨ੍ਹਾਂ ਦੇ ਨਾਂਅ ’ਤੇ ਸਰਕਾਰ ਨੂੰ ਕਿਸੇ ਪ੍ਰਕਾਰ ਦੀ ਕੋਈ ਰਾਜਨੀਤੀ ਜਾਂ ਵਪਾਰ ਨਹੀਂ ਕਰਨ ਦਿਆਂਗੇ।

ਇਸੇ ਮਾਮਲੇ ਨੂੰ ਲੈ ਕੇ ਪਾਕਿ ਸਿੱਖ ਸੰਗਤ ਨੇ ਵੀ ਸਖ਼ਤ ਰੁਖ ਅਪਣਾਇਆ ਹੋਇਆ ਹੈ ਅਤੇ ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਯੂਨੀਵਰਸਿਟੀ ਸ੍ਰੀ ਨਨਕਾਣਾ ਸਾਹਿਬ ’ਚ ਨਾ ਸ਼ੁਰੂ ਕੀਤੀ ਗਈ ਤਾਂ ਵੱਡੇ ਪੱਧਰ ’ਤੇ ਪਾਕਿਸਤਾਨੀ ਹਿੰਦੂ-ਸਿੱਖਾਂ ਵੱਲੋਂ ਵਿਰੋਧ ਪ੍ਰਦਰਸ਼ਨ ਤੇ ਧਰਨੇ-ਹੜਤਾਲਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ।

## ਬਾਦਲਾਂ ਦੇ ਚਹੇਤੇ ਲੁਟੇਰੇ ਇੰਜੀਨੀਅਰ ਪਹਿਲਵਾਨ, ਉਸਦੀ ਪਤਨੀ, ਮਾਂ ਅਤੇ ਦੋ ਸਾਥੀਆਂ ਖ਼ਿਲਾਫ਼ ਵਿਜੀਲੈਂਸ ਨੇ ਚਲਾਨ ਪੇਸ਼ ਕੀਤਾ

**ਐੱਸ. ਏ. ਐੱਸ. ਨਗਰ/ਬਿਊਰੋ ਨਿਊਜ਼:**
ਪੰਜਾਬ ਵਿਜੀਲੈਂਸ ਵੱਲੋਂ ਬਾਦਲਾਂ ਦੇ ਚਹੇਤੇ ਅਤੇ ਗਮਾਡਾ ਦੇ ਚੀਫ਼ ਇੰਜੀਨੀਅਰ ਰਹੇ ਸੁਰਿੰਦਰਪਾਲ ਸਿੰਘ ਉਰਫ ਪਹਿਲਵਾਨ ਵੱਲੋਂ ਚਹੇਤੀਆਂ ਉਸਾਰੀ ਫਰਮਾਂ ਤੇ ਠੇਕੇਦਾਰਾਂ ਦੀ ਤਰਫ਼ਦਾਰੀ ਕਰਕੇ ਦਿੱਤੇ ਟੈਂਡਰਾਂ ਰਾਹੀਂ ਬੇਹਿਸਾਬੀ ਜਾਇਦਾਦ ਬਣਾਉਣ ਅਤੇ ਗ਼ੈਰ-ਕਾਨੂੰਨੀ ਧਨ ਨੂੰ ਆਪਣੇ ਪਰਿਵਾਰ ਦੀਆਂ ਜਾਅਲੀ ਫਰਮਾਂ ਵਿਚ ਜਮ੍ਹਾਂ ਕਰਵਾਉਣ ਦੇ ਮਾਮਲੇ ’ਚ ਪਹਿਲਵਾਨ ਸਮੇਤ 5 ਮੁਲਜ਼ਮਾਂ ਖ਼ਿਲਾਫ਼ ਮੁਹਾਲੀ ਦੀ ਇਕ ਅਦਾਲਤ ’ਚ ਚਲਾਨ ਪੇਸ਼ ਕਰ ਦਿੱਤਾ ਗਿਆ ਹੈ । ਵਿਜੀਲੈਂਸ ਵੱਲੋਂ ਅਦਾਲਤ ’ਚ ਪੇਸ਼ ਚਲਾਨ ’ਚ ਸੁਰਿੰਦਰਪਾਲ ਸਿੰਘ ਪਹਿਲਵਾਨ, ਉਸ ਦੀ ਪਤਨੀ ਮਨਦੀਪ ਕੌਰ, ਮਾਂ ਸਵਰਨਜੀਤ ਕੌਰ, ਗੁਰਮੇਸ਼ ਸਿੰਘ ਗਿੱਲ ਅਤੇ ਮੋਹਿਤ ਕੁਮਾਰ ਨੂੰ ਮੁਲਜ਼ਮ ਬਣਾਇਆ ਗਿਆ ਹੈ । ਉਕਤ ਮੁਲਜ਼ਮਾਂ ਖ਼ਿਲਾਫ਼ ਧਾਰਾ-420, 465, 467, 468, 471, 506, 120ਬੀ ਅਤੇ ਭ੍ਰਿਸ਼ਟਾਚਾਰ ਐਕਟ ਦੀਆਂ ਧਾਰਾਵਾਂ ਲਾਈਆਂ ਗਈਆਂ ਹਨ । ਵਿਜੀਲੈਂਸ ਵੱਲੋਂ ਪੇਸ਼ ਚਲਾਨ ’ਚ ਪਹਿਲਵਾਨ ਤੇ ਉਸ ਦੇ ਚਹੇਤਿਆਂ ਦੀਆਂ ਵੱਖ-ਵੱਖ ਥਾਵਾਂ ’ਤੇ ਬਣਾਈਆਂ 92 ਜਾਇਦਾਦਾਂ ਸਬੰਧੀ ਦੱਸਿਆ ਗਿਆ ਹੈ ਅਤੇ 57 ਕਰੋੜ ਰੁਪਇਆਂ ਦੇ ਲੈਣ-ਦੇਣ ਸਬੰਧੀ ਵੀ ਜਾਣਕਾਰੀ ਮਿਲਣ ਦੀ ਗੱਲ ਕਹੀ ਗਈ ਹੈ । ਵਿਜੀਲੈਂਸ ਦਾ ਦੋਸ਼ ਹੈ ਕਿ ਸੁਰਿੰਦਰਪਾਲ ਸਿੰਘ ਪਹਿਲਵਾਨ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਉਕਤ ਕੰਪਨੀਆਂ ਨੂੰ ਹੀ ਕੰਮ ਦੇ ਕੇ ਕਰੋੜਾਂ ਰੁਪਏ ਦਾ ਫਾਇਦਾ ਪਹੁੰਚਾਇਆ ਹੈ । ਇੰਨਾ ਹੀ ਨਹੀਂ ਇਨ੍ਹਾਂ ਕੰਪਨੀਆਂ ਦੇ ਡਾਇਰੈਕਟਰਾਂ ’ਚ ਪਹਿਲਵਾਨ ਦੀ ਪਤਨੀ ਅਤੇ ਮਾਂ ਵੀ ਸ਼ਾਮਿਲ ਹੈ । 2011 ਤੋਂ ਲੈ ਕੇ ਤਫਤੀਸ਼ ਚੱਲਣ ਤੱਕ ਪਹਿਲਵਾਨ ਦੇ ਬੈਂਕ ਖਾਤਿਆਂ ਵਿਚ ਕਾਫ਼ੀ ਲੈਣ-ਦੇਣ ਹੋਇਆ ਹੈ । ਅਪ੍ਰੈਲ ਮਹੀਨੇ ਤੋਂ ਇਸ ਕੇਸ ਦੀ ਜਾਂਚ ਚੱਲ ਰਹੀ ਸੀ, ਸਬੂਤ ਮਿਲਣ ਤੋਂ ਬਾਅਦ ਹੀ ਸੁਰਿੰਦਰ ਸਿੰਘ ਪਹਿਲਵਾਨ, ਗੁਰਮੇਸ਼ ਸਿੰਘ ਗਿੱਲ ਤੇ ਮੋਹਿਤ ਕੁਮਾਰ ਨੂੰ ਗ੍ਰਿਫ਼ਤਾਰ ਕਰਕੇ ਮੁਲਜ਼ਮਾਂ ਕੋਲੋਂ 8 ਲੱਖ ਰੁਪਏ ਨਕਦ, ਚੈੱਕ, ਐਫ. ਡੀ. ਤੇ ਕੰਪਿਊਟਰ ਸਮੇਤ ਹੋਰ ਦਸਤਾਵੇਜ ਜ਼ਬਤ ਕੀਤੇ ਗਏ ਸਨ।



### ਟਿੰਕੂ ਤੇ ਗਰਗ ਨੂੰ ਵੀ ਸਪਲੀਮੈਂਟਰੀ ਚਲਾਨ ’ਚ ਕੀਤਾ ਜਾ ਸਕਦੈ ਨਾਮਜ਼ਦ

ਵਿਜੀਲੈਂਸ ਨੇ ਇਸ ਕੇਸ ’ਚ ਗੁਰਿੰਦਰਪਾਲ ਸਿੰਘ ਟਿੰਕੂ ਤੇ ਅਮਿਤ ਗਰਗ ਨੂੰ ਵੀ ਨਾਮਜ਼ਦ ਕੀਤਾ ਹੈ ਤੇ ਸਪਲੀਮੈਂਟਰੀ ਚਲਾਨ ’ਚ ਦੋਵਾਂ ਨੂੰ ਨਾਮਜ਼ਦ ਕਰਨ ਦੀ ਕਾਰਵਾਈ ਚੱਲ ਰਹੀ ਹੈ । ਗੁਰਿੰਦਰਪਾਲ ਸਿੰਘ ਟਿੰਕੂ ਦੀ ਰਜਿੰਦਰਾ ਐਂਡ ਰਜਿੰਦਰਾ ਪ੍ਰਾਈਵੇਟ ਲਿਮਟਡ ਅਤੇ ਅਮਿਤ ਗਰਗ ਦੀ ਓਏਸਿਜ਼ ਪ੍ਰਾਈਵੇਟ ਲਿਮਟਡ ਨਾਂਅ ਦੀ ਕੰਪਨੀ ਹੈ । ਵਿਜੀਲੈਂਸ ਦਾ ਦੋਸ਼ ਹੈ ਕਿ ਪਹਿਲਵਾਨ ਦੇ ਨਜ਼ਦੀਕੀਆਂ ਦੀਆਂ ਇਨ੍ਹਾਂ ਕੰਪਨੀਆ ਵੱਲੋਂ ਏਅਰਪੋਰਟ ਰੋਡ ਜੋ ਕਿ ਨਿਊ ਸੰਨੀ ਇਨਕਲੇਵ ਤੋਂ ਲੈ ਕੇ ਪਿੰਡ ਛੱਤ ਤੱਕ ਬਣਾਈ ਗਈ ਹੈ । ਇਸ ਤੋਂ ਇਲਾਵਾ ਮੁਹਾਲੀ ’ਚ ਹੋਰ ਵੀ ਕਈ ਸੜਕਾਂ ਦਾ ਨਿਰਮਾਣ ਇਨ੍ਹਾਂ ਕੰਪਨੀਆਂ ਵੱਲੋਂ ਕੀਤਾ ਗਿਆ ਸੀ ਤੇ ਪਹਿਲਵਾਨ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਉਕਤ ਕੰਪਨੀਆਂ ਨੂੰ ਹੀ ਕੰਮ ਦੇ ਕੇ ਕਰੋੜਾਂ ਰੁਪਏ ਦਾ ਫਾਇਦਾ ਪਹੁੰਚਾਇਆ ਹੈ ।

## ਪੰਜਾਬ ਸਰਕਾਰ ਨੇ ਧੂਮ ਧਾਮ ਨਾਲ ਲਾਇਆ ਨੌਕਰੀ ਮੇਲਾ

### ਕੈਪਟਨ ਨੇ 27 ਹਜ਼ਾਰ ਨੌਜਵਾਨਾਂ ਨੂੰ ‘ਨਿਯੁਕਤੀ ਪੱਤਰ’ ਵੰਡਣ ਦੇ ਸ਼ੋਅ ’ਚ ਕੀਤੇ ਹੋਰ ਰੁਜ਼ਗਾਰ ਦੇ ਵਾਅਦੇ

**ਐਸਏਐਸ ਨਗਰ (ਮੁਹਾਲੀ)/ਬਿਊਰੋ ਨਿਊਜ਼:**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ‘ਘਰ ਘਰ ਰੁਜ਼ਗਾਰ ਸਕੀਮ’ ਤਹਿਤ ਮੰਗਲਵਾਰ ਨੂੰ ਮੁਹਾਲੀ ਵਿੱਚ ਰਾਜ ਪੱਧਰੀ ਰੁਜ਼ਗਾਰ ਮੇਲੇ ਦੌਰਾਨ 27 ਹਜ਼ਾਰ ਨੌਜਵਾਨ ਲੜਕੇ ਲੜਕੀਆਂ ਨੂੰ ਰੁਜ਼ਗਾਰ ਦੇਣ ਦਾ ਦਾਅਵਾ ਕੀਤਾ ਹੈ। ਨੌਜਵਾਨਾਂ ਨੂੰ ਨਿਯੁਕਤੀ ਪੱਤਰ ਮੁੱਖ ਮੰਤਰੀ ਸਮੇਤ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਿਹਤ ਮੰਤਰੀ ਬ੍ਰਹਮ ਮਹਿੰਦਰਾ, ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਸਾਧੂ ਸਿੰਘ ਧਰਮਸੋਤ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਵੰਡੇ। ਇਨ੍ਹਾਂ 27 ਹਜ਼ਾਰ ਨੌਜਵਾਨਾਂ ਵਿੱਚ 3 ਹਜ਼ਾਰ ਉਮੀਦਵਾਰਾਂ ਨੂੰ ਸਰਕਾਰੀ ਵਿਭਾਗਾਂ ਵਿੱਚ ਨੌਕਰੀ ਮਿਲੀ ਹੈ, ਜਿਨ੍ਹਾਂ ਵਿੱਚ 1337 ਨਵੇਂ ਭਰਤੀ ਕੀਤੇ ਗਏ ਅਧਿਆਪਕ ਵੀ ਸ਼ਾਮਲ ਹਨ। ਮੁੱਖ ਮੰਤਰੀ ਨੇ ਚੋਣਾਂ ਦੌਰਾਨ ‘ਘਰ ਘਰ ਰੁਜ਼ਗਾਰ’ ਦੇਣ ਦੇ ਵਾਅਦੇ ਨੂੰ ਪੂਰਾ ਕਰਨ ਲਈ ਪ੍ਰਾਈਵੇਟ ਕਾਲਜਾਂ ਨੂੰ ਢਾਲ ਬਣਾਏ ਜਾਣ ਦੀ ਵਿਰੋਧੀ ਧਿਰਾਂ ਵੱਲੋਂ ਸਖ਼ਤ ਨਿਖੇਧੀ ਕੀਤੀ ਜਾ ਰਹੀ ਹੈ। ਇਸ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ ਅੱਜ 27 ਹਜ਼ਾਰ ਨੌਜਵਾਨਾਂ ਨੂੰ ਨੌਕਰੀ ਦਿੱਤੀ ਗਈ ਹੈ ਤੇ 43 ਹਜ਼ਾਰ ਹੋਰ ਨਵੀਆਂ ਨੌਕਰੀਆਂ ਦੇਣ ਬਾਰੇ ਮੁੱਢਲੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਭਵਿੱਖ ਵਿੱਚ ਸਾਲ ਵਿੱਚ ਦੋ ਵਾਰ ਰੁਜ਼ਗਾਰ ਮੇਲੇ ਲਾਏ ਜਾਣਗੇ ਤੇ ਅਗਲਾ ਰੁਜ਼ਗਾਰ ਮੇਲਾ ਫਰਵਰੀ 2018 ਵਿੱਚ ਲੱਗੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ ਹੀ 34 ਸਹਿਮਤੀ ਪੱਤਰਾਂ ‘ਤੇ ਸਹੀ ਪਾ ਦਿੱਤੀ ਹੈ, ਜਿਸ ਨਾਲ 2.8 ਲੱਖ ਨੌਕਰੀਆਂ ਪੈਦਾ ਹੋਣਗੀਆਂ। ਇਸ ਤੋਂ ਪਹਿਲਾਂ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਕਿਹਾ ਕਿ ‘ਘਰ ਘਰ ਰੁਜ਼ਗਾਰ’ ਸਕੀਮ ਨਾਲ ਪੰਜਾਬ ਸਰਕਾਰ ਪ੍ਰਤੀ ਲੋਕਾਂ ਦਾ ਵਿਸ਼ਵਾਸ ਪੈਦਾ ਹੋਇਆ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜਿਨ੍ਹਾਂ ਫੈਕਟਰੀਆਂ ਦੀਆਂ ਚਿਮਨੀਆਂ ਬੰਦ ਪਈਆਂ ਹਨ, ਉਨ੍ਹਾਂ ‘ਚੋਂ ਧੂੰਆਂ ਨਿਕਲਣਾ ਚਾਹੀਦਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕੈਪਟਨ ਨੇ ਮਹੀਨਿਆਂ ਦੇ ਸ਼ਾਸਨ ਦੌਰਾਨ ਦੇਸ਼ ਦੀ ਰਾਜਨੀਤੀ ਵਿੱਚ ਜਵਾਬਦੇਹੀ ਅਤੇ ਭਰੋਸੇਯੋਗਤਾ ਦਾ ਸਬੂਤ ਦਿੱਤਾ ਹੈ। ਇਸ ਮੌਕੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ, ਉਚੇਰੀ ਸਿੱਖਿਆ ਮੰਤਰੀ ਅਰੁਣਾ ਚੌਧਰੀ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਵਿਧਾਇਕ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਜੀਪੀ ਤੇ ਰਾਜ ਕੁਮਾਰ ਵੇਰਕਾ ਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਹਾਜ਼ਰ ਸਨ।

## ਉੱਤਰੀ ਕੋਰੀਆ ਨੇ ਕੀਤੀ ਮਿਜ਼ਾਇਲ ਦਾਗਣ ਦੀ ਤਿਆਰੀ

**ਸਿਓਲ/ਬਿਊਰੋ ਨਿਊਜ਼:** ਉੱਤਰ ਕੋਰੀਆ ਵੱਲੋਂ ਇਕ ਹੋਰ ਮਿਜ਼ਾਈਲ ਦਾਗ਼ੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦੱਖਣੀ ਕੋਰੀਆ ਨੇ ਇਸ ਦਾ ਖ਼ਦਸ਼ਾ ਜਤਾਉਂਦਿਆਂ ਆਪਣੀ ਫ਼ੌਜ ਨੂੰ ਚੌਕਸ ਕਰ ਦਿੱਤਾ ਹੈ। ਪਯੋਂਗਯੈਂਗ ਵੱਲੋਂ ਸਭ ਤੋਂ ਵੱਡਾ ਪਰਮਾਣੂ ਪ੍ਰੀਖਣ ਕੀਤੇ ਜਾਣ ਤੋਂ ਬਾਅਦ ਦੱਖਣੀ ਕੋਰੀਆ ’ਤੇ ਚਿੰਤਾ ਦੀਆਂ ਲਕੀਰਾਂ ਸਾਫ਼ ਨਜ਼ਰ ਆ ਰਹੀਆਂ ਹਨ। ਰੱਖਿਆ ਮੰਤਰਾਲੇ ਨੇ ਕਿਹਾ ਕਿ ਦੱਖਣੀ ਕੋਰੀਆ ਅਤੇ ਅਮਰੀਕਾ ਵੱਲੋਂ ਉਪਰਲੇ ਇਲਾਕਿਆਂ ਸਬੰਧੀ ਰੱਖਿਆ ਮਿਜ਼ਾਈਲ ਲਾਂਚਰ ਹੋਰ ਤਾਇਨਾਤ ਕੀਤੇ ਜਾਣਗੇ ਜਿਨ੍ਹਾਂ ਨੂੰ ਲੈ ਕੇ ਪੇਈਚਿੰਗ ਨਾਰਾਜ਼ ਸੀ।

ਇਹ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਸਿਓਲ ਨੇ ਅਭਿਆਸ ਵਜੋਂ ਤੜਕੇ ਕਈ ਬੈਲਿਸਟਿਕ ਮਿਜ਼ਾਈਲਾਂ ਦਾਗ਼ੀਆਂ। ਤਸਵੀਰਾਂ ’ਚ ਛੋਟੀ ਦੂਰੀ ਦੀਆਂ ਮਿਜ਼ਾਈਲਾਂ ਹਿਊਨਮੂ ਨੂੰ ਆਸਮਾਨ ’ਚ ਦਾਗ਼ਿਆ ਦਿਖਾਇਆ ਗਿਆ ਹੈ। ਉੱਤਰ ਕੋਰੀਆ ਨੇ ਐਤਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਹਾਈਡਰੋਜਨ ਬੰਬ ਧਮਾਕਾ ਕੀਤਾ ਹੈ ਅਤੇ ਇਸ ਨੂੰ ਮਿਜ਼ਾਈਲ ’ਚ ਫਿਟ ਕੀਤਾ ਜਾ ਸਕਦਾ ਹੈ।ਸਰਹੱਦ ਪਾਰ ਰੇਡੀਏਸ਼ਨ ਦੇ ਨਹੀਂ ਮਿਲੇ ਅੰਸ਼: ਚੀਨ: ਚੀਨ ਅਤੇ ਜਪਾਨ ਨੇ ਸੋਮਵਾਰ ਨੂੰ ਕਿਹਾ ਕਿ ਉੱਤਰ ਕੋਰੀਆ ਵੱਲੋਂ ਕੀਤੇ ਗਏ ਪਰਮਾਣੂ ਪ੍ਰੀਖਣ ਕਰਕੇ ਰੇਡੀਏਸ਼ਨ ਦੇ ਕੋਈ ਅੰਸ਼ ਨਹੀਂ ਮਿਲੇ ਹਨ। ਇਹ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਜ਼ਮੀਨਦੋਜ਼ ਧਮਾਕੇ ਮਗਰੋਂ ਇਸ ’ਚੋਂ ਰੇਡੀਏਸ਼ਨ ਲੀਕ ਹੋਈ ਹੋਵੇਗੀ।

ਉੱਤਰ ਕੋਰੀਆ ਦੇ ਇਰਾਦਿਆਂ ਨੂੰ ਜਾਣਨ ’ਚ ਨਾਕਾਮ ਰਹੇ: ਅਮਰੀਕਾ, ਜਪਾਨ ਅਤੇ ਦੱਖਣੀ ਕੋਰੀਆ ਵੱਲੋਂ ਲਾਈਆਂ ਗਿਣਤੀਆਂ-ਮਿਣਤੀਆਂ ਉੱਤਰ ਕੋਰੀਆ ਦੇ ਮਾਮਲੇ ’ਚ ਨਾਕਾਮ ਸਾਬਿਤ ਹੋਈਆਂ। ਆਰਮਜ਼ ਕੰਟਰੋਲ ਐਸੋਸੀਏਸ਼ਨ (ਏਸੀਏ) ਨੇ ਕਿਹਾ ਕਿ ਉੱਤਰ ਕੋਰੀਆ ਵੱਲੋਂ ਕੀਤਾ ਗਿਆ ਤਾਜ਼ਾ ਪ੍ਰੀਖਣ ਪੂਰਬੀ ਏਸ਼ੀਆ ’ਚ ਖ਼ਤਰੇ ਦੀ ਘੰਟੀ ਹੈ। ਉਨ੍ਹਾਂ ਕਿਹਾ ਕਿ ਉੱਤਰ ਕੋਰੀਆ ਦੇ ਪਰਮਾਣੂ ਅਤੇ ਮਿਜ਼ਾਈਲ ਪ੍ਰੋਗਰਾਮ ’ਤੇ ਨੱਥ ਪਾਉਣ ’ਚ ਦੇਰੀ ਦੇ ਨਤੀਜੇ ਵਜੋਂ ਉਹ ਇਹ ਹਥਿਆਰ ਹਾਸਲ ਕਰ ਸਕਿਆ ਹੈ। ਏਸੀਏ ਮੁਤਾਬਕ ਜੌਰਜ ਬੁਸ਼ ਅਤੇ ਬਰਾਕ ਓਬਾਮਾ ਸਮੇਤ ਕਈ ਸਰਕਾਰਾਂ ਦੀਆਂ ਗਿਣਤੀਆਂ ਮਿਣਤੀਆਂ ਅਸਫ਼ਲ ਹੋ ਗਈਆਂ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। ।ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲ.ਫਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 19)

## ਤੇਰੇ ਬਾਈ ਦਾ ਖ਼ਤ

ਸਾਡੇ ਸਕੂਲ ਦੇ ਰਾਹ ਵਿਚ ਗੰਨਿਆਂ ਦੇ ਖੇਤ ਆਉਂਦੇ ਹਨ – ਜਿਨ੍ਹਾਂ ਨੂੰ 'ਸਾਧ ਦੇ ਇੱਖ' ਕਹਿੰਦੇ ਹਨ। ਇੱਖਾਂ ਵਿਚ ਨੂੰ ਰਾਹ ਜਾਂਦਾ ਹੈ – ਪੈਦਲ – ਬੇਲੇ ਨੂੰ – ਆਉਣ ਜਾਣ ਲਈ – ਵਿਚ-ਪਟੇ ਨੂੰ ਹੀ। ਇਹ ਲੋਕਾਂ ਨੇ ਆਪ ਹੀ ਬਣਾਇਆ ਹੋਇਆ ਹੈ। ਉਂਜ ਰੇਤਲੀ ਤੇ ਕੱਲਰ ਵਾਲੀ ਭੋਇ ਹੋਣ ਕਰਕੇ ਇਸ ਹਿੱਸੇ ਵਿਚ ਗੰਨੇ ਘਟ ਹੀ ਉੱਗੇ ਹੋਏ ਹਨ – ਤੇ ਕੁਝ ਲਾਂਘੇ ਕਰਕੇ – ਆਸੇ ਪਾਸੇ ਦੇ ਡਿੱਗੇ-ਢਹੇ – ਖ਼ਰਾਬ ਹੋਏ ਪਏ ਹਨ – 'ਆਗਾਂ' ਸਣੇ।

ਸਾਡੇ ਪਿੰਡ ਦੀ ਇਕ ਤੀਵੀਂ ਹੈ – ਉਧਰ ਪਰ੍ਹਾਂ ਪਰਲੇ ਪਾਸੇ ਦੀ – ਰਿਸ਼ਤੇ ਵਿਚ ਖ਼ਬਰਨੀ ਭਾਬੀ ਜਾਂ ਕੁਝ ਹੋਰ ਲਗਦੀ ਹੈ – ਹੁਣ ਸਵਾਰ ਕੇ ਨਹੀਂ ਜਾਣਦੀ ਹਾਂ ਮੈਂ – ਉਸ ਦਾ ਪਤੀ ਫੌਜੀ ਹੈ – ਉਹ 'ਫੌਜਣ' ਕਰਕੇ ਜਾਣੀ ਜਾਂਦੀ ਹੈ ਪਿੰਡ ਵਿਚ –

ਬੀਜੀ ਨੂੰ ਕਹਿ ਉਹ ਅਕਸਰ ਮੈਨੂੰ ਬੁਲਵਾ ਭੇਜਦੀ ਹੈ – 'ਖ਼ਤ ਲਿਖਣ' ਵਾਸਤੇ। ਮੈਨੂੰ ਸੰਵਾਰ ਕੇ ਖ਼ਤ ਲਿਖਣਾ ਨਹੀਂ ਆਉਂਦਾ – ਪਰ ਆਉਣਾ ਚਾਹੀਦਾ ਹੈ – ਉਨ੍ਹਾਂ ਦੇ ਖ਼ਿਆਲ ਵਿਚ – ਚੌਥੀ ਜਮਾਤ ਵਿਚ ਜੁ ਪੜ੍ਹਦੀ ਹਾਂ – ਕੋਈ ਅਨਪੜ੍ਹ ਥੋੜ੍ਹੀ ਆਂ। ਚੌਥੀ ਜਮਾਤ ਪਾਸ ਹੁੰਦਿਆਂ ਹੀ ਮੈਂ 'ਪ੍ਰਾਇਮਰੀ' ਪਾਸ ਹੋ ਜਾਵਾਂਗੀ – ਨਿੱਕੀ ਜਿਹੀ ਗੱਲ ਥੋੜ੍ਹੀ ਹੈ। ਸੋ ਜਿਵੇ ਕਿਵੇਂ ਖ਼ਤ ਲਿਖਣਾ ਹੀ ਹੁੰਦਾ ਹੈ ਮੈਨੂੰ ਤੇ ਲਿਖਦੀ ਵੀ ਹਾਂ ਮੈਂ।

ਉਹ ਜੋ ਜੋ ਲਿਖਵਾਈ ਜਾਂਦੀ ਹੈ, ਮੈਂ ਲਿਖੀ ਜਾਂਦੀ ਹਾਂ, ਵਿਚੇ ਗਲਤ ਮਲਤ। ਉਹ ਤਾਂ ਬਹੁਤ ਕੁਝ ਇਕੋ ਸਾਹ ਬੋਲੀ ਜਾਂਦੀ ਹੈ, ਹਾਸੇ ਰੋਸੇ ਗੁੱਭ-ਗੁਭਾਰ – ਜੋ ਉਹਦੇ ਮਨ ਵਿਚ ਭਰਿਆ ਹੁੰਦਾ ਹੈ ਤੇ ਜਦੋਂ ਯਾਦ ਆਉਂਦਾ ਹੈ ਵਿਚ ਨੂੰ ਪੁੱਛ ਲੈਂਦੀ ਹੈ – "ਲਿਖਤਾ ?" ਮੈਂ ਵੀ "ਹਾਂ, ਹਾਂ" ਕਹੀ ਜਾਂਦੀ ਹਾਂ, ਉਸੇ ਤਰ੍ਹਾਂ – ਭਾਵੇਂ ਲਿਖਿਆ ਜਾਏ ਪੂਰਾ ਭਾਵੇਂ ਨਾ।

ਖ਼ਤ ਲਿਖਣ ਮਗਰੋਂ ਹੁਣ ਉਹ ਮੈਨੂੰ ਪੜ੍ਹ ਕੇ ਸੁਣਾਉਣ ਲਈ ਵੀ ਕਹਿੰਦੀ ਹੈ – ਕੀ ਸੁਣਾਵਾਂ – ਢੰਗ ਨਾਲ ਤਾਂ ਕੁਝ ਵੀ ਨਹੀਂ ਲਿਖਿਆ ਹੁੰਦਾ, ਉਥੇ – ਹੁਣ ਮੈਂ ਮੋਟੇ ਮੋਟੇ, ਰਟੇ ਰਟਾਏ ਵਾਕ ਜੋ ਉਸ ਲਿਖਵਾਏ ਹੁੰਦੇ ਆਪਣੀ ਯਾਦ ਸ਼ਕਤੀ ਦੇ ਜ਼ੋਰ – ਮੂੰਹ ਜੁਬਾਨੀ ਹੀ ਪੜ੍ਹ ਦਿੰਦੀ ਹਾਂ – ਖ਼ਤ ਤੋਂ। ਇੰਜ ਖ਼ਤ ਲਿਖਿਆ ਜਾਂਦਾ ਹੈ – ਤੇ ਖ਼ਤ ਲਿਖੇ ਜਾਂਦੇ ਹਨ – ਇਕ, ਦੋ, ਤਿੰਨ, ਚਾਰ, ਪਤਾ ਨਹੀਂ ਕਿੰਨੀ ਵਾਰ – ਸਿਲਸਿਲਾ ਜਾਰੀ ਰਹਿੰਦਾ ਹੈ –

ਪਰ ਹੁਣ ਖ਼ਤ ਲਿਖਣੇ ਮੈਨੂੰ ਚੰਗੇ ਨਹੀਂ ਲਗਦੇ। ਹਰ ਖ਼ਤ ਵਿਚ ਉਹੀ – ਕੁਝ ਖਾਸ ਗੱਲਾਂ ਗੀਤ, ਬੋਲੀਆਂ, ਛੰਦ – ਲਿਖ ਲਿਖ ਕੇ ਜਾਂ ਸੁਣ ਸੁਣ ਕੇ ਮੈਂ ਅੱਕ ਗਈ ਹਾਂ। ਉਂਜ ਇਹ ਸਭ ਕੁਝ ਮੈਨੂੰ ਚੰਗਾ ਹੀ ਨਹੀਂ ਲਗਦਾ। ਮੈਨੂੰ ਤਾਂ ਉਹ ਤੀਵੀਂ ਵੀ ਹੁਣ ਹੋਰ ਤਰ੍ਹਾਂ ਦੀ ਹੀ ਲੱਗਣ ਲੱਗ ਪਈ ਹੈ – ਇਹ ਐਨੀਆਂ ਗੰਦੀਆਂ ਗੱਲਾਂ ਐਨੇ ਗੰਦੇ ਗੀਤ ਕਿਉਂ ਲਿਖਵਾਉਂਦੀ ਹੈ – ਮੈਂ ਸੋਚਦੀ ਰਹਿੰਦੀ ਹਾਂ – ਅਜੀਬ ਅਜੀਬ ਜਿਹਾ ਹੀ ਕੁਝ। ਜੋ ਸ਼ਾਇਦ ਕੁਝ ਵੀ ਐਨਾ ਬੁਰਾ ਨਾ ਹੋਵੇ ਜਿੰਨਾ ਮੈਨੂੰ ਲਗਦਾ ਹੋਵੇ ਪਰ ਮੈਂ ਸੋਚਦੀ ਰਹਿੰਦੀ ਹਾਂ – ਭਾਪਾ ਜੀ ਦਾ ਖ਼ਤ ਆਉਂਦਾ ਹੈ ਭਾਪਾ ਜੀ ਨੂੰ ਬੀਜੀ ਖ਼ਤ ਲਿਖਾਉਂਦੇ ਹਨ – ਉਸ ਵਿਚ ਤਾਂ ਅਜਿਹਾ ਕੁਝ ਵੀ ਨਹੀਂ ਹੁੰਦਾ, ਬਸ ਹਾਲ ਚਾਲ – ਰਾਜੀ ਖੁਸ਼ੀ। ਫੇਰ ਉਹ ਕਿਉਂ – ਫੇਰ ਮੈਨੂੰ ਹੀ ਕਿਉਂ ਕਹਿੰਦੀ ਹੈ, ਲਿਖਣ ਲਈ ਹੋਰ ਵੀ ਤਾਂ ਹਨ ਨਿਆਣੇ ਕਿਸੀ ਤੋਂ ਲਿਖਵਾ ਲਿਆ ਕਰੇ – ਮੈਂ ਸੋਚਦੀ ਰਹਿੰਦੀ ਹਾਂ। ਮੇਰੇ ਅੰਦਰ ਇਕ ਅਜੀਬ ਜੇਹਾ 'ਡਰ' ਬੈਠ ਗਿਆ ਹੈ – ਕਾਹਦਾ – ਇਹ ਮੈਂ ਵੀ ਨਹੀਂ ਜਾਣਦੀ ਹਾਂ – ਬਸ ਬੀਜੀ ਦੇ ਭੇਜਣ ਤੇ ਮੈਨੂੰ ਜਾਣਾ ਹੀ ਪੈਂਦਾ ਹੈ – ਹੁਕਮ ਮੰਨ ਕੇ, ਜਾਂਦੀ ਵੀ ਹਾਂ – ਭਾਵੇਂ ਅਣਮਨੇ ਨਾਲ ਹੀ।

ਇਕ ਦਿਨ ਪਤਾ ਨਹੀਂ ਕਿਵੇਂ ਤੇ ਕਿਉਂ ਮੈਂ ਆਪਣੀ ਸਹੇਲੀ ਨੂੰ ਇਸ ਖ਼ਤ ਵਿਚਲੀ ਸਾਰੀ ਗੱਲ ਦਸ ਦਿੰਦੀ ਹਾਂ ਤੇ ਹੁਣ ਅਸੀਂ ਇਸ ਕੰਮ ਤੋਂ ਖਹਿੜਾ ਛਡਵਾਉਣ ਬਾਰੇ ਸੋਚਦੀਆਂ ਹਾਂ – ਸਾਨੂੰ ਇਕ ਸ਼ਰਾਰਤ ਸੁਝਦੀ ਹੈ –

ਕਦੀ ਕਦੀ ਖ਼ਤ ਪਾਉਣ ਨੂੰ ਜਦ ਉਸ ਕੋਲ ਲਿਫ਼ਾਫ਼ਾ ਨਹੀਂ ਹੁੰਦਾ, ਉਹ ਮੈਨੂੰ ਪੈਸੇ ਦੇ ਦਿੰਦੀ ਹੈ – ਲਿਫ਼ਾਫ਼ਾ ਖ਼ਰੀਦ ਕੇ 'ਬੇਲੇ' ਡਾਕਖਾਨੇ ਖ਼ਤ ਪਾਉਣ ਵਾਸਤੇ।

ਅੱਜ ਮੈਂ ਇਸ ਤਰ੍ਹਾਂ ਹੀ ਕਰਨਾ ਹੁੰਦਾ ਹੈ ਪਰ 'ਸਾਧ ਦੇ ਇੱਖਾਂ' ਕੋਲ ਆ ਕੇ ਅਸੀਂ (ਬਿਮਲਾ ਤੇ ਮੈਂ) ਫੱਟੀਆਂ ਦੀਆਂ ਨੁਕਰਾਂ ਮਾਰ ਮਾਰ ਰੇਤ ਵਿਚ ਟੋਹਣਾ ਪੁੱਟ, ਖ਼ਤ ਫਾੜ, ਟੁਕੜੇ ਟੁਕੜੇ ਕਰ, ਉਸ ਵਿਚ ਦੱਬ ਦਿੰਦੀਆਂ ਹਾਂ ਤੇ ਪੈਸੇ ਖ਼ਰਚ ਲੈਂਦੀਆਂ ਹਾਂ।

ਕਈ ਦਿਨ ਲੰਘ ਜਾਂਦੇ ਹਨ। ਹੁਣ ਮੈਂ ਉਸ ਔਰਤ ਤੋਂ ਕੰਨੀ ਕਤਰਾਉਣ ਲਗਦੀ ਹਾਂ – ਹਰ ਵੇਲੇ ਅੰਦਰ ਇਕ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਮਿਲ ਨਾ ਜਾਏ। ਇਕ ਦਿਨ ਚਾਣਚੱਕ ਉਹ ਖੇਤਾਂ ਤੋਂ ਆਉਂਦੀ, ਟੱਕਰਗੀ ਮੂਹਰੇ –

"ਭਾਈ ਮੁੰਨੀ ਖ਼ਾਤ ਪਾ ਤਾ ਸੀ ਉਦਣੇ ?"

"ਕਿਉਂ ? ਹਾਂ।"

"ਤੇਰੇ ਬਾਈ ਦਾ ਖ਼ਤ ਆਇਆ ਕਹਿੰਦਾ ਬਹੁਤ ਚਿਰ ਤੋਂ ਕੋਈ ਖ਼ਤ ਨੀ ਆਇਆ।"

"ਆਪਾਂ ਤਾਂ ਪਾ ਤਾ ਸੀ – ਫੇਰ ਪਤਾ ਨੀ ਕਿਉਂ ਨੀ ਮਿਲਿਆ ਹੋਣਾ।" ਆਖ ਮੈਂ ਇੰਜ ਦੌੜ ਜਾਂਦੀ ਹਾਂ ਜਿਵੇਂ ਬਿਨਾਂ ਪੈਰਾਂ ਦੇ ਚੋਰ।

ਹੁਣ ਬਹੁਤ ਦਿਨ ਲੰਘ ਜਾਂਦੇ ਹਨ, ਉਹ ਖ਼ਤ ਲਿਖਵਾਉਣ ਨੂੰ ਨਹੀਂ ਬਲਾਉਂਦੀ – ਮੈਂ ਮਨ ਹੀ ਮਨ ਬਹੁਤ ਖੁਸ਼ ਹੁੰਦੀ ਹਾਂ ਤੇ ਰੱਬ ਦਾ ਸ਼ੁਕਰ ਮਨਾਉਂਦੀ ਹਾਂ – ਚਲੋ ਜਾਨ ਛੁੱਟ ਗਈ ਜਿਵੇਂ ਬਹੁਤ ਵੱਡੀ ਮੁਸੀਬਤ ਤੋਂ ਬਚ ਗਈ ਹੋਵਾਂ।

ਪਰ ਫੇਰ ਇਕ ਦਿਨ ਅਚਾਨਕ ਬੀਜੀ ਦਾ ਹੁਕਮ ਹੋ ਜਾਂਦਾ ਹੈ ਉਸ ਦੇ ਘਰ ਜਾਣ ਨੂੰ ਤੇ ਖ਼ਤ ਲਿਖ ਕੇ ਆਉਣ ਨੂੰ –

ਹੁਣ ਕੀ – ਹੁਣ ਤਾਂ ਬਿੱਜ ਪੈ ਗਈ ਹੈ – ਮੇਰੇ 'ਤੇ। ਮੈਂ ਜਮ੍ਹਾ ਈ – ਚੁੱਪ ਗੜੁੱਪ ਜਿਵੇਂ ਸੱਪ ਸੁੰਘ ਗਿਆ ਹੋਵੇ – ਨਾ ਹਾਂਅ, ਨਾ ਨਾਂਅ, ਮੈਂ ਟਾਲ ਮਟੋਲ ਕਰਦੀ ਫਿਰੀ ਜਾਵਾਂ ਤੇ ਬੀਜੀ ਮੈਨੂੰ ਜਾਣ ਲਈ ਕਹੀ ਜਾਣ – ਜਿਵੇਂ ਜਿਵੇਂ ਉਨ੍ਹਾਂ ਨੂੰ ਕੰਮ ਕਰਦੇ ਖਿਆਲ ਆਉਂਦਾ – ਕਹਿੰਦੇ – ਜਦੋਂ ਉਨ੍ਹਾਂ ਦੇ ਵਾਰ ਵਾਰ ਕਹਿਣ 'ਤੇ ਵੀ ਮੈਂ ਨਹੀਂ ਜਾਂਦੀ ਤਾਂ ਹੁਣ ਬੀਜੀ ਮੈਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਣ ਲਗਦੇ, ਪੁੱਛਦੇ – ਮੈਂ ਜਾ ਕਿਉਂ ਨਹੀਂ ਰਹੀ। ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ – ਮੇਰੀ ਹਾਲਤ। ਮੈਂ ਜਾਂਦੀ ਹਾਂ ਤਾਂ ਮਰਦੀ ਹਾਂ ਨਹੀਂ ਜਾਂਦੀ ਹਾਂ ਤਾਂ – ਦੱਸ ਤਾਂ ਕੀ – ਡਰੀ ਬੈਠੀ ਹਾਂ। ਡਰ ਵੀ ਤਾਂ ਕਈ ਇਕੱਠੇ ਹੋਏ ਪਏ ਹਨ – ਖ਼ਾਸ ਕਰ ਉਹ ਖ਼ਤ ਫਾੜਨਾ – ਪੈਸੇ ਖ਼ਰਚ ਕਰਨੇ। ਜੇ ਬੀਜੀ ਨੂੰ ਪਤਾ ਲੱਗ ਗਿਆ ਫੇਰ... ਫੇਰ...

ਹੁਣ ਬੀਜੀ ਪੁੱਛਦੇ ਹਨ, ਪਤਿਆਉਂਦੇ ਹਨ। ਮੈਂ ਤਾਂ ਡੁੰਨ-ਵੱਟਾ ਬਣੀ ਬੈਠੀ ਹਾਂ। ਉਚਰ ਹੀ ਨਹੀਂ ਰਹੀਂ ਕੁਝ ਬੂਥੇ ਤੋਂ। ਬੀਜੀ ਦੇ ਮੂੰਹ ਵੱਲ ਝਾਕ ਰਹੀ ਹਾਂ – ਡੈਬਰਿਆ ਵਾਂਗ। ਬੀਜੀ ਭਾਪ ਲੈਂਦੇ ਹਨ – ਜ਼ਰੂਰ ਦਾਲ ਵਿਚ ਕੁਝ ਕਾਲਾ ਹੈ। ਆਖਰ ਨਾ ਜਾਣ ਦਾ ਮਨ ਬਣਾ ਤੇ ਜਾਨ ਛਡਾਉਣ ਲਈ ਮੈਂ ਬੀਜੀ ਨੂੰ ਸ਼ੁਰੂ ਤੋਂ ਅਖੀਰ ਤੱਕ ਸਾਰੀ ਕਹਾਣੀ ਕਹਿ ਦਿੰਦੀ ਹਾਂ– ਗੀਤਾਂ ਬੋਲੀਆਂ ਤੋਂ ਲੈ ਪੈਸੇ ਖਰਚਣ ਤੱਕ ਸਾਰੀ– ਸੱਚੋ ਸੱਚ।

ਪਤਾ ਨਹੀਂ ਬੀਜੀ ਨੂੰ ਕੀ ਚੰਗਾ ਲਗਦਾ ਹੈ ਕੀ ਬੁਰਾ ਉਹ ਮੈਨੂੰ ਕੁਝ ਨਹੀਂ ਕਹਿੰਦੇ – ਇਹ ਅਸੀਂ ਸਾਰੇ ਭੈਣ ਭਰਾ ਜਾਣਦੇ ਹਾਂ। ਸੱਚ ਬੋਲਣ ਤੇ ਬੀਜੀ, ਭਾਪਾ ਜੀ ਸਾਨੂੰ ਕੁਝ ਨਹੀਂ ਕਹਿੰਦੇ ਹਨ ਭਾਵੇਂ ਕਿੱਡੀ ਵੱਡੀ ਗਲਤੀ ਕਿਉਂ ਨਾ ਹੋ ਜਾਏ – ਤੇ ਜੇ ਝੂਠ ਬੋਲੋ – ਝੂਠ ਬੋਲਣ ਤੋਂ ਤਾਂ ਉਹ ਸਦਾ ਹੀ ਰੋਕਦੇ ਰਹਿੰਦੇ ਹਨ ਸਾਨੂੰ ਤੇ ਜਦ ਝੂਠ ਬੋਲਦੇ ਅਸੀਂ ਫੜੇ ਜਾਂਦੇ ਹਾਂ ਤਾਂ ਰੱਜ ਕੇ ਕੁਟਾਪਾ ਚੜ੍ਹਦਾ ਫੇਰ। ਸੋ ਸੱਚ ਬੋਲਣ ਵਿਚ ਹੀ ਭਲਾਈ ਹੈ, ਇਹੋ ਜਾਣ– ਇਹੋ ਕਰਦੇ ਫੇਰ ਅਸੀਂ –ਅੰਤ ਨੂੰ।

ਫੇਰ ਪਤਾ ਨਹੀਂ ਕੀ ਹੁੰਦਾ ਹੈ। ਮੈਂ ਨਹੀਂ ਜਾਣਦੀ ਹਾਂ ਪਰ ਉਸ ਤੋਂ ਬਾਅਦ 'ਉਸ' ਨੇ ਕਦੀ ਮੈਨੂੰ ਖ਼ਤ ਲਿਖਣ ਲਈ ਨਹੀਂ ਬੁਲਾਇਆ। ਉਂਜ ਉਹ ਸਾਡੇ ਘਰ ਉਸੇ ਤਰ੍ਹਾਂ ਆਉਂਦੀ ਰਹਿੰਦੀ ਹੈ – ਹੁਣ ਵੀ – ਜਿਵੇਂ ਪਹਿਲਾਂ – ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ ਪਰ ਹੁਣ ਮੈਂ ਉਸ ਦੇ ਸਾਹਮਣੇ ਹੀ ਨਹੀਂ ਜਾਂਦੀ, ਵਾਹ ਲਗਦੇ। ਜਦੋਂ ਉਹ ਆਉਂਦੀ ਮੈਂ ਬਾਹਰ ਭੱਜ ਜਾਂਦੀ ਹਾਂ – ਜਾਂ ਅੰਦਰ ਹੀ ਲੁਕੀ ਬੈਠੀ ਰਹਿੰਦੀ ਹਾਂ ਪਰ ਸੋਚਦੀ ਰਹਿੰਦੀ ਹਾਂ ਹਰ ਵੇਲੇ –

ਹੁਣ ਉਹ ਕੀਹਨੂੰ ਬੁਲਾਉਂਦੀ ਹੋਵੇਗੀ ਖ਼ਤ ਲਿਖਣ ਲਈ। ਉਹੀ ਗੱਲਾਂ ਉਹੀ ਖ਼ਤ ਮੈਂ ਨਾ ਲਿਖਦੀ ਹੋਈ ਵੀ ਲਿਖਦੀ ਰਹਿੰਦੀ ਹਰ ਵੇਲੇ – ਖ਼ਬਰੇ ਹੁਣ ਉਹ ਖ਼ਤ ਪਾਉਂਦੀ ਹੀ ਨਾ ਹੋਵੇ, ਖ਼ਬਰੇ...ਖ਼ਬਰੇ... ਖ਼ਬਰੇ...ਕੀ...ਕੀ...

ਮੈਂ ਆਪਣੇ ਮਨ ਨਾਲ ਹੀ ਮਨੌਤੀਆਂ ਕਰਦੀ ਰਹਿੰਦੀ ਹਰ ਵੇਲੇ – ਜਿਵੇਂ ਉਸ ਕਹਾਣੀ ਨਾਲੋਂ ਟੁੱਟ ਕੇ ਵੀ ਕਦੇ ਨਹੀਂ ਟੁੱਟੀ ਹੋਵਾਂ ਮੈਂ – ਸ਼ਾਇਦ ਅੱਜ ਤੱਕ ਵੀ ਨਹੀਂ...

## ਕਣਕ ਤਾਂ ਭਾਈ

ਕਣਕਾਂ ਪੱਕੀਆਂ ਨੀ – ਵਢਾਈਆਂ ਸ਼ੁਰੂ ਹੋਈਆਂ ਨੀ– ਸਾਡੀ ਕਣਕ ਤਾਂ ਮਾੜੀ ਮੋਟੀ ਜਿਹੜੀ ਹੁੰਦੀ ਹੈ – 'ਨੁਆਣਾ' ਆਲੇ ਖੇਤਾਂ ਵਿਚ ਹੀ ਹੁੰਦੀ ਹੈ।

'ਵਢਾਈ' ਘਰ ਦੇ ਆਦਮੀ ਤੀਵੀਆਂ ਸਭ ਮਿਲ ਕੇ ਕਰਦੇ ਹਨ ਤੇ ਵਢਾਈਆਂ ਦੇ ਦਿਨਾਂ ਵਿਚ ਅਸੀਂ ਵੀ ਚਲੇ ਜਾਂਦੇ ਹਾਂ ਆਪਣੇ ਖੇਤਾਂ ਵਿਚ – ਕੱਖਾਂ ਨੂੰ ਵੀ ਤੇ ਉਂਜ ਵੀ, ਆਨੇ ਬਹਾਨੇ – ਨਾਲੇ ਸਕੂਲਾਂ ਵਿਚ ਵੀ ਤਾਂ ਛੁੱਟੀਆਂ ਹੀ ਹੁੰਦੀਆਂ ਹਨ



– "ਵਢਾਈਆਂ ਦੀਆਂ ਛੁੱਟੀਆਂ।"

ਦੁਪਹਿਰਾਂ ਹੋਣ ਤੱਕ ਇਕ 'ਝੱਟ' ਮੁੱਕ ਜਾਂਦੀ ਹੈ। ਘੜੀ ਭਰ ਥੋੜ੍ਹਾ ਅਰਾਮ ਕਰਦੇ ਹਨ ਸਾਰੇ – ਲੱਸੀ ਪਾਣੀ ਪੀਂਦੇ ਹਨ – ਐਧਰ ਖੂਹ 'ਤੇ ਆ – ਤੂਤ ਦੀ ਛਾਵੇਂ।

"ਚੱਲ ਜਿੰਦਰ, ਬੇਲੇ ਤੋਂ ਖ਼ਰਬੂਜ਼ੇ ਲਿਆਈਏ।" ਬੂਆ ਕਹਿੰਦੀ ਹੈ।

ਨੁਆਣਾ ਵਾਲੇ ਸਾਡੇ ਖੇਤ ਉਂਜ ਤਾਂ ਬਜਾਬਤ ਪਿੰਡ ਨਾਲ ਲਗਦੇ ਹਨ ਪਰ ਬੇਲਾ ਵੀ ਐਧਰ ਨੇੜੇ ਹੀ ਪੈਂਦਾ ਹੈ। ਬੂਆ ਕਣਕ ਦੀ ਨਿੱਕੀ ਜਿਹੀ 'ਸੱਥਰੀ' ਚੁੱਕ ਲੈਂਦੀ ਹੈ–

ਕਣਕ ਵੱਟੇ ਅਸੀਂ ਖ਼ਰਬੂਜੇ ਖਰੀਦ ਲੈਂਦੀਆਂ ਹਾਂ। ਇਕ ਇਕ ਖਰਬੂਜਾ – ਮੁੱਕੀ ਮਾਰ 'ਭੰਨ' ਖਾ ਲੈਂਦੀਆਂ ਹਾਂ ਉਥੇ ਹੀ, ਬੈਠ ਕੇ।

ਹੁਣ ਖੇਤ ਪੁੱਜਦੀਆਂ ਹਾਂ।

"ਕਹੇ ਜੇ ਆ ਖਰਬੂਜੇ ? ਮਿੱਠੇ ਵੀ ਲਿਆਈਆਂ ਕਿ ਨਹੀਂ ?" ਤਾਈ ਪੁੱਛਦੀ ਹੈ।

"ਮਿੱਠੇ ਹੀ ਹੋਣਗੇ – ਆਪਾਂ ਕਿਹੜਾ ਖਾ ਕੇ ਦੇਖੇ।" ਮੈਂ ਫਟਾਫਟ ਚਤਰਾਈ ਘੋਟਦੀ ਹਾਂ। "ਅੱਛਾਂ ਤਾਂ ਖਾ ਕੇ ਨਹੀਂ ਦੇਖੇ ?" ਭਾਬੀ ਮੇਰੀ ਗਲ ਤੋਂ ਰਤਾ ਗਰਦਨ ਵਾਲੇ ਪਾਸਿਓਂ ਖ਼ਰਬੂਜੇ ਦਾ ਬੀਜ ਚੁੱਕ ਮੇਰੀ ਤਲੀ 'ਤੇ ਧਰਦੀ ਹੈ– ਆਦਤ ਮੁਜਬ ਮੁਸਕੜੀਆਂ ਹੱਸਦੀ ਹੈ। ਸਾਰੇ ਹੀ ਹੱਸਣ ਲਗ ਜਾਂਦੇ ਹਨ ਤੇ ਬੂਆ ਵੀ। ਮੈਂ ਬੂਆ ਦੇ ਮੂੰਹ ਵੱਲ ਦੇਖਦੀ ਹਾਂ – ਸ਼ਰਮਿੰਦਾ ਹੋਈ – ਜਿਵੇਂ ਮੈਂ ਕਹਿ ਰਹੀ ਹੋਵਾਂ, "ਬੂਆ ਮੈਂ ਨਹੀਂ ਦਸਿਆ, ਇਹ ਤਾਂ ਇਸ ਖਸਮਖਾਣੇ 'ਬੀਜ' ਨੇ ਚੁਗਲੀ ਖਾਧੀ ਹੈ।" – ਮੈਨੂੰ ਤਾਂ ਐਨ ਯਾਦ ਹੈ – ਬੂਆ ਨੇ ਆਉਂਦੇ ਆਉਂਦੇ ਰਾਹ ਵਿਚ ਸਮਝਾਇਆ ਨਾਲੇ ਕਿਹਾ ਸੀ, "ਦੱਸੀਂ ਨਾ ਕਿਸੀ ਨੂੰ ਬਈ, ਅਸੀਂ ਖ਼ਰਬੂਜ਼ੇ ਖਾ ਕੇ ਆਈਆਂ ਹਾਂ।" –ਤੇ ਬੂਆ ਨੂੰ ਹੱਸਦਿਆਂ ਦੇਖ ਹੁਣ ਮੈਂ ਵੀ ਝਿੱਥਾ ਜਿਹਾ ਹਾਸਾ ਹੱਸਣ ਲੱਗਦੀ ਹਾਂ।

ਇੰਜ ਵਢਾਈਆਂ ਨੂੰ ਕਦੇ ਕਦੇ ਖੇਤਾਂ ਵਿਚ ਬੇਰ ਵੀ ਵਿਕਣੇ ਆ ਜਾਂਦੇ ਹਨ– ਗੋਲੂ ਬੇਰ ਤੇ ਲੰਮਚੂ ਵੀ – ਤੀਵੀਆਂ ਆਦਮੀ ਝੋਲੀਆਂ ਭਰੀ ਵੇਚਦੇ ਫਿਰਦੇ ਹਨ– ਕਣਕ ਵੱਟੇ।

ਖੇਤਾਂ ਵਿਚ ਕੰਮ ਕਰਦਿਆਂ ਨੂੰ ਇਹ ਨਿਆਮਤਾ ਵਰਗਾ ਲਗਦਾ ਹੈ – ਸਭੋ ਕੁਝ।

ਉਂਜ ਸਾਡੇ ਘਰਾਂ ਦੇ ਸਾਹਮਣੇ ਵਾਲੇ ਖੇਤਾਂ ਵਿਚ ਜੀਹਨੂੰ "ਸਾਹਮਣਾ" ਕਹਿੰਦੇ ਹਨ ਇੱਥੇ ਵੀ ਕਣਕ ਹੁੰਦੀ ਹੈ ਪਰ 'ਕਲਰ' ਹੋਣ ਕਰਕੇ ਬਹੁਤੀ ਵਧੀਆ ਨਹੀਂ – ਛਿੱਦੀ ਛਿੱਦੀ ਆਮ ਜਿਹੀ। ਕਣਕ ਵੱਢਣ ਪਿੱਛੋਂ ਇੱਥੇ ਹੀ 'ਪਿੜ' ਲਗਦੇ ਹਨ – ਆਪਣੇ ਆਪਣੇ ਪਿੜ – ਕਣਕਾਂ ਦੀਆਂ ਭਰੀਆਂ ਨਾਲ 'ਵਗਲ' ਕਰ ਕਰ ਕੇ।

ਇੱਥੇ 'ਪਰਿਆਂ' ਵਿਚ ਫੇਰ ਸਾਰੀ ਸਾਰੀ ਰਾਤ 'ਗਹਾਈ' ਹੁੰਦੀ ਰਹਿੰਦੀ ਹੈ, 'ਗਾਹ' ਪਾਏ ਜਾਂਦੇ ਹਨ।

ਕੋਠੇ 'ਤੇ ਬੈਠੇ ਅਸੀਂ ਗਈ ਰਾਤ ਤੱਕ ਦੇਖਦੇ ਰਹਿੰਦੇ ਹਾਂ ਇਹ ਨਜ਼ਾਰਾ – ਬੌਲਦਾਂ ਦੇ ਗਲਾਂ ਦੀਆਂ ਟੱਲੀਆਂ, ਘੁੰਗਰਾਲਾ, ਖੜਕਣ ਦੀਆਂ ਆਵਾਜ਼ਾਂ – ਟਿਕੀ ਰਾਤ ਵਿਚ ਗੱਲਾਂ ਕਰਦੇ ਆਦਮੀ – ਕਦੀ ਆਪੋ ਵਿਚ ਕਦੀ ਬਲਦਾਂ ਨਾਲ – ਪਿੜਾਂ ਵਿਚ ਪਈਆਂ ਲਾਲਟੈਣਾਂ ਦੀ ਝਿਲਮਿਲ ਝਿਲਮਿਲ – ਜਿਵੇਂ ਕਿਤੇ ਪੱਟ-ਬੀਜਣਿਆਂ ਨਾਲ ਖਹਿਬੜਖਹਿ ਕਰ ਰਹੀਆਂ ਹੋਣ– ਫੇਰੇ ਵੱਡੀ ਰਾਤ ਤੱਕ ਲੱਗੀ ਰਹਿੰਦੀ ਹੈ– ਆਵਾਜਾਈ ਪਿੜਾਂ ਵੱਲ।

ਰਾਤਾਂ ਨੂੰ 'ਗਹਾਈ' – ਫੇਰ ਜਦ ਦਿਨ ਵੇਲੇ ਤੇਜ਼ ਪੌਣ ਚਲਦੀ ਹੈ – ਉਡਾਈ ਜਾਂਦੀ ਛੱਜਾਂ ਤੰਗਲੀਆਂ ਨਾਲ ਕਣਕ – ਦਾਣੇ, ਘੁੰਡੀਆਂ – ਤੂੜੀ ਵੱਖ ਕਰਨ ਦਾ ਸਿਲਸਿਲਾ ਜਾਰੀ ਰਹਿੰਦਾ ਕਈ ਕਈ ਦਿਨਾਂ ਤੱਕ।

ਬੋਰੇ ਭਰ ਭਰ– ਗੱਠਾਂ ਭਰ ਭਰ – ਗੱਡੇ ਲੱਦ ਲੱਦ – ਪੁੱਜ ਜਾਂਦੀ ਹੈ ਤੂੜੀ– ਕੋਠਿਆਂ ਕੁੱਪਾਂ ਵਿਚ ਸਾਂਭਣ ਨੂੰ ਤੇ ਕਣਕ – ਬੋਰੀਆਂ ਭਰ ਭਰ ਘਰਾਂ ਕੋਠੀਆਂ ਤੇ ਮੰਡੀਆਂ ਵਿਚ।

ਬਾਈ (ਨਾਨਾ ਜੀ) ਅਕਸਰ ਕਹਿੰਦੇ, "ਕਣਕ ਤਾਂ ਭਾਈ 'ਕੋਠੀਆਂ' ਵਿਚ ਆ ਕੇ ਵੀ ਕਈ ਕਈ ਮਹੀਨੇ ਕੰਬਦੀ ਰਹਿੰਦੀ ਹੈ।"

ਇੰਜ ਬਾਈ ਉਦੋਂ ਹੀ ਕਹਿੰਦਾ ਜਦੋਂ ਕਦੀ ਪੱਕੀ ਖੜ੍ਹੀ ਫਸਲ ਤੇ ਜਾਂ ਖੇਤਾਂ ਪਿੜਾਂ ਵਿਚ ਪਈਆਂ ਭਰੀਆਂ 'ਤੇ – ਅਚਾਨਕ ਰੱਬ ਦਾ ਕਹਿਰ ਬਰਸਦਾ– ਗੜ੍ਹੇਮਾਰ ਹੋ ਜਾਂਦੀ – ਮੀਂਹ ਪੈ ਜਾਂਦਾ –ਤੇ ਵਿਚਾਰੇ ਜ਼ਿਮੀਦਾਰ, ਕਿਸਾਨ ਹਾਲ-ਪਾਰਿਆ ਕਰਦੇ ਨਾ ਥੱਕਦੇ। ਗੜੇ-ਮਾਰ ਫਸਲ ਤੇ ਨਾ ਹੁੰਦੀ ਸਗੋਂ ਉਨ੍ਹਾਂ ਦੀ ਸਾਲ ਭਰ ਦੀ ਕਮਾਈ – ਉਨ੍ਹਾਂ ਦੀ ਅੰਤਾਂ ਦੀ ਮਿਹਨਤ ਤੇ ਹੋ ਰਹੀ ਹੁੰਦੀ ਹੋਵੇ ਜਿਵੇਂ – ਪਰ ਕੌਣ ਸਾਹਿਬ ਨੂੰ ਆਖੇ, "ਇੰਜ ਨਹੀਂ ਇੰਜ ਕਰ।"

## ਅੱਗੇ ਦੀਵਾ ਬਲਦਾ ਏ

ਬੱਚੇ ਤੇ ਖੇਡਾਂ ਇੱਕੋ ਸਿੱਕੇ ਦੇ ਦੋ ਪਹਿਲੂ – ਨਾ ਇਨ੍ਹਾਂ ਦਾ ਕੋਈ ਵੱਖਰਾ ਦੇਸ, ਨਾ ਧਰਮ, ਨਾ ਜਾਤ ਪਾਤ, ਨਾ ਕੋਈ ਵੱਡਾ ਪਾੜ – ਬੱਸ ਬੱਚੇ, ਬੱਚੇ ਹਨ, ਖੇਡਾਂ, ਖੇਡਾਂ – ਨਹੁੰ ਮਾਸ ਦਾ ਰਿਸ਼ਤਾ।

ਪਿੰਡ ਅਸੀਂ ਬਹੁਤ ਸਾਰੀਆਂ ਖੇਡਾਂ ਖੇਡਦੇ ਹਾਂ। ਕੁੜੀਆਂ ਮੁੰਡੇ ਮਿਲਕੇ ਵੀ (ਛੋਟੇ ਵੱਡੇ ਸਾਰੇ ਨਿਆਣੇ) – ਤੇ ਅਸੀਂ ਕੁੜੀਆਂ ਇਕੱਲੀਆਂ ਵੀ। ਇਕੱਲੀਆਂ ਤਾਂ ਬਸ ਅਸੀਂ ਗੁੱਡੀ-ਪਟੋਲੇ ਹੀ ਖੇਡਦੀਆਂ ਹਾਂ ਸਾਰੀ ਸਾਰੀ ਦੁਪਹਿਰ – ਡੰਗਰਾਂ ਵਾਲੇ ਕੋਠੇ ਵਿਚ, ਲੁੱਕ ਲੁੱਕ ਕੇ – ਉਂਜ ਅਸੀਂ ਅਕਸਰ ਸੰਝਾਂ ਨੂੰ ਦੇਰ ਰਾਤ ਤੱਕ ਲੁੱਕਣ ਮੀਟੀ, ਪੀਲ ਪਲੰਘੜਾ, ਊਚ ਨੀਚ, ਧੁੱਪ ਛਾਂ, ਦਾਂਈ ਦੱਕੜੇ, ਛੂਹਣ-ਛੁਹਾਈ, ਕੋਕਲਾ-ਛਪਾਕੀ, ਭੰਡਾ ਭੰਡਾਰੀਆ, ਮਾਈ ਮਾਈ ਕੀ ਟੋਲਦੀ, ਡੁੱਗਣ-ਬੀਟੀ, ਗੀਠੇ, ਅਖਰੋਟ ਤੋਂ ਲੈ 'ਬਾਬੇ ਨਾਨਕ ਦਾ ਘਰ' ਟੋਲਣ ਤੱਕ (ਅੱਗੇ ਦੀਵਾ ਬਲਦਾ ਏ, ਚੰਡੋਲ ਪਾਣੀ ਭਰਦਾ ਏ) ਕਿੰਨੀਆਂ ਸਾਰੀਆਂ ਖੇਡਾਂ – ਸਾਡੇ ਮਨੋਰੰਜਨ ਦਾ ਸਾਧਨ ਹੁੰਦੀਆਂ।

ਪਰ ਕੁੜੀਆਂ ਦੀ ਸਭ ਤੋਂ ਪਿਆਰੀ ਖੇਡ ਹੁੰਦੀ ਹੈ ਗੁੱਡੀ-ਪਟੋਲੇ – ਘਰਾਂ ਬਾੜਿਆਂ ਚੁਬਾਰਿਆਂ ਦੇ ਲੁਕਵੇਂ ਕੋਨੇ – ਜਿੱਥੇ ਹੁੰਦੀ ਹੈ ਉਨ੍ਹਾਂ ਦੀ ਇਕ ਵੱਖਰੀ ਦੁਨੀਆਂ। ਗੁੱਡੀ ਪਟੋਲੇ ਤਾਂ ਅਸੀਂ ਬਹੁਤ ਨਿੱਕੇ ਹੁੰਦੇ ਤੋਂ ਖੇਡਦੀਆਂ ਹਾਂ ਲਹੌਰ ਤੋਂ ਹੀ – ਆਪਣੀ ਸਹੇਲੀਆਂ ਰਜ਼ੀਆ, ਮੁਨੀਫ਼ੀਆ ਹੋਰਾਂ ਤੋਂ ਲੈ ਕੇ –

ਪਰ ਇੱਥੇ ਪਿੰਡ ਆ ਜਦੋਂ ਦੁਪਹਿਰਾਂ ਨੂੰ ਸਭ ਸੌਂ ਜਾਂਦੇ ਤਾਂ ਸਾਡੀ ਖੇਡ ਸ਼ੁਰੂ ਹੋ ਜਾਂਦੀ – ਐਧਰ ਬਹਾਲ ਸਿਓਂ ਤਾਇਆ ਜੀ ਹੋਰਾਂ ਦੇ ਡੰਗਰਾਂ ਵਾਲੇ ਕੋਠੇ ਵਿਚ – ਦੁਪਹਿਰਾਂ ਨੂੰ ਅਤਿ ਠੰਢੇ ਕੋਠੇ – ਜਿੱਥੇ ਨਾ ਕਿਸੀ ਦੀ ਰੋਕ ਹੁੰਦੀ ਨਾ ਟੋਕ।

ਦੋ ਦੋ ਟੋਲੇ ਬਣਾ ਅਸੀਂ ਗੁੱਡੇ – ਗੁੱਡੀਆਂ ਦੇ ਵਿਆਹ ਰਚਾਉਂਦੀਆਂ ਹਾਂ – ਸਾਰੇ ਕਾਰਜ-ਸ਼ਗਨ ਕਰਦੀਆਂ ਹਾਂ – ਸ਼ੁਰੂ ਤੋਂ ਅੰਤ ਤੀਕ– ਆਪਣੀ ਸਮਝ ਅਨੁਸਾਰ।

ਘੋੜੀਆਂ ਗੀਤ ਸੁਹਾਗ ਸਿੱਠਣੀਆਂ ਸਭ – ਜੋ ਆਮ ਵਿਆਹਾਂ ਵਿਚ ਦੇਖਦੀਆਂ ਸੁਣੀਦੀਆਂ – ਤੇ ਗਿੱਧਾ ਪਾ ਪਾ ਧਰਤੀ ਪੱਟ ਦਿੰਦੀਆਂ ਸਾਰੀ ਸਾਰੀ ਦਪਹਿਰ – ਨਾ ਅੱਕਦੀਆਂ, ਨਾ ਥੱਕਦੀਆਂ – ਜਦ ਤੱਕ – ਜਦ ਤੱਕ ਹਾਕਾਂ ਮਾਰ ਮਾਰ ਘਰ ਦੇ ਸਾਨੂੰ ਨਾ ਲੈ ਜਾਂਦੇ।

ਪਿੱਪਲ ਦੇ ਪੱਤਿਆਂ ਦੇ ਕੋਕਲੇ ਬਣਾ – ਕੰਨੀ ਪਾਉਂਦੀਆਂ – ਸਜਣ ਲਈ – ਪੈਰਾਂ ਵਿਚ ਕਿੱਕਰਾਂ ਦੇ ਸੁੱਕੇ ਤੁੱਕੇ ਲਿਆ – ਧਾਗਿਆਂ ਨਾਲ ਬੰਨ ਬੰਨ 'ਤੋੜੇ' (ਝਾਂਜਰਾਂ) ਬਣਾਉਂਦੀਆਂ – ਨੱਚਦੀਆਂ – ਛਣਕਦੇ ਤੋੜੇ – ਧਮਾਲਾਂ ਪਾਉਂਦੀਆਂ ਅਸੀਂ, ਸਾਰੀ ਸਾਰੀ ਦੁਪਹਿਰ – ਨਾ ਸੌਂਦੀਆਂ ਨਾ ਆਸੇ ਪਾਸੇ ਹੋਰਾਂ ਨੂੰ ਅਰਾਮ ਕਰਨ ਦਿੰਦੀਆਂ ਭੋਰਾ – ਕਦੀ ਕਦੀ ਤਾਂ ਆ ਧਮਕਦੀ ਹੈ ਅੰਮਾ – ਝਿੜਕਦੀ – ਝੰਬਦੀ ਸੋਟੀ ਲੈ – "ਨਾ – ਕੀ ਧਰਤੀ ਪੱਟਣੀ ਲਈ ਆ ਤੁਸੀਂ – ਸਾਰੀ ਦੁਪਹਿਰ ਨੀ ਟਿਕਣ ਦਿੰਦੀਆਂ" ਤੇ ਸਾਨੂੰ ਉਹਦੀਆਂ ਗੱਲਾਂ ਸੁਣ ਹਾਸੀ ਆਉਂਦੀ ਤਾਂ ਅਸੀਂ ਹੋਰ ਵੀ ਹੱਸ ਹੱਸ ਦੂਹਰੀਆਂ ਚੌਹਰੀਆਂ ਹੁੰਦੀਆਂ, ਅੰਮਾ ਨੂੰ ਵੀ ਘੜੀਸ ਲੈਂਦੀਆਂ ਹਾਂ, "ਆਜਾ ਅੰਮਾ ਤੈਨੂੰ ਵੀ ਨਚਾਈਏ – ਸਾਡੇ ਗੁੱਡੇ ਦਾ ਵਿਆਹ ਹੈ।"

ਪਰ ਅੰਮਾ ਝੋਨਾ ਸੰਭਾਲਦੀ ਖ਼ਬਰੇ ਕੀ ਕੀ ਕਹਿੰਦੀ ਮੁੜ ਜਾਂਦੀ ਸਾਨੂੰ ਹਿੜ ਹਿੜ ਕਰਦੀਆਂ ਨੂੰ ਦੇਖ – ਝਿੜਕਾਂ ਦੇਂਦੀ ਦੁਆਂਦੀ – ਖ਼ਬਰਨੀ ਉਹਨੂੰ ਕਦੀ ਇਹ ਅਹਿਸਾਸ ਵੀ ਹੁੰਦਾ ਹੋਊ ਕਿ ਨਾ ਕਿ ਕਦੀ ਉਹ ਵੀ ਨਿਆਣੀ ਹੁੰਦੀ ਹੋਊ – ਸਾਡੇ ਵਰਗੀ ਹੀ ਕਿਤੇ – ਅੰਮਾ ਕੀ, ਇੱਥੇ ਤਾਂ ਕੋਈ ਆ ਜਾਏ ਕੀਹਨੇ ਹਟਣਾ ਹੁੰਦਾ ਹੈ – ਇਹ ਤਾਂ ਹੈ ਦੁਪਹਿਰਾਂ ਦਾ ਰੌਣਕ ਮੇਲਾ – ਜਦੋਂ ਵੀ ਮੌਕਾ ਲਗਦਾ, ਅਸੀਂ ਹੱਥੋਂ ਨਾ ਜਾਣ ਦਿੰਦੀਆਂ।

ਉਧਰ ਚੰਨ – ਚਾਨਣੀਆਂ ਰਾਤਾਂ ਵਿਚ ਤਾਂ ਅੱਧੀ ਅੱਧੀ ਰਾਤ ਤੱਕ ਖੇਡਦੇ ਰਹਿੰਦੇ ਅਸੀਂ ਨਿਆਣੇ, ਊਚ ਨੀਚ ਧੁੱਪ ਛਾਂ, ਕਾਵਾਂ ਰੌਲੀ ਮਚੀ ਰਹਿੰਦੀ ਹੈ ਸਾਡੇ ਐਧਰ ਲੇਡਣ ਬੂਆ ਦੇ ਬਾੜੇ ਵਿਚ – ਕਦ ਖਾਣਾ ਪੀਣਾ ਕਦ ਸੌਣਾ ਹੁੰਦਾ – ਕੌਣ ਜਾਣਦਾ, ਬਸ ਹਾਕਾਂ ਮਾਰ ਮਾਰ ਥੱਕ ਜਾਂਦੇ ਘਰਦੇ ਤੇ ਵਿਚ ਵਿਚ ਨੂੰ ਬੁੜੀਆਂ ਧੂ ਘੜੀਸ ਕਰਦੀਆਂ ਹੀ ਲੈ ਜਾਂਦੀਆਂ ਘਰਾਂ ਨੂੰ – ਖੇਡਦੇ ਨਿਆਣਿਆਂ ਨੂੰ, ਗਾਲ੍ਹਾਂ ਕੱਢਦੀਆਂ ਥੱਪੜ ਠੋਕਦੀਆਂ, ਲਟਾ-ਪੀਂਘ ਕਰਦੀਆਂ ਲਟਾ-ਪੀਂਘ ਹੁੰਦੀਆਂ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

## GIRL WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

## ਨੈਨੀ/ਬੇਬੀ ਸਿਟਰ ਦੀ ਜ਼ਰੂਰਤ

ਦੋ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਇੱਕ ਔਰਤ ਦੀ ਜ਼ਰੂਰਤ ਹੈ। ਰਿਹਾਇਸ਼ ਤੇ ਖਾਣਾ ਪੀਣਾ ਮੁਫਤ ਹੋਏਗਾ। ਲੋੜਵੰਦ ਸੱਜਣ ਇਸ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹਨ। +1 (612) 849-5258

## Seeking a Nanny/Babysitter

Wanted a Nanny for two small kids. Job included free accomodation and meals. Those interested can Call : 1 (612) 849-5258

## Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279


## ਭਾਰਤ ਤੇ ਚੀਨ ਆਪਸੀ ਦੋਸਤੀ ਵਧਾਉਣ ਬਾਰੇ ਸਹਿਮਤ

ਗਰੁੱਪ ਕਾਇਮ ਕਰਨ ਬਾਰੇ ਵਿਚਾਰ ਵਿਟਾਂਦਰਾ ਕੀਤਾ। ਦੋਵਾਂ ਆਗੂਆਂ ਨੇ ਦੋਵਾਂ ਦੇਸ਼ਾਂ ਵਿੱਚ ਆਪਸੀ ਵਿਸ਼ਵਾਸ ਵਧਾਉਣ ਲਈ ਵੀ ਕਦਮ ਚੁੱਕਣ ਬਾਰੇ ਗੱਲਬਾਤ ਕੀਤੀ।

ਸ੍ਰੀ ਜੈਸ਼ੰਕਰ ਨੇ ਦੱਸਆ ਕਿ ਦੋਵਾਂ ਆਗੂਆਂ ਨੇ ਹੀ ਮਹਿਸੂਸ ਕੀਤਾ ਹੈ ਕਿ ਡੋਕਲਾਮ ਵਰਗੇ ਵਿਵਾਦਾਂ ਤੋਂ ਭਵਿੱਖ ਵਿੱਚ ਬਚਣ ਲਈ ਫੌਜੀ ਪੱਧਰ ਉੱਤੇ ਮਜ਼ਬੂਤ ਸਹਿਯੋਗ ਅਤੇ ਸੰਚਾਰ ਕਾਇਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੋ ਗਵਾਂਢੀ ਦੇਸ਼ਾਂ ਜਾਂ ਵੱਡੀਆਂ ਸ਼ਕਤੀਆਂ ਵਿੱਚ ਆਪਸੀ ਮੱਤਭੇਦ ਉਪਜਣੇ ਲਾਜ਼ਮੀ ਹਨ ਅਤੇ ਇਹ ਆਪਸੀ ਸਮਝਦਾਰੀ ਨਾਲ ਇੱਕ ਦੂਜੇ ਦਾ ਸਤਿਕਾਰ ਕਰਦਿਆਂ ਸਾਂਝੇ ਤੌਰ ਉਤੇ ਹੀ ਨਜਿੱਠੇ ਜਾਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਦੋਵਾਂ ਦੇਸ਼ਾਂ ਨੇ ਮੱਤਭੇਦਾਂ ਨੂੰ ਵਿਵਾਦ ਬਣਨ ਤੋਂ ਰੋਕਣ ਲਈ ਵੀ ਆਪਸੀ ਸਹਿਯੋਗ ਉੱਤੇ ਜ਼ੋਰ ਦਿੱਤਾ।

### ਮਿਆਂਮਾਰ 'ਚ ਮੋਦੀ ਦਾ ਸਵਾਗਤ

ਨੇ ਪਾਈ ਤਾਵ, (ਮਿਆਂਮਾਰ): ਬਰਿੱਕਸ ਸੰਮੇਲਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਧਾ ਮਿਆਂਮਾਰ ਪੁੱਜੇ। ਉਨ੍ਹਾਂ ਮਿਆਂਮਾਰ ਦੇ ਰਾਸ਼ਟਰਪਤੀ ਹਤਿਨ ਕਾਈਆ ਨਾਲ ਇਤਿਹਾਸਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਵਿਚਾਰ ਵਿਟਾਂਦਰਾ ਕੀਤਾ। ਵਿਦੇਸ਼ ਵਿਭਾਗ ਦੇ ਬੁਲਾਰੇ ਰਵੀਸ਼ ਕੁਮਾਰ ਨੇ ਪ੍ਰਧਾਨ ਮੰਤਰੀ ਦੇ ਨੇ ਪਾਈ ਤਾਵ ਪੁੱਜਣ ਮੌਕੇ ਮਿਆਂਮਾਰ ਦੇ ਰਾਸ਼ਟਰਪਤੀ ਵੱਲੋਂ ਕੀਤੇ ਸਵਾਗਤ ਦੀਆਂ ਤਸਵੀਰਾਂ ਟਵੀਟ ਕੀਤੀਆਂ ਹਨ। ਇਸ ਮੌਕੇ ਦੋਵਾਂ ਆਗੂਆਂ ਨੇ ਗਾਰਡ ਆਫ ਆਨਰ ਦਾ ਵੀ ਮੁਆਇਨਾ ਕੀਤਾ। ਸ੍ਰੀ ਮੋਦੀ ਭਲਕੇ ਮਿਆਂਮਾਰ ਦੀ ਸਟੇਟ ਕੌਂਸਲਰ ਆਂਗ ਸਾਂਗ ਸੂ ਕੀ ਨਾਲ ਵੀ ਵੀਡੀਓ ਕਾਨਫਰੰਸ ਰਾਹੀਂ ਗੱਲਬਾਤ ਕਰਨਗੇ। ਮੋਦੀ ਪਹਿਲੀ ਵਾਰ ਦੁਵੱਲੇ ਦੌਰੇ ਉੱਤੇ ਮਿਆਂਮਾਰ ਗਏ ਹਨ। ਮਿਆਂਮਾਰ ਦੇ ਰਾਸ਼ਟਰਪਤੀ ਪਿਛਲੇ ਸਾਲ ਭਾਰਤ ਦੌਰੇ ਉੱਤੇ ਆਏ ਸਨ ਅਤੇ ਉਨ੍ਹਾਂ ਮੋਦੀ ਮਿਆਂਮਾਰ ਆਉਣ ਦਾ ਸੱਦਾ ਦਿੱਤਾ ਸੀ।

## ਟਰੰਪ ਨੇ ਪ੍ਰਵਾਸੀਆਂ ਉੱਤੇ ਚਲਾਇਆ ਕੁਹਾੜਾ

ਕਰ ਰਹੇ ਹਨ ਕਿ ਡਾਸਾ' (ਬੱਚਿਆਂ ਵਜੋਂ ਪਹੁੰਚੇ ਲੋਕਾਂ ਖਿਲਾਫ ਕਾਰਵਾਈ ਟਾਲਣਾ) ਵਜੋਂ ਜਾਣੇ ਜਾਂਦੇ ਇਕ ਪ੍ਰੋਗਰਾਮ ਜਿਹੜਾ ਓਬਾਮਾ ਪ੍ਰਸ਼ਾਸਨ ਵਲੋਂ ਲਾਗੂ ਕੀਤਾ ਗਿਆ ਸੀ ਨੂੰ ਰੱਦ ਕੀਤਾ ਜਾ ਰਿਹਾ ਹੈ। ਇਸ ਐਲਾਨ ਜਿਸ ਦਾ ਕੁਝ ਦਿਨ ਪਹਿਲਾਂ ਹੀ ਅਨੁਮਾਨ ਹੋ ਗਿਆ ਸੀ ਵਿਰੁੱਧ ਦੇਸ਼ ਭਰ ਵਿਚ ਮੁਜ਼ਾਹਰੇ ਹੋ ਰਹੇ ਹਨ। ਵਾਈਟ ਹਾਊਸ ਦੇ ਸਾਹਮਣੇ ਸੈਂਕੜੇ ਲੋਕਾਂ ਨੇ ਇਕੱਠੇ ਹੋ ਕੇ ਮੁਜ਼ਾਹਰਾ ਕੀਤਾ ਹੈ। ਸੈਸ਼ਨਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਨਿਆਂ ਵਿਭਾਗ ਨੇ ਰਾਸ਼ਟਰਪਤੀ ਅਤੇ ਗ੍ਰਹਿ ਸੁਰੱਖਿਆ ਬਾਰੇ ਵਿਭਾਗ ਨੂੰ ਸਲਾਹ ਦਿੱਤੀ ਹੈ ਕਿ ਗ੍ਰਹਿ ਵਿਭਾਗ ਨੂੰ ਮੀਮੋ ਜਿਹੜਾ ਇਸ ਪ੍ਰੋਗਰਾਮ ਦਾ ਅਧਿਕਾਰ ਦਿੰਦਾ ਹੈ ਨੂੰ ਰੱਦ ਕਰਨ ਸਮੇਤ ਆਮ ਮੁਆਫੀ ਪ੍ਰੋਗਰਾਮ ਨੂੰ ਖਤਮ ਕਰਨ ਦੀ ਪ੍ਰਕਿਰਿਆ ਲਾਗੂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਰਹੱਦ ਖੋਲ੍ਹਣ ਵਾਲੀ ਨੀਤੀ ਹੈ ਜਿਸ ਨੂੰ ਅਮਰੀਕੀ ਲੋਕਾਂ ਨੇ ਇਕ ਵੱਢਿਓਂ ਰੱਦ ਕਰ ਦਿੱਤਾ ਹੈ। ਇਸ ਲਈ ਇਕ ਦੇਸ਼ ਨੇ ਤੈਅ ਕਰਨਾ ਹੁੰਦਾ ਹੈ ਉਸ ਨੇ ਹਰੇਕ ਸਾਲ ਕਿੰਨੇ ਲੋਕਾਂ ਨੂੰ ਦਾਖਲ ਹੋਣ ਦਾ ਇਜਾਜ਼ਤ ਦੇਣੀ ਹੈ ਜਿਸ ਦਾ ਮਤਲਬ ਹਰ ਇਕ ਨੂੰ ਅਮਰੀਕਾ 'ਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

## ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਦੀ ਗੋਲੀ ਮਾਰ ਕੇ ਹੱਤਿਆ

ਹਿੰਦੂਤਵ ਬ੍ਰਿਗੇਡ ਦੀ ਆਲੋਚਕ ਵਜੋਂ ਜਾਣਿਆ ਜਾਂਦਾ ਸੀ। ਗੌਰੀ ਲੰਕੇਸ਼ ਜਾਣੇ-ਮਾਣੇ ਪੱਤਰਕਾਰ ਤੇ ਲੇਖਕ ਪੀ. ਲੰਕੇਸ਼ ਦੀ ਬੇਟੀ ਸੀ। ਜਾਣਕਾਰੀ ਮੁਤਾਬਿਕ ਗੌਰੀ ਲੰਕੇਸ਼ ਕਰੀਬ ਸਾਢੇ ਸੱਤ ਵਜੇ ਦੇ ਕਰੀਬ ਆਪਣੇ ਘਰ ਹੀ ਸੀ। ਇਸੇ ਦੌਰਾਨ ਤਿੰਨ ਲੋਕ ਉਸ ਦੇ ਘਰ ਆਏ ਤੇ ਉਸ ਨੂੰ ਬਾਹਰ ਬੁਲਾਇਆ। ਇਸੇ ਦੌਰਾਨ ਗੌਰੀ ਲੰਕੇਸ਼ ਦੀ ਉਨ੍ਹਾਂ ਲੋਕਾਂ ਨਾਲ ਝੜਪ ਹੋ ਗਈ ਤੇ ਉਨ੍ਹਾਂ ਲੋਕਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ। ਉਸ ਨੂੰ ਤਿੰਨ ਗੋਲੀਆਂ ਲੱਗੀਆਂ। ਬੈਂਗਲੁਰੂ ਦੇ ਪੁਲਿਸ ਕਮਿਸ਼ਨਰ ਨੇ ਇਸ ਵਾਰਦਾਤ ਦੀ ਪੁਸ਼ਟੀ ਕੀਤੀ ਹੈ। ਗੌਰੀ ਲੰਕੇਸ਼ ਦੀ ਹੱਤਿਆ ਦੀ ਪ੍ਰੈਸ ਕਲੱਬ ਆਫ ਇੰਡੀਆ ਨੇ ਨਿੰਦਾ ਕੀਤੀ ਹੈ। ਕਰਨਾਟਕ ਦੇ ਗ੍ਰਹਿ ਮੰਤਰੀ ਰਾਮਾਲਿੰਗਾ ਰੈਡੀ ਨੇ ਇਸ ਭਿਆਨਕ ਵਾਰਦਾਤ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਤਿੰਨ ਬਦਮਾਸ਼ਾਂ ਨੇ ਗੌਰੀ ਦੇ ਘਰ ਵਿੱਚ ਦਾਖਲ ਹੋ ਕੇ ਸੱਤ ਗੋਲੀਆਂ ਚਲਾਈਆਂ। ਇਨ੍ਹਾਂ ਵਿੱਚੋਂ ਤਿੰਨ ਗੋਲੀਆਂ ਗੌਰੀ ਲੰਕੇਸ਼ ਨੂੰ ਲੱਗੀਆਂ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਲੇ ਤੱਕ ਇਸ ਹੱਤਿਆ ਪਿਛਲੇ ਕਾਰਨਾਂ ਦਾ ਪਤਾ ਨਹੀਂ ਲਗ ਸਕਿਆ ਹੈ।

ਲੋਕ ਰਾਜ ਦਾ ਕਤਲ- ਮੁੱਖ ਮੰਤਰੀ

ਕਰਨਾਟਕ ਦੇ ਮੁੱਖ ਮੰਤਰੀ ਸਿਧਾਰਮੱਈਆ ਨੇ ਗੌਰੀ ਲੰਕੇਸ਼ ਦੀ ਹਤਿਆ ਦੀ ਕਰੜੀ ਨਿਖੇਧੀ ਕਰਦਿਆਂ ਇਸਨੂੰ ਲੋਕ ਰਾਜ ਦਾ ਕਤਲ ਕਰਾਰ ਦਿੰਦਿਆਂ ਕਿਹਾ ਕਿ ਕਾਤਲਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।

ਦੇਸ਼ ਵਿਆਪੀ ਨਿਖੇਧੀ

ਨਵੀਂ ਦਿੱਲੀ: ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੀ ਬੈਂਗਲੂਰੂ ਵਿੱਚ ਬੜੇ ਭੇਦ ਭਰੇ ਨਾਲ ਹਤਿਆ ਕੀਤੇ ਜਾਣ ਦੀ ਦੇਸ਼ ਭਰ ਵਿੱਚ ਕਰੜੀ ਨਿਖੇਧੀ ਕੀਤੀ ਜਾ ਰਹੀ ਹੈ। ਅਗਾਂਹਵਧੂ ਰਾਜਸੀ ਆਗੂਆਂ, ਸਮਾਜਿਕ ਸਖ਼ਸ਼ੀਅਤਾਂ, ਸੰਪਾਦਕਾਂ, ਪੱਤਰਕਾਰਾਂ, ਕਲਾਕਾਰਾਂ ਅਤੇ ਆਮ ਲੋਕਾਂ ਨੇ ਇਸ ਹਤਿਆ ਪਿੱਛੇ ਫਿਰਕੂ ਸ਼ਕਤੀਆਂ ਦਾ ਸਪੱਸ਼ਟ ਹੋਣ ਦਾ ਖਦਸ਼ਾ ਪ੍ਰਗਟਾਉਂਦਿਆਂ ਕਿਹਾ ਕਿ ਇਹ ਕਾਰਵਾਈ ਲੋਕ ਪੱਖੀ ਸਮਾਜਿਕ ਕਾਰਕੁਨਾਂ ਦੀ ਆਵਾਜ਼ ਬੰਦ ਕਰਨ ਦੀ ਕੋਝੀ ਕਾਰਵਾਈ ਹੈ।

## ਛੇਤੀ ਹੀ ਸ਼ੁਰੂ ਕੀਤੀ ਜਾਵੇਗੀ ਸੌਦਾ ਸਾਧ ਦੇ ਡੇਰੇ ਦੀ ਤਲਾਸ਼ੀ

ਸਿਰਸਾ ਵਿੱਚ ਭੜਕੀ ਹਿੰਸਾ ਦੇ ਮੱਦੇਨਜ਼ਰ ਸੈਨਾ ਦੀਆਂ ਦੋ ਟੁਕੜੀਆਂ ਤੋਂ ਇਲਾਵਾ ਦਸ ਅਰਧ ਸੈਨਕ ਬਲ ਦੀਆਂ ਟੁਕੜੀਆਂ ਤੇ ਪੰਜ ਹਰਿਆਣਾ ਪੁਲੀਸ ਦੀਆਂ ਟੁਕੜੀਆਂ ਤਾਇਨਾਤ ਹਨ। ਪ੍ਰਸ਼ਾਸਨ ਨੇ ਬਹੁਤੇ ਲੋਕਾਂ ਨੂੰ ਨਵੇਂ ਡੇਰੇ 'ਚੋਂ ਕੱਢ ਕੇ ਘਰਾਂ ਨੂੰ ਭੇਜ ਦਿੱਤਾ ਸੀ ਪਰ ਸੈਨਾ ਤੇ ਪੁਲੀਸ ਡੇਰੇ ਦੇ ਅੰਦਰ ਦਾਖ਼ਲ ਨਹੀਂ ਹੋਈ। ਹੁਣ ਅਦਾਲਤੀ ਆਦੇਸ਼ਾਂ 'ਤੇ ਨਵੇਂ ਡੇਰੇ ਤੇ ਪੁਰਾਣੇ ਡੇਰੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਜਾਵੇਗੀ।

**ਕਰਫਿਊ ਵਿੱਚ ਢਿੱਲ ਦਿੱਤੀ**

ਸਿਰਸਾ: ਇੱਥੇ ਹਾਲਾਤ ਸੁਖਾਵੇਂ ਹੋਣ 'ਤੇ ਡੇਰੇ ਨਾਲ ਲੱਗਦੇ ਇਲਾਕਿਆਂ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਲਾਏ ਕਰਫਿਊ ਵਿੱਚ ਅੱਜ ਚਾਰ ਘੰਟਿਆਂ ਦੀ ਢਿੱਲ ਦਿੱਤੀ ਗਈ। ਸਿਰਸਾ ਸ਼ਹਿਰ ਵਿੱਚੋਂ ਕਰਫਿਊ ਪਹਿਲਾਂ ਹੀ ਹਟਾਇਆ ਜਾ ਚੁੱਕਿਆ ਹੈ। ਇੱਥੇ ਰੇਲ ਸੇਵਾ ਅਜੇ ਤੱਕ ਬਹਾਲ ਨਹੀਂ ਕੀਤੀ ਗਈ, ਜਦੋਂਕਿ ਬੱਸ ਸੇਵਾ ਬਹਾਲ ਕਰ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਪ੍ਰਭਜੋਤ ਸਿੰਘ ਨੇ ਦੱਸਿਆ ਹੈ ਕਿ ਡੇਰੇ ਦੇ ਨਾਲ ਲੱਗਦੇ ਪਿੰਡ ਬੇਗੂ, ਕੰਗਣਪੁਰ ਰੋਡ, ਨੇਜੀਆ, ਬਾਜੇਕਾਂ ਰੇਲਵੇ ਲਾਈਨ ਤੱਕ ਅੱਜ ਸ਼ਾਮ ਚਾਰ ਤੋਂ ਸੱਤ ਵਜੇ ਤੱਕ ਕਰਫਿਊ ਵਿੱਚ ਢਿੱਲ ਦੇ ਦਿੱਤੀ ਗਈ ਹੈ।

## ਡੇਰਾ ਸਿਰਸਾ ਦੀ ਅਦਾਲਤੀ ਨਿਗਰਾਨੀ ਵਿੱਚ ਪੁਣਛਾਣ ਕਰਨ ਦਾ ਆਦੇਸ਼

ਗੱਡੀ, ਸੁਰੱਖਿਆ ਅਤੇ ਹੋਰ ਸਹਾਇਤਾ ਮੁਹੱਈਆ ਕਰਨ ਲਈ ਵੀ ਹਰਿਆਣਾ ਸਰਕਾਰ ਨੂੰ ਆਦੇਸ਼ ਦਿੱਤਾ ਗਿਆ। ਅਦਾਲਤੀ ਕਮਿਸ਼ਨਰ ਲੋੜ ਮੁਤਾਬਕ ਕਿਸੇ ਵੀ ਹੋਰ ਏਜੰਸੀ ਤੋਂ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲੈਣ ਦਾ ਵੀ ਹੱਕਦਾਰ ਹੋਵੇਗਾ। ਹਰਿਆਣਾ ਸਰਕਾਰ ਨੂੰ ਹਾਲ ਦੀ ਘੜੀ ਅਦਾਲਤੀ ਕਮਿਸ਼ਨਰ ਨੂੰ 1.25 ਲੱਖ ਰੁਪਏ ਦਾ ਅੰਤਰਿਮ ਭੁਗਤਾਨ ਕਰਨ ਲਈ ਕਿਹਾ ਗਿਆ ਹੈ।

## ਜਦੋਂ ਪਾਕਿਸਤਾਨ ਦੀ ਸਫ਼ੀਆ ਨੇ 70 ਸਾਲ ਬਾਅਦ ਦੇਖਿਆ ਭਾਰਤ ਦਾ ਆਪਣਾ ਪੁਸ਼ਤੈਨੀ ਘਰ

ਵਿਚ ਰਹਿਣ ਵਾਲੇ ਮਲਕੀਤ ਇਸ ਸ਼ਹਿਰ ਦੇ ਚੱਪੇ ਚੱਪੇ ਤੋਂ ਵਾਕਿਫ਼ ਹਨ ਤੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜੇਕਰ ਮਲਕੀਤ ਸਿੰਘ ਨਾ ਹੁੰਦੇ ਤਾਂ ਸ਼ਾਇਦ ਮੈਂ ਸਫ਼ੀਆ ਦਾ ਪੁਸ਼ਤੈਨੀ ਘਰ ਨਾ ਲੱਭ ਸਕਦੀ। ਜਿਵੇਂ ਹੀ ਮੈਂ ਸਫ਼ੀਆ ਦਾ ਬਣਾਇਆ ਨਕਸ਼ਾ ਮਲਕੀਤ ਨੂੰ ਦਿਖਾਇਆ ਉਹ ਸਮਝ ਗਏ ਕਿ ਜਾਣਾ ਕਿੱਥੇ ਹੈ। ਉਹ ਮੈਨੂੰ ਕੂਚਾ ਕਾਦਿਰ ਬਖ਼ਸ਼ ਗਲੀ ਵਿਚ ਲੈ ਗਏ। ਹਾਲਾਂਕਿ ਗਲੀ ਵੀ ਕਾਫ਼ੀ ਬਦਲ ਗਈ ਸੀ ਤੇ ਉਸ ਦਾ ਨਾਂ ਵੀ ਬਦਲ ਚੁੱਕਾ ਸੀ। ਹੁਣ ਇਸ ਗਲੀ ਨੂੰ ਕੂਚਾ ਠਾਕੁਰ ਸਿੰਘ ਧਮੀਜਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਅਸੀਂ ਗਲੀ ਵਿਚ ਰਹਿਣ ਵਾਲਿਆਂ ਤੋਂ ਪੁਛਗਿਛ ਕੀਤੀ। ਸਫ਼ੀਆ ਨੇ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਦਾ ਘਰ ਗਲੀ ਵਿਚ ਮੁੜਦੇ ਹੀ ਸੱਜੇ ਹੱਥ ਸੀ ਤੇ ਬਾਹਰ ਲੱਕੜ ਦਾ ਵੱਡਾ ਜਿਹਾ ਦਰਵਾਜ਼ਾ ਸੀ। ਘਰ ਦਾ ਦਰਵਾਜ਼ਾ ਤੇ ਥਾਂ ਉਵੇਂ ਹੀ ਸਨ ਜਿਵੇਂ ਉਨ੍ਹਾਂ ਨੇ ਮੈਨੂੰ ਦੱਸਿਆ ਸੀ।

ਮੈਨੂੰ ਤਾਂ ਪੂਰਾ ਯਕੀਨ ਸੀ ਕਿ ਅਸੀਂ ਜਿਸ ਘਰ ਨੂੰ ਲੱਭ ਰਹੇ ਹਾਂ ਉਹ ਇਹੀ ਹੈ ਪਰ ਸਫ਼ੀਆ ਨੂੰ ਇਸ ਦੀ ਪਛਾਣ ਕਰਾਉਣੀ ਸੀ। ਅਸੀਂ ਵੀਡੀਓ ਗਾਲ ਰਾਹੀਂ ਸਫ਼ੀਆ ਨੂੰ ਉਹ ਘਰ ਦਿਖਾਇਆ ਤੇ ਸਫ਼ੀਆ ਨੇ ਇਕ ਪਲ ਵੀ ਜ਼ਾਇਆ ਕੀਤੇ ਬਗ਼ੈਰ ਦੱਸ ਦਿੱਤਾ ਕਿ ਇਹ ਉਹੀ ਘਰ ਹੈ, ਜਿੱਥੇ ਉਨ੍ਹਾਂ ਦਾ ਬਚਪਨ ਗ਼ੁਜ਼ਰਿਆ ਸੀ। ਬਾਹਰੋਂ ਤਾਂ ਉਹ ਘਰ ਸਫ਼ੀਆ ਨੇ ਪਛਾਣ ਲਿਆ ਪਰ ਸਾਡੀ ਖ਼ਵਾਹਿਸ਼ ਸੀ ਕਿ ਇਸ ਘਰ ਨੂੰ ਅੰਦਰੋਂ ਦੇਖਿਆ ਜਾਵੇ ਤੇ ਸਫ਼ੀਆ ਨੂੰ ਵੀ ਦਿਖਾਇਆ ਜਾਵੇ। ਗਵਾਂਢੀਆਂ ਨਾਲ ਗੱਲ ਕਰਕੇ ਪਤਾ ਲੱਗਾ ਕਿ ਕਪੂਰ ਇਲੈਕਟ੍ਰੀਕਲਜ਼ ਵਾਲੇ ਕਪੂਰ ਪਰਿਵਾਰ ਇਸ ਦੇ ਮਾਲਕ ਹਨ ਤੇ ਸਫ਼ੀਆ ਦਾ ਬਚਪਨ ਦਾ ਉਹ ਘਰ ਇਕ ਗੋਦਾਮ ਵਿਚ ਬਦਲ ਚੁੱਕਾ ਹੈ। ਅਸੀਂ ਤੁਰੰਤ ਕਪੂਰ ਇਲੈਕਟਰੀਕਲਜ਼ ਪਹੁੰਚੇ। ਦੁਕਾਨ 'ਤੇ ਸੰਜੀਵ ਕਪੂਰ ਤੇ ਉਨ੍ਹਾਂ ਦੇ ਵੱਡੇ ਭਰਾ ਸਨ। ਅਸੀਂ ਉਨ੍ਹਾਂ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ। ਪਹਿਲਾਂ ਉਹ ਥੋੜ੍ਹਾ ਜਿਹਾ ਹਿਚਕਚਾਏ ਕਿਉਂਕਿ ਸ਼ਾਇਦ ਉਨ੍ਹਾਂ ਨੂੰ ਸਾਡੀ ਗੱਲ 'ਤੇ ਯਕੀਨ ਹੀ ਨਾ ਹੋ ਰਿਹਾ ਸੀ ਕਿ ਅਸੀਂ ਉਨ੍ਹਾਂ ਤੋਂ ਕੀ ਮੰਗ ਕਰ ਰਹੇ ਹਾਂ। ਪਰ ਜਦੋਂ ਉਨ੍ਹਾਂ ਨੇ ਸਾਡਾ ਪਛਾਣ ਪੱਤਰ ਦੇਖ ਲਿਆ ਤੇ ਉਸ ਨਾਲੋਂ ਜ਼ਿਆਦਾ ਅਹਿਮ ਗੱਲ ਇਹ ਕਿ ਜਦੋਂ ਉਨ੍ਹਾਂ ਨੂੰ ਇਹ ਯਕੀਨ ਹੋ ਗਿਆ ਕਿ ਅਸੀਂ ਏਨੀ ਦੂਰ ਤੋਂ ਸਿਰਫ਼ ਇਕ ਨਜ਼ਰ ਇਹ ਘਰ ਦੇਖਣ ਆਏ ਹਾਂ ਜਾਂ ਇਹ ਕਿਹਾ ਜਾਵੇ ਕਿ ਕਿਸੇ ਹੋਰ ਨੂੰ ਇਹ ਘਰ ਸਿਰਫ਼ ਇਕ ਨਜ਼ਰ ਦਿਖਾਉਣ ਆਏ ਹਾਂ ਤਾਂ ਉਨ੍ਹਾਂ ਦੀਆਂ ਅੱਖਾਂ ਵੀ ਭਰ ਆਈਆਂ ਤੇ ਫਿਰ ਤਾਂ ਉਨ੍ਹਾਂ ਨੇ ਮਹਿਮਾਨਨਵਾਜ਼ੀ ਵਿਚ ਕੋਈ ਕਸਰ ਨਾ ਛੱਡੀ।

ਉਸ ਵਕਤ ਮੈਂ ਸਫ਼ੀਆ ਨੂੰ ਉਨ੍ਹਾਂ ਦਾ ਘਰ ਦਿਖਾਉਣ ਲਈ ਬੇਚੈਨ ਹੋ ਰਹੀ ਸੀ। ਮਨ ਵਿਚ ਇਕ ਘਬਰਾਹਟ ਭਰੀ ਖ਼ੁਸ਼ੀ ਦੇ ਨਾਲ ਅਸੀਂ ਕਪੂਰ ਪਰਿਵਾਰ ਨਾਲ ਉਨ੍ਹਾਂ ਦੇ ਗੁਦਾਮ ਪਹੁੰਚੇ। ਸਫ਼ੀਆ ਦਾ ਘਰ ਜੋ ਕਿ ਹੁਣ ਕਪੂਰ ਇਲੈਕਟਰੀਕਲਜ਼ ਦਾ ਗੋਦਾਮ ਬਣ ਚੁੱਕਾ ਸੀ, ਉਸ ਦੇ ਅੰਦਰ ਦਾਖ਼ਲ ਹੋਣ ਮਗਰੋਂ ਅਸੀਂ ਸਫ਼ੀਆ ਨੂੰ ਮੁੜ ਵੀਡੀਓ ਕਾਲ ਕੀਤਾ। ਸਫ਼ੀਆ ਨਾਲ ਸਾਰਿਆਂ ਦੀ ਪਛਾਣ ਕਰਵਾਈ। ਸਫ਼ੀਆ ਦੀ ਆਵਾਜ਼ ਵਿਚ ਖ਼ੁਸ਼ੀ ਦੀ ਲਹਿਰ ਸੀ। ਇਵੇਂ ਜਿਵੇਂ ਉਹ ਆਪਣਾ ਗੁਵਾਚਿਆ ਘਰ ਦੇਖਣ ਲਈ ਬੇਤਾਬ ਹੋ ਰਹੀ ਹੋਵੇ। 70 ਵਰ੍ਹਿਆਂ ਬਾਅਦ ਵੀ ਸਫ਼ੀਆ ਨੂੰ ਆਪਣੇ ਘਰ ਦਾ ਕੋਨਾ ਕੋਨਾ ਯਾਦ ਸੀ। ਉਨ੍ਹਾਂ ਨੇ ਸਾਨੂੰ ਘਰ ਦਾ ਨਕਸ਼ਾ ਦੱਸਣਾ ਸ਼ੁਰੂ ਕੀਤਾ। ਸਫ਼ੀਆ ਨੇ ਕਿਹਾ, 'ਘਰ ਵਿਚ ਵੜਦਿਆਂ ਹੀ ਇਕ ਖੂਹ ਸੀ।' ਸੰਜੀਵ ਨੇ ਦੱਸਿਆ ਕਿ ਖੂਹ ਉਨ੍ਹਾਂ ਨੇ ਬੰਦ ਕਰਵਾ ਦਿੱਤਾ ਸੀ। ਖੂਹ ਤੋਂ ਬਾਅਦ ਵਰਾਂਢਾ। ਸਫ਼ੀਆ ਜੋ ਜੋ ਕਹਿੰਦੀ ਗਈ, ਮੈਂ ਉਹ ਸੁਣਦੇ ਹੋਏ ਉਨ੍ਹਾਂ ਨੂੰ ਘਰ ਦੀ ਸੈਰ ਕਰਵਾਉਂਦੀ ਗਈ। ਸਫ਼ੀਆ ਨੇ ਭਾਵੁਕ ਹੁੰਦੇ ਕਿਹਾ, "ਮੈਨੂੰ ਮੇਰੇ ਮਾਂ-ਬਾਪ, ਮੇਰਾ ਬਚਪਨ ਯਾਦ ਆ ਗਿਆ।"

## ਡੇਰਾ ਨੂਰਮਹਿਲ ਦੇ ਪੈਰੋਕਾਰਾਂ ਤੇ ਸਤਿਕਾਰ ਕਮੇਟੀ ਵਿਚਾਲੇ ਝੜਪ, 2 ਦਰਜਨ ਜ਼ਖ਼ਮੀ

ਕਮੇਟੀ ਮੈਂਬਰਾਂ ਨੇ ਪੁਲੀਸ ਤੱਕ ਪਹੁੰਚ ਨਹੀਂ ਕੀਤੀ ਅਤੇ ਨਾ ਇਹ ਦੱਸਿਆ ਕਿ ਉਨ੍ਹਾਂ ਦੇ ਮੈਂਬਰ ਕਿਹੜੇ ਹਸਪਤਾਲ ਵਿੱਚ ਦਾਖ਼ਲ ਹਨ।

ਇਸ ਮੌਕੇ ਐਸਐਸਪੀ ਬਟਾਲਾ ਉਪਿੰਦਰਜੀਤ ਸਿੰਘ ਘੁੰਮਣ ਨੇ ਦੱਸਿਆ ਕਿ ਨੂਰਮਹਿਲ ਪੈਰੋਕਾਰਾਂ ਵੱਲੋਂ ਪੁਲੀਸ ਦੀ ਮੌਜੂਦਗੀ ਵਿੱਚ ਗੱਡੀਆਂ ਭੰਨਣ ਦੀ ਵਾਇਰਲ ਹੋਈ ਵੀਡੀਓ ਦੀ ਜਾਂਚ ਕਰ ਕੇ ਹੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਪੁਲੀਸ ਦੀ ਮੁਸਤੈਦੀ ਨੇ ਸਤਿਕਾਰ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਇਕੱਠ ਨੂੰ ਅਸਫ਼ਲ ਬਣਾ ਦਿੱਤਾ। ਘੁਮਾਣ ਪੁਲੀਸ ਵੱਲੋਂ ਸਤਿਕਾਰ ਕਮੇਟੀ ਦੇ ਮੈਂਬਰਾਂ ਦੀ ਭਾਲ ਵਿੱਚ ਥਾਣਾ ਕਾਹਨੂੰਵਾਨ ਅਧੀਨ ਪੈਂਦੇ ਪਿੰਡਾਂ ਸ਼ੀਂਹ ਭੱਟੀਆਂ ਅਤੇ ਘੋੜੇਵਾਹ ਵਿੱਚ ਨਾਕੇ ਲਾਏ ਗਏ। ਥਾਣਾ ਘੁਮਾਣ ਦੇ ਮੁਖੀ ਯਾਦਵਿੰਦਰ ਸਿੰਘ, ਐਚਐਚਓ ਇੰਸਪੈਕਟਰ ਬਲਜੀਤ ਕੌਰ ਤੇ ਪੁਲੀਸ ਚੌਕੀ ਹਰਚੋਵਾਲ ਦੇ ਇੰਚਾਰਜ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਸੈਂਕੜੇ ਪੁਲੀਸ ਮੁਲਾਜ਼ਮ ਪਿੰਡ ਘੋੜੇਵਾਹ ਅਤੇ ਸ਼ੀਂਹ ਭੱਟੀਆਂ ਦੇ ਤੁਗਲਵਾਲ ਅਤੇ ਭੈਣੀ ਮੀਆਂ ਖਾਂ ਸੰਪਰਕ ਸੜਕ ਦੇ ਚੌਕ ਵਿੱਚ ਪੁੱਜੇ। ਸੂਤਰਾਂ ਅਨੁਸਾਰ ਪੁਲੀਸ ਵੱਲੋਂ ਨਾਮਜ਼ਦ ਸਤਿਕਾਰ ਕਮੇਟੀ ਮੈਂਬਰਾਂ ਦੀ ਫੋਨ ਲੋਕੇਸ਼ਨ ਟਰੇਸ ਕੀਤੀ ਗਈ ਸੀ, ਜਿਸ ਤਹਿਤ ਇਨ੍ਹਾਂ ਪਿੰਡਾਂ ਵਿੱਚ ਨਾਕੇ ਲਾਏ ਗਏ। ਪੁਲੀਸ ਨੂੰ ਲਗਪਗ ਦੋ ਘੰਟੇ ਦੀ ਕਾਰਵਾਈ ਮਗਰੋਂ ਖਾਲੀ ਪਰਤਣਾ ਪਿਆ।

## ਡੇਰੇ ਦੇ 67 ਲਾਇਸੰਸੀ ਹਥਿਆਰਾਂ 'ਚੋਂ 33 ਬਰਾਮਦ

ਆਪਣੇ ਹਥਿਆਰ ਜਮ੍ਹਾਂ ਕਰਵਾ ਦੇਣ, ਜਿਸ ਤਹਿਤ ਡੇਰਾ ਸਿਰਸਾ ਦੇ ਲੋਕਾਂ ਵੱਲੋਂ ਕੁਝ ਹਥਿਆਰ ਪਹਿਲਾਂ ਜਮ੍ਹਾ ਕਰਵਾਏ ਗਏ ਸਨ, ਪਰ ਜਦੋਂ ਪੁਲਿਸ ਨੇ ਡੇਰਾ ਪ੍ਰਬੰਧਕਾਂ ਨੂੰ ਬਾਕੀ ਦੇ ਹਥਿਆਰ ਜਮ੍ਹਾਂ ਕਰਵਾਉਣ ਦੇ ਆਦੇਸ਼ ਦਿੱਤੇ ਤਾਂ ਉਨ੍ਹਾਂ ਅੱਜ ਹੋਰ ਹਥਿਆਰ ਡੇਰੇ ਅੰਦਰ ਇਕ ਥਾਂ ਇਕੱਠੇ ਕਰਕੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਅਤੇ ਪੁਲਿਸ ਨੇ ਡੇਰੇ ਜਾ ਕੇ ਇਹ ਹਥਿਆਰ ਬਰਾਮਦ ਕਰ ਲਏ, ਜਿਸ ਨਾਲ ਡੇਰੇ ਵੱਲੋਂ ਜਮ੍ਹਾ ਕਰਵਾਏ ਹਥਿਆਰਾਂ ਦੀ ਗਿਣਤੀ 33 ਹੋ ਗਈ। ਹਾਲੇ ਤੱਕ ਵੀ ਡੇਰਾ ਸਿਰਸਾ 'ਚ ਹੋਰ 34 ਲਾਇਸੰਸੀ ਹਥਿਆਰ ਹਨ। ਪੁਲਿਸ ਨੇ ਡੇਰਾ ਪ੍ਰਬੰਧਕਾਂ ਨੂੰ ਹਦਾਇਤ ਦਿੱਤੀ ਹੈ ਕਿ ਇਹ ਹਥਿਆਰ ਵੀ ਤੁਰੰਤ ਜਮ੍ਹਾਂ ਕਰਵਾਏ ਜਾਣ ਨਹੀਂ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਕੀ ਸੱਚਮੁੱਚ ਮੁੱਕ ਗਿਆ ਹੈ ਡੇਰੇ ਦਾ ਤਾਮ-ਝਾਮ ?

ਉਹ ਸੰਸਥਾਵਾਂ ਨਹੀਂ ਜਿਹੜੀਆਂ ਨਿੱਤ ਦੀਆਂ ਸ਼ਾਸਨ ਸਰਗਰਮੀਆਂ ਨੂੰ ਠੀਕ ਢੰਗ ਨਾਲ ਨੇਪਰੇ ਚਾੜ੍ਹ ਸਕਣ।

ਸਿਆਸੀ ਅਦਾਰਿਆਂ ਦੀ ਅਸਫ਼ਲਤਾ ਉਸ ਤੋਂ ਵੀ ਡੂੰਘੀ ਹੈ, ਜਿੰਨੀ ਕਿ ਅਸੀਂ ਸੋਚਦੇ ਹਾਂ। ਇਹ ਕੇਵਲ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਉਸ ਦੇ ਸਾਥੀਆਂ ਦੀ ਅਸਫਲਤਾ ਹੀ ਨਹੀਂ ਅਤੇ ਨਾ ਇਹ ਕੇਵਲ ਸੱਤਾਧਾਰੀ ਭਾਜਪਾ ਤੇ ਡੇਰਾ ਸੱਚਾ ਸੌਦਾ ਦਾ ਢੀਠਤਾਈ ਭਰਿਆ ਗੱਠਜੋੜ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਹਰਿਆਣਾ ਤੇ ਪੰਜਾਬ ਵਿੱਚ ਕਾਂਗਰਸ, ਅਕਾਲੀ ਦਲ, ਇਨੈਲੋ ਸਮੇਤ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਪਿਛਲੇ ਸਮਿਆਂ ਦੌਰਾਨ ਡੇਰੇ ਨਾਲ ਸਾਂਝ ਬਣਾਉਂਦੀਆਂ ਰਹੀਆਂ ਹਨ ਭਾਵੇਂ ਉਨ੍ਹਾਂ ਵਿੱਚੋਂ ਕਿਸੇ ਇਕ ਦਾ ਤਰਕ ਹੋਰ ਅਤੇ ਦੂਜੀਆਂ ਪਾਰਟੀਆਂ ਦਾ ਹੋਰ ਹੋਵੇ। ਸਿਰਸਾ ਡੇਰੇ ਵੱਲੋਂ 2014 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਖੁੱਲ੍ਹ ਕੇ ਦਿੱਤੀ ਗਈ ਹਮਾਇਤ ਦਾ ਇਸ ਪਾਰਟੀ ਦੀ ਸਰਕਾਰ ਨੇ ਬਦਲੇ ਵਿੱਚ ਮਦਦ ਕਰ ਕੇ ਕਰਜ਼ ਚੁਕਾਇਆ ਹੈ। ਅਜਿਹਾ ਕੁਝ ਕਾਂਗਰਸ ਨੇ 2009 ਵਿੱਚ ਕੀਤਾ ਸੀ ਜਦੋਂਕਿ ਇਨੈਲੋ ਵੀ ਇਸ ਤੋਂ ਪਹਿਲਾਂ ਅਜਿਹਾ ਕਰਦੀ ਰਹੀ ਹੈ। ਕਹਿਣ ਦਾ ਭਾਵ ਸੱਤਾ ਲਈ ਆਸਵੰਦ ਪਾਰਟੀਆਂ ਡੇਰਿਆਂ ਦੀ ਹਮਾਇਤ ਹਾਸਲ ਕਰਨ ਲਈ ਆਪੋ-ਆਪਣੀ ਪੂਰੀ ਵਾਹ ਲਾ ਦਿੰਦੀਆਂ ਹਨ ਭਾਵੇਂ ਇਸ ਦੀ ਬਦਲੇ ਵਜੋਂ ਕੋਈ ਵੀ ਕੀਮਤ ਕਿਉਂ ਨਾ ਚੁਕਾਉਣੀ ਪਏ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਿਸੇ ਵੀ ਪਾਰਟੀ ਭਾਵ ਭਾਜਪਾ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਇਨੈਲੋ, 'ਆਪ' ਦੇ ਕਿਸੇ ਵੀ ਵੱਡੇ ਨੇਤਾ, ਜਿਸ ਦਾ ਇਸ ਖੇਤਰ ਵਿੱਚ ਚੋਣਾਂ ਨਾਲ ਸਬੰਧ ਹੈ, ਨੇ ਡੇਰਾ ਸਿਰਸਾ ਖਿਲਾਫ਼ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਨ ਦੀ ਹਿੰਮਤ ਨਹੀਂ ਵਿਖਾਈ। ਸਪਸ਼ਟ ਹੈ ਕਿ ਕੋਈ ਵੀ ਇਨ੍ਹਾਂ ਪਾਰਟੀਆਂ ਦਾ ਨੇਤਾ ਭਵਿੱਖ ਵਿੱਚ ਇਸ ਡੇਰੇ ਨਾਲ ਚੋਣਾਂ ਸਬੰਧੀ ਸੌਦੇਬਾਜ਼ੀ ਕਰਨ ਤੋਂ ਇਨਕਾਰ ਨਹੀਂ ਕਰ ਰਿਹਾ। ਕੇਵਲ ਇੰਨਾ ਹੀ ਨਹੀਂ ਕਿ ਸਾਡੀਆਂ ਸਿਆਸੀ ਪਾਰਟੀਆਂ ਮੌਕਾਪ੍ਰਸਤੀ ਖ਼ਾਤਰ ਕਦਰਾਂ-ਕੀਮਤਾਂ ਦੇ ਪੱਧਰ 'ਤੇ ਸਮਝੌਤਾ ਕਰ ਗਈਆਂ ਹਨ, ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਹ ਪਾਰਟੀਆਂ ਐਨੀਆਂ ਕਮਜ਼ੋਰ ਹੋ ਚੁੱਕੀਆਂ ਹਨ ਕਿ ਇਹ ਚੋਣਾਂ ਸਮੇਂ ਜਿੱਤਣ ਲਈ ਛੋਟੇ ਤੋਂ ਛੋਟੇ ਵੋਟ ਬੈਂਕ ਉਪਰ ਵੀ ਨਿਰਭਰ ਹੋਣ ਲਗ ਪਈਆਂ ਹਨ।

**(ਲੇਖਕ ਸਿਆਸਤਦਾਨ, ਅਕਾਦਮਿਸ਼ਨ ਤੇ ਚੋਣ ਵਿਸ਼ਲੇਸ਼ਕ ਹੈ)**

# ਨਾਇਕਾਂ ਦੇ ਅਕਸ ਨਾਲ ਛੇੜਛਾੜ: ਮਨੋਵਿਗਿਆਨਕ ਪੱਖ

**ਡਾ. ਹਰਸ਼ਿੰਦਰ ਕੌਰ**
(ਮੋਬਾਈਲ: 0175-2216783)

**ਮਰ ਚੁੱਕੇ ਬੰਦੇ ਦੀ ਆਲੋਚਨਾ ਕਰਨੀ ਸੌਖੀ ਹੈ ਕਿਉਂਕਿ ਉਸ ਨੇ ਆਪ ਕੋਈ ਸਪਸ਼ਟੀਕਰਨ ਨਹੀਂ ਦੇਣਾ। ਨਿਰਵਿਰੋਧ ਆਲੋਚਨਾ ਇਨਸਾਨੀ ਦਿਮਾ.ਗ ਲਈ ਆਨੰਦਮਈ ਅਹਿਸਾਸ ਹੁੰਦੀ ਹੈ। ਕਿਸੇ ਉੱਚ ਪੱਧਰੀ ਸ਼ਖ਼ਸੀਅਤ ਨੂੰ ਢਾਹ ਲਾਉਣ ਨਾਲ ਦਿਮਾ.ਗ ਅੰਦਰਲਾ ਰਿਵਾਰਡ ਸਿਸਟਮ ਰਵਾਂ ਹੋ ਜਾਂਦਾ ਹੈ।**

ਇਤਿਹਾਸਕ ਨਾਇਕ-ਨਾਇਕਾਵਾਂ ਦਾ ਚਰਿੱਤਰਘਾਣ ਕਰਨਾ ਕੋਈ ਨਵੀਂ ਗੱਲ ਨਹੀਂ ਹੈ। ਬਿਲਕੁਲ ਇੰਜ ਹੀ ਖ਼ਲਨਾਇਕਾਂ ਦਾ ਕੋਈ ਇੱਕ ਚੰਗਾ ਪੱਖ ਉਘਾੜ ਕੇ, ਉਸ



ਉੱਤੇ ਬਹਿਸ ਛੇੜ ਕੇ, ਹੌਲੀ-ਹੌਲੀ ਸਭ ਦਾ ਧਿਆਨ ਖਿੱਚ ਕੇ ਉਸ ਨੂੰ ਨਾਇਕ ਬਣਾਉਣ ਦੀ ਵੀ ਕੋਸ਼ਿਸ਼ ਅਨੇਕ ਵਾਰ ਕੀਤੀ ਜਾ ਚੁੱਕੀ ਹੈ। ਜੇ ਇਤਿਹਾਸਿਕ ਘਟਨਾਵਾਂ ਦਾ ਜ਼ਿਕਰ ਕਰੀਏ ਤਾਂ ਦੋਹਾਂ ਪੱਖਾਂ ਵੱਲੋਂ ਆਪਣੇ ਹਿਸਾਬ ਨਾਲ ਉਸ ਬਾਰੇ ਲਿਖਿਆ ਜਾਂਦਾ ਹੈ। ਇਤਿਹਾਸ ਲਿਖਣ ਵਾਲਾ ਉਸ ਨੂੰ ਕਿਸੇ ਇੱਕ ਪਾਸੇ ਤੋਂ ਪ੍ਰਭਾਵਿਤ ਹੋ ਕੇ ਲਿਖ ਸਕਦਾ ਹੈ, ਜਿਸ ਵਿੱਚ ਕੋਈ ਇੱਕ ਮਾੜਾ ਪੱਖ ਰਤਾ ਵਧਾ ਕੇ ਲਿਖ ਕੇ ਦੂਜੇ ਪਾਸੇ ਵੱਲ ਝੁਕਾਓ ਰੱਖਦਾ ਹੋਇਆ ਉਸੇ ਦਾ ਪੱਖ ਪੂਰਦਾ ਹੈ।

ਮਿਸਾਲ ਵਜੋਂ ਬੰਦਾ ਬਹਾਦਰ ਦੇ ਕੈਦ ਕਰ ਕੇ ਲਿਆਉਣ ਵਾਲੇ ਸਮੇਂ ਨੂੰ ਕੋਈ ਮੁ.ਗਲਾਂ ਦਾ ਪੱਖ ਪੂਰਦਾ ਹੋਇਆ ਇੰਜ ਲਿਖ ਸਕਦਾ ਹੈ, 'ਸਿੰਘਾਂ ਦੇ ਝੁਕੇ ਹੋਏ ਅਫ਼ਸੋਸ ਨਾਲ ਨੀਵੇਂ ਹੋਏ ਸਿਰਾਂ ਨੂੰ ਵੇਖ ਕੇ ਸਪੱਸ਼ਟ ਹੋ ਰਿਹਾ ਸੀ ਕਿ ਉਹ ਸਾਰੇ ਮੁ.ਗਲਾਂ ਦੀ ਈਨ ਮੰਨ ਚੁੱਕੇ ਸਨ ਤੇ ਆਪਣੇ ਕੀਤੇ ਉੱਤੇ ਸ਼ਰਮਿੰਦਾ ਸਨ।' ਕੋਈ ਦੂਜਾ ਬੰਦਾ ਬਹਾਦਰ ਵੱਲ ਦਾ ਹੋ ਕੇ, ਮੁ.ਗਲਾਂ ਵੱਲੋਂ ਮਨਾਏ ਜਾਂਦੇ ਜ਼ਸਨਾਂ ਵੱਲੋਂ ਅੱਖਾਂ ਮੀਟ ਕੇ ਸਿਰਫ਼ ਆਉਣ ਵਾਲੀਆਂ ਪੁਸ਼ਤਾਂ ਤਾਈਂ ਮਾਣਮੱਤਾ ਇਤਿਹਾਸ ਪਹੁੰਚਾਉਣ ਲਈ ਬੰਦਾ ਬਹਾਦਰ ਸਿੰਘ ਦੀ ਚੜ੍ਹਦੀ ਕਲਾ ਦਾ ਦ੍ਰਿਸ਼ ਚਿੱਤਰ ਕੇ ਮੁ.ਗਲਾਂ ਦੀ ਜਿੱਤ ਨੂੰ ਫਿੱਕਾ ਪਾ ਦਿੰਦਾ ਹੈ:- ਜੰਗ ਦੇ ਦੋਵੇਂ ਪਾਸਿਆਂ ਵਾਲਿਆਂ ਨੇ ਆਪੋ ਆਪਣਾ ਇਤਿਹਾਸ ਲਿਖਣਾ ਹੁੰਦਾ ਹੈ। ਕੋਈ ਤੀਜਾ ਜਦੋਂ ਇਨ੍ਹਾਂ ਦੋਵਾਂ ਵੱਲੋਂ ਲਿਖੇ ਨੂੰ ਪੜ੍ਹਦਾ ਹੈ ਤਾਂ ਆਪਣਾ ਨਿਚੋੜ ਕੱਢ ਕੇ, ਕਿਸੇ ਵੀ ਪਾਸੇ ਨੂੰ ਵੱਧ ਉਜਾਗਰ ਕਰ ਕੇ, ਦੂਜੇ ਨੂੰ ਰਤਾ ਹੇਠਾਂ ਰੱਖ ਕੇ ਰਲਿਆ-ਮਿਲਿਆ ਪੱਖ ਸਾਹਮਣੇ ਲਿਆਉਂਦਾ ਹੈ।

ਮਨੋਵਿਗਿਆਨੀ ਮੰਨਦੇ ਹਨ ਕਿ ਕਿਸੇ ਅਸਲ ਘਟਨਾ ਨੂੰ ਉਸੇ ਸਮੇਂ ਲਿਖੇ ਜਾਣ ਉੱਤੇ ਅਤੇ ਸਮਾਂ ਲੰਘਣ ਬਾਅਦ ਦੁਬਾਰਾ ਉਘਾੜਨ ਵਿੱਚ ਉਸ ਸਮੇਂ ਦੇ ਲੇਖਕ ਦਾ ਆਪਣਾ ਗਿਆਨ, ਮਾਨਸਿਕ ਹਾਲਾਤ, ਹਉਮੈ, ਦਿਮਾ.ਗ ਵਿੱਚ ਚਲਦੀ ਉਥਲ-ਪੁਥਲ, ਘਰੇਲੂ ਚਿੰਤਾ, ਸਮਾਜਿਕ ਝੁਕਾਓ, ਸਰਕਾਰੇ ਦਰਬਾਰੇ ਪੁੱਛ-ਪ੍ਰਤੀਤ, ਲੇਖਕ ਦੀ ਆਪਣੀ ਲੋਕਪ੍ਰਿਯਤਾ, ਪ੍ਰਕਾਸ਼ਕ ਦਾ ਮਾਲੀ ਫ਼ਾਇਦਾ ਆਦਿ ਅਨੇਕ ਗੱਲਾਂ ਅਸਰ ਪਾਉਂਦੀਆਂ ਹਨ। ਕਿਸੇ ਨਾਇਕ ਬਾਰੇ ਗੱਲਾਂ ਚੰਗੀਆਂ ਵੀ ਹੁੰਦੀਆਂ ਹਨ ਤੇ ਮਾੜੀਆਂ ਵੀ। ਪਰ ਉਨ੍ਹਾਂ ਵਿੱਚੋਂ ਚੰਗਾ ਜਾਂ ਮਾੜਾ ਪਲੜਾ ਰਤਾ ਕੁ ਉਤਾਂਹ ਰੱਖਣ ਨਾਲ ਹੀ ਕਿਸੇ ਵੀ ਇਤਿਹਾਸਕ ਨਾਇਕ ਨੂੰ ਖ਼ਲਨਾਇਕ ਤੇ ਖ਼ਲਨਾਇਕ ਨੂੰ ਨਾਇਕ ਬਣਾਇਆ ਜਾ ਸਕਦਾ ਹੈ। ਅਜਿਹੀ ਗੱਲ ਕਿਸੇ ਵੀ ਲੇਖਕ ਲਈ ਭਾਵੇਂ ਪੈੱਨ ਦਾ ਹਲਕਾ ਘੁਮਾਓ ਹੋਵੇ, ਪਰ ਸਦੀਆਂ ਇਸ ਨੂੰ ਭੁਗਤਦੀਆਂ ਹਨ। ਜਿਸ ਕੌਮ ਦੇ ਨਾਇਕ ਨੂੰ ਖ਼ਲਨਾਇਕ ਬਣਾ ਦਿੱਤਾ ਜਾਵੇ, ਉਸ ਕੌਮ ਦਾ ਮਾਣਮੱਤਾ ਇਤਿਹਾਸ ਤਾਂ ਤਹਿਸ-ਨਹਿਸ ਹੋ ਜਾਂਦਾ ਹੈ।

ਅਜਿਹਾ ਲੇਖਕ ਭਾਵੇਂ ਸੌ ਫ਼ੀਸਦੀ ਸੱਚ ਵੀ ਲਿਖ ਰਿਹਾ ਹੋਵੇ, ਲੋਕਾਂ ਦੀਆਂ ਅੱਖਾਂ ਵਿੱਚ ਰੜਕ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ। ਜਿਸ ਕੌਮ ਦੇ ਨਾਇਕ ਨੂੰ 'ਢਹਿ-ਢੇਰੀ' ਕੀਤਾ ਜਾ ਰਿਹਾ ਹੋਵੇ, ਉਸ ਕੌਮ ਵਿਚਲੇ ਮੌਜੂਦਾ ਚਲਦੇ ਸੰਘਰਸ਼, ਵਰਤਮਾਨ ਸਾਹਿਤਕ ਝੁਕਾਓ, ਸਿਆਸੀ ਸਰਗਰਮੀਆਂ ਅਨੁਸਾਰ ਲੇਖਕ ਵਿਰੁੱਧ ਥੋੜ੍ਹੀ-ਬਹੁਤ ਕਿੰਤੂ-ਪ੍ਰੰਤੂ ਵੀ ਹੋ ਸਕਦੀ ਹੈ ਅਤੇ ਵੱਡੀ ਪੱਧਰ ਉੱਤੇ ਭੜਾਸ ਵੀ ਨਿਕਲ ਸਕਦੀ ਹੈ।

ਤਕਰੀਬਨ ਸਾਰੇ ਹੀ ਮੁਲਕਾਂ ਵਿੱਚ ਸਿਆਸੀ ਤਖ਼ਤਾ ਪਲਟਦੇ ਸਾਰ ਇਤਿਹਾਸ ਨਾਲ ਛੇੜਛਾੜ ਕੀਤੀ ਜਾਂਦੀ ਰਹੀ ਹੈ ਤੇ ਅੱਗੋਂ ਵੀ ਜਾਰੀ ਰਹਿਣ ਵਾਲੀ ਹੈ ਕਿਉਂਕਿ ਹਰ ਜਣਾ ਆਪਣੇ ਸਿਆਸੀ ਲਾਭ ਨੂੰ ਵੇਖਦੇ ਹੋਏ ਇਤਿਹਾਸਿਕ ਨਾਇਕਾਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਪਿਛੋਕੜ ਨੂੰ ਜੋੜ ਲੈਂਦਾ ਹੈ। ਇਸ ਦੀ ਇੱਕ ਮਿਸਾਲ ਹੈ ਆਪੋ ਆਪਣੀ ਲੋੜ ਅਨੁਸਾਰ ਸ਼ਹੀਦ ਭਗਤ ਸਿੰਘ ਦੀ ਟੋਪੀ ਜਾਂ ਦਸਤਾਰ ਵਾਲੀ ਤਸਵੀਰ ਵਰਤਣੀ। ਮਰ ਚੁੱਕੇ ਬੰਦੇ ਦੀ ਆਲੋਚਨਾ ਕਰਨੀ ਸੌਖੀ ਹੈ ਕਿਉਂਕਿ ਉਸ ਨੇ ਆਪ ਕੋਈ ਸਪਸ਼ਟੀਕਰਨ ਨਹੀਂ ਦੇਣਾ। ਨਿਰਵਿਰੋਧ ਆਲੋਚਨਾ ਇਨਸਾਨੀ ਦਿਮਾ.ਗ ਲਈ ਆਨੰਦਮਈ ਅਹਿਸਾਸ ਹੁੰਦੀ ਹੈ। ਕਿਸੇ ਉੱਚ ਪੱਧਰੀ ਸ਼ਖ਼ਸੀਅਤ ਨੂੰ ਢਾਹ ਲਾਉਣ ਨਾਲ ਦਿਮਾ.ਗ ਅੰਦਰਲਾ ਰਿਵਾਰਡ ਸਿਸਟਮ ਰਵਾਂ ਹੋ ਜਾਂਦਾ ਹੈ।

ਕੁਝ ਇਤਿਹਾਸਕਾਰ ਕਿਸੇ ਸ਼ਖ਼ਸੀਅਤ ਬਾਰੇ ਲਿਖਣ ਤੋਂ ਪਹਿਲਾਂ ਉਸ ਦੀਆਂ ਮਾੜੀਆਂ-ਚੰਗੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨ ਬਾਅਦ ਸੰਤੁਲਿਤ ਰਾਇ ਬਣਾ ਲੈਂਦੇ ਹਨ। ਕੁਝ ਮਾੜੀਆਂ ਗੱਲਾਂ ਵੱਧ ਉਜਾਗਰ ਕਰਦੇ ਹਨ। ਕਈ ਚੰਗਾ ਪੱਖ ਵੱਧ ਉਘਾੜਦੇ ਹਨ। ਇਹ ਤਾਂ ਸਪੱਸ਼ਟ ਹੈ ਕਿ ਕੋਈ ਇਨਸਾਨ ਸੰਪੂਰਨ ਨਹੀਂ ਹੁੰਦਾ। ਹਰ ਕਿਸੇ ਵਿੱਚ ਖ਼ਾਮੀਆਂ ਵੀ ਹੁੰਦੀਆਂ ਹਨ ਤੇ ਖ਼ੂਬੀਆਂ ਵੀ। ਇਤਿਹਾਸਕਾਰ ਜੇ ਸਾਕਾਰਾਤਮਕ ਸੋਚ ਵਾਲਾ ਹੋਵੇ ਤਾਂ ਉਸ ਦੀ ਕਲਮ ਵਿੱਚੋਂ ਉਸਾਰੂ ਊਰਜਾ ਨਿਕਲਦੀ ਹੈ। ਜੇ ਇਤਿਹਾਸਕਾਰ ਦੀ ਸੋਚ ਨਾਕਾਰਾਤਮਕ ਹੋਵੇ ਤਾਂ ਉਹ ਨਾਇਕਾਂ ਦੀਆਂ ਕੰਨੀਆਂ ਕੁਤਰਨ ਵੱਲ ਵੱਧ ਧਿਆਨ ਦਿੰਦਾ ਹੈ। ਜਦੋਂ ਕਿਸੇ ਇਤਿਹਾਸਿਕ ਖਲਨਾਇਕ ਬਾਰੇ ਪਕਿਆਈ ਫੜ ਚੁੱਕੀਆਂ ਗੱਲਾਂ ਵਿੱਚ ਛੇੜਛਾੜ ਕਰਨੀ ਹੋਏ (ਭਾਵੇਂ ਸਿਆਸੀ ਕਾਰਨ ਹੋਵੇ ਜਾਂ ਕੋਈ ਹੋਰ) ਤਾਂ ਉਸ ਦੀ ਕੋਈ ਇੱਕ ਚੰਗਿਆਈ ਨੂੰ ਫੜ ਕੇ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਕਿਤਾਬਾਂ ਵਿੱਚ ਬੱਚਿਆਂ ਲਈ ਵੀ ਨਵੇਂ ਸਿਰਿਓਂ ਲੇਖ ਸ਼ਾਮਲ ਕਰ ਦਿੱਤਾ ਜਾਂਦਾ ਹੈ। ਟੀ.ਵੀ. ਸੀਰੀਅਲ ਜਾਂ ਅਖ਼ਬਾਰਾਂ ਰਾਹੀਂ ਚਰਚਾ ਛੇੜੀ ਜਾਂਦੀ ਹੈ। ਵਿਵਾਦ ਸ਼ੁਰੂ ਕਰ ਕੇ ਸਭ ਦੇ ਮਨਾਂ ਵਿੱਚ ਬਦੋਬਦੀ ਨਵਾਂ ਪੱਖ ਵਾੜ ਦਿੱਤਾ ਜਾਂਦਾ ਹੈ। ਯਾਨੀ ਪਿਛਲੀ ਮਾੜੀ ਯਾਦ ਨੂੰ ਨਕਾਰਨ ਨਾਲੋਂ ਨਵੇਂ ਵਧੀਆ ਤੱਥ ਜੋੜ ਕੇ ਖ਼ਲਨਾਇਕ ਨੂੰ ਨਾਇਕ ਵਜੋਂ ਉਭਾਰ ਦਿੱਤਾ ਜਾਂਦਾ ਹੈ। ਹਿਟਲਰ ਤੇ ਰਾਵਣ ਬਾਰੇ ਅਜਿਹਾ ਕੁਝ ਕੀਤਾ ਜਾ ਚੁੱਕਿਆ ਹੈ।

ਦਿਮਾ.ਗ ਅੰਦਰ ਪੁਰਾਣੀ ਛਪੀ ਹੋਈ ਯਾਦ ਨੂੰ ਤਬਦੀਲ ਕਰਨ ਦੀ ਕਿਰਿਆ ਤੱਥਾਂ ਨਾਲ ਛੇੜਛਾੜ ਕਰਨ ਨਾਲ ਹੀ ਸੰਭਵ ਹੋ ਸਕਦੀ ਹੈ। ਇਸ ਬਾਰੇ ਕੁਝ ਖੋਜਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਜਰਮਨ ਮਨੋਵਿਗਿਆਨੀ ਜੌਨ ਬਰਗਸਟੌਰਮ ਨੇ ਅਜਿਹੀ ਪਹਿਲੀ ਖੋਜ 1892 ਵਿੱਚ ਕੀਤੀ ਸੀ। ਉਸ ਨੇ 10 ਬੰਦਿਆਂ ਤੋਂ ਮੇਜ਼ ਦੇ ਇੱਕ ਕੋਨੇ ਉੱਤੋਂ ਕਾਗਜ਼ਾਂ ਦੇ ਢੇਰ ਇਕਸਾਰ ਕਰ ਕੇ ਰਖਵਾਏ। ਫੇਰ ਕੁਝ ਦਿਨ ਉੱਥੋਂ ਕਾਗਜ਼ ਕਢਵਾਉਂਦਾ ਰਿਹਾ। ਦਸਵੇਂ ਦਿਨ ਕਾਗਜ਼ ਕੱਢਣੇ ਹਰ ਕਿਸੇ ਲਈ ਸੌਖੇ ਹੋ ਗਏ ਸਨ ਕਿਉਂਕਿ ਮਨ ਵਿੱਚ ਇਹ ਗੱਲ ਪਕਿਆਈ ਫੜ ਗਈ ਸੀ। ਫਿਰ ਕਾਗਜ਼ ਦੂਜੇ ਕੋਨੇ ਉੱਤੇ ਧਰਾ ਦਿੱਤੇ ਗਏ ਤੇ ਦੋਨੋਂ ਢੇਰੀਆਂ ਅੱਗੜ ਪਿੱਛੜ ਰੱਖ ਦਿੱਤੀਆਂ। ਇਨ੍ਹਾਂ ਦਸਾਂ ਵਿੱਚੋਂ 8 ਬੰਦਿਆਂ ਤੋਂ ਉਨ੍ਹਾਂ ਢੇਰੀਆਂ ਨੂੰ ਦੁਬਾਰਾ ਇਕਸਾਰ ਕਰਵਾਇਆ। ਇੱਕ ਸਾਲ ਬਾਅਦ ਉਨ੍ਹਾਂ ਦਸਾਂ ਨੂੰ ਦੁਬਾਰਾ ਉੱਥੇ ਸੱਦਿਆ ਗਿਆ ਤੇ ਯਾਦ ਤਾਜ਼ਾ ਕਰਵਾਈ ਗਈ। ਇਹ ਵੇਖਣ ਵਿੱਚ ਆਇਆ ਕਿ ਉਹ ਦੋ ਬੰਦੇ ਜੋ ਪਹਿਲੇ ਕੋਨੇ ਤਕ ਹੀ ਜੁੜੇ ਰਹੇ ਸਨ, ਨੂੰ ਝਟਪਟ ਸਭ ਕੁਝ ਉਸੇ ਤਰ੍ਹਾਂ ਯਾਦ ਆ ਗਿਆ ਤੇ ਉਨ੍ਹਾਂ ਨੇ ਕੋਨਾ ਵੀ ਝਟਪਟ ਪਛਾਣ ਲਿਆ। ਪਰ, ਬਾਕੀ ਦੇ ਅੱਠ ਬੰਦਿਆਂ ਵਿੱਚੋਂ ਸਿਰਫ਼ ਦੋ ਬੰਦੇ ਹੀ ਸਭ ਕੁਝ ਯਾਦ ਰੱਖ ਸਕੇ। ਬਾਕੀ ਛੇ ਜਣਿਆਂ ਨੂੰ ਇਹ ਯਾਦ ਹੀ ਨਹੀਂ ਸੀ ਕਿ ਕਿਹੜਾ ਕੋਨਾ ਸੀ। ਯਾਨੀ ਸਾਰੀ ਯਾਦ ਗੜਬੜ ਹੋ ਚੁੱਕੀ ਸੀ।

1915 ਵਿੱਚ ਅਮਰੀਕਨ ਮਨੋਵਿਗਿਆਨੀ ਬੈਨਟਨ ਨੇ ਇੱਕ ਹੋਰ ਖੋਜ ਕੀਤੀ ਜਿਸ ਦਾ ਨਿਚੋੜ ਇਹ ਸੀ ਕਿ ਜੇ ਇੱਕੋ ਸਮੇਂ ਕੰਮਾਂ ਦੀ ਲਿਸਟ ਵਧਾ ਦਿੱਤੀ ਜਾਏ, ਪਰ ਕੀਤੀ ਰੋਜ਼ ਜਾਏ ਤਾਂ ਅਖ਼ੀਰੀ ਕੁਝ ਚੀਜ਼ਾਂ 24 ਘੰਟਿਆਂ ਦੇ ਅੰਦਰ ਅੰਦਰ ਹੀ ਭੁੱਲ ਜਾਂਦੀਆਂ ਹਨ। ਮਸਲਨ, ਪਹਿਲਾਂ ਮੇਜ਼ ਦੀਆਂ ਫਾਈਲਾਂ ਚੁੱਕ ਕੇ ਠੀਕ ਕਰੋ, ਫਿਰ ਕੱਪੜਾ ਵਿਛਾਓ, ਅਲਮਾਰੀ ਵਿੱਚ ਪੈੱਨ ਰੱਖੋ, ਖਿੜਕੀ ਖੋਲ੍ਹੋ, ਆਦਿ ਗਿਆਰਾਂ ਚੀਜ਼ਾਂ ਕਰਨ ਨੂੰ ਕਿਹਾ ਜਾਏ ਤਾਂ ਪਹਿਲੀਆਂ ਪੰਜ ਕੁ ਚੀਜ਼ਾਂ ਉਸੇ ਤਰਤੀਬ ਵਿੱਚ ਹੋ ਜਾਂਦੀਆਂ ਹਨ, ਪਰ ਅੱਗੋਂ ਤਰਤੀਬ ਵੀ ਵਿਗੜ ਜਾਂਦੀ ਹੈ ਤੇ ਕੁਝ ਚੀਜ਼ਾਂ ਉੱਕਾ ਹੀ ਭੁੱਲ ਜਾਂਦੀਆਂ ਹਨ।

1924 ਵਿੱਚ ਜੇਮਜ਼ ਜੈਨਕਿਨਜ਼ ਨੇ ਪਹਿਲੀ ਵਾਰ ਇਤਿਹਾਸਕ ਤੱਥਾਂ ਨਾਲ ਛੇੜਛਾੜ ਕਰ ਕੇ ਅਜ਼ਮਾ ਕੇ ਵਿਖਾਇਆ ਕਿ ਕੁਝ ਤੱਥ ਤੇ ਕੁਝ ਮਨਘੜਤ ਗੱਲਾਂ ਜੋੜ ਕੇ ਅੱਧਾ ਅਸਲ ਇਤਿਹਾਸ ਤੇ ਕੁਝ ਉਸ ਵਿਚਲੀ ਮਰ ਚੁੱਕੇ ਬੰਦੇ ਦੀ ਸੋਚ ਨੂੰ ਆਪੇ ਹੀ ਮੌਜੂਦਾ ਸਮੇਂ ਨਾਲ ਜੋੜ ਕੇ ਬਦਲਣ ਉੱਤੇ ਇਤਿਹਾਸਕ ਤਬਦੀਲੀਆਂ ਲਿਆਈਆਂ ਜਾ ਸਕਦੀਆਂ ਹਨ। ਮਿਸਾਲ ਵਜੋਂ ਇਹ ਕਿਹਾ ਜਾਣਾ, 'ਹਿਟਲਰ ਨੇ ਯਹੂਦੀਆਂ ਦਾ ਬੇਦਰਦੀ ਨਾਲ ਕਤਲੇਆਮ ਕੀਤਾ, ਪਰ ਜੇ ਤੁਸੀਂ ਆਪਣੇ ਆਪ ਨੂੰ ਉਸ ਦੀ ਥਾਂ ਰੱਖ ਕੇ ਸੋਚ ਕੇ ਵੇਖੋ ਕਿ ਉਸ ਨੇ ਆਪਣੇ ਰਾਜ ਦੇ ਪਹਿਲੇ ਛੇ ਸਾਲਾਂ ਦੌਰਾਨ ਆਰਥਿਕ ਪੱਖੋਂ ਜਰਮਨੀ ਦੇ ਹਾਲਾਤ ਬਿਹਤਰ ਕਰ ਦਿੱਤੇ ਤੇ ਪੂਰੀ ਦੁਨੀਆਂ ਵਿੱਚ ਜਰਮਨਾਂ ਦੇ ਨਾਂ ਦਾ ਡੰਕਾ ਵਜਾ ਦਿੱਤਾ। ਜੇ ਅਜਿਹਾ ਕਰਨਾ ਸੀ ਤਾਂ ਕੁਝ ਕੁ ਜਣਿਆਂ ਨੂੰ ਦੱਬ ਕੇ ਹੀ ਕੀਤਾ ਜਾਣਾ ਸੀ। ਜਰਮਨਾਂ ਨੂੰ ਫ਼ਖ਼ਰ ਹੋਣਾ ਚਾਹੀਦਾ ਹੈ ਕਿਉਂਕਿ ਨਾ ਉਸ ਵਰਗਾ ਮਹਾਨ ਤੇ ਤਾਕਤਵਰ ਬੰਦਾ ਪਹਿਲਾਂ ਆਇਆ ਤੇ ਨਾ ਹੀ ਆਉਣਾ ਹੈ।' ਕੁਝ ਇਸ ਤਰ੍ਹਾਂ ਦੀ ਸੋਚ ਲੋਕਾਂ ਨੂੰ ਦੱਸ ਕੇ ਜਦੋਂ ਮਹੀਨੇ ਬਾਅਦ ਦੁਬਾਰਾ ਪੁੱਛਿਆ ਗਿਆ ਤਾਂ ਸਾਰਿਆਂ ਦੀ ਹਿਟਲਰ ਪ੍ਰਤੀ ਮਾੜੀ ਸੋਚ ਰਤਾ ਕੁ ਤਬਦੀਲ ਹੋਈ ਲੱਭੀ।

1932 ਵਿੱਚ ਅਮਰੀਕਾ ਵਿੱਚ ਜੌਨ ਮੈਕਗੋਸ਼ ਨੇ ਇਸੇ ਖੋਜ ਨੂੰ ਹੋਰ ਅਗਾਂਹ ਲਿਜਾਉਂਦੇ ਹੋਏ ਇਹ ਸਾਬਤ ਕਰ ਦਿੱਤਾ ਕਿ ਇਤਿਹਾਸਿਕ ਤੱਥ ਬਦਲਣ ਲਈ ਜੇ ਪੁਰਾਣੇ ਲਿਖੇ ਤੱਥਾਂ ਵਿੱਚੋਂ ਕਿਸੇ ਇੱਕ ਨੁਕਤੇ ਉੱਤੇ ਕਿੰਤੂ ਪਰੰਤੂ ਸ਼ੁਰੂ ਕਰ ਦਿਓ ਅਤੇ ਫਿਰ ਉਸ ਗੱਲ ਨੂੰ ਪੂਰੀ ਹਵਾ ਦਿਓ। ਜਦੋਂ ਚੁਫ਼ੇਰੇ ਸ਼ੋਰ ਸ਼ੁਰੂ ਹੋ ਜਾਏ ਤਾਂ ਉਸ ਨੁਕਤੇ ਉੱਤੇ ਵੱਖੋ-ਵੱਖ ਕਮੇਟੀਆਂ ਹੱਕ ਤੇ ਵਿਰੋਧ ਵਿੱਚ ਬਿਠਾ ਦਿਓ। ਬਸ ਇੰਨੇ ਕੁ ਨਾਲ ਹੀ ਪਹਿਲਾਂ ਦੇ ਪਰਿਪੱਕ ਹੋਏ ਇਤਿਹਾਸਿਕ ਤੱਥਾਂ ਵਿੱਚ ਫੇਰ-ਬਦਲ ਕਰ ਕੇ ਨਵਾਂ ਇਤਿਹਾਸ ਸਿਰਜਿਆ ਜਾ ਸਕਦਾ ਹੈ। ਇਸ ਖੋਜ ਦਾ ਫ਼ਾਇਦਾ ਚੁੱਕਦੇ ਹੋਏ ਅਨੇਕ ਵਾਰ ਇਤਿਹਾਸਿਕ ਤੱਥਾਂ ਵਿੱਚ ਫੇਰ-ਬਦਲ ਕੀਤਾ ਗਿਆ ਹੈ। ਬਹੁਤ ਸਾਰੀਆਂ ਮਰ ਚੁੱਕੀਆਂ ਸ਼ਖ਼ਸੀਅਤਾਂ ਜਿਨ੍ਹਾਂ ਨੂੰ ਚੰਗਾ ਮੰਨਿਆ ਗਿਆ, ਉਨ੍ਹਾਂ ਦੀ ਮਿੱਟੀ ਪਲੀਤ ਕੀਤੀ ਗਈ ਤੇ ਬਹੁਤ ਸਾਰੀਆਂ ਗੁੰਮ ਹੋ ਚੁੱਕੀਆਂ ਸ਼ਖ਼ਸੀਅਤਾਂ ਨੂੰ ਲੋੜ ਅਨੁਸਾਰ ਉੱਭਾਰ ਦਿੱਤਾ। ਅਮਰੀਕਾ ਵੱਲੋਂ ਵੀਅਤਨਾਮ ਨਾਲ ਛੇੜੀ ਜੰਗ 17 ਸਾਲ ਚੱਲੀ ਪਰ ਅਮਰੀਕਾ ਜਿੱਤ ਹਾਸਲ ਨਾ ਕਰ ਸਕਿਆ। ਆਪਣੀ ਇਸ ਹਾਰ ਨੂੰ ਹਰ ਹੀਲੇ ਅਗਲੀ ਪੁਸ਼ਤ ਤੋਂ ਲੁਕਾਉਣ ਲਈ ਲਗਾਤਾਰ ਇੱਕੋ ਰਟ ਲਾਈ ਗਈ 'ਅਮਰੀਕਾ ਦੁਨੀਆਂ ਦਾ ਅੱਵਲ ਨੰਬਰ ਇੱਕ ਮੁਲਕ ਹੈ।' ਇਹੋ ਲਾਈਨ ਹਰ ਬੱਚੇ ਨੂੰ ਵੀ ਯਾਦ ਕਰਵਾਈ ਜਾਂਦੀ ਹੈ।

ਦਰਅਸਲ, ਕਿਸੇ ਵੀ ਕੌਮ ਲਈ ਮਾਣਮੱਤੇ ਇਤਿਹਾਸ ਦੀ ਲੋੜ ਹੁੰਦੀ ਹੈ ਤਾਂ ਜੋ ਗੌਰਵਮਈ ਪਿਛੋਕੜ ਸਦਕਾ ਪੁਸ਼ਤ ਦਰ ਪੁਸ਼ਤ ਉਸ ਕੌਮ ਦੀ ਪਛਾਣ ਤੁਰਦੀ ਰਹੇ। ਜੇ ਇਤਿਹਾਸਕ ਮਾਣਮੱਤੀਆਂ ਸ਼ਖ਼ਸੀਅਤਾਂ ਦੇ ਕਿਰਦਾਰਾਂ ਉੱਤੇ ਕਿੰਤੂ-ਪ੍ਰੰਤੂ ਵੱਡੀ ਪੱਧਰ ਉੱਤੇ ਸ਼ੁਰੂ ਹੋ ਜਾਏ ਤਾਂ ਦੋ ਤਰੀਕਿਆਂ ਨਾਲ ਮਸਲਾ ਨਜਿੱਠਿਆ ਜਾਂਦਾ ਹੈ। ਕੌਮ ਦੀ ਮਰਿਆਦਾ ਬਰਕਰਾਰ ਰੱਖਣ ਲਈ ਖ਼ੂਨ ਖ਼ਰਾਬਾ ਜਾਂ ਹੌਲੀ-ਹੌਲੀ ਕਿਸੇ ਹੋਰ ਕੌਮ ਦੀ ਮਰ ਚੁੱਕੀ ਮਾਣਮੱਤੀ ਸ਼ਖ਼ਸੀਅਤ ਵੱਲ ਝੁਕਾਓ ਹੋ ਜਾਣਾ ਤੇ ਦੂਜੀ ਕੌਮ ਦੀ ਅਧੀਨਤਾ ਸਵੀਕਾਰ ਕਰ ਲੈਣੀ। ਅਜਿਹਾ ਕੁਝ ਪੁਰਾਣੀਆਂ ਮਰ ਚੁੱਕੀਆਂ ਸੱਭਿਅਤਾਵਾਂ ਵਿੱਚ ਵਾਪਰ ਚੁੱਕਿਆ ਹੈ।

ਦੂਜੇ ਪਾਸੇ ਜਿਹੜੇ ਜਣੇ ਇਤਿਹਾਸਿਕ ਤੱਥਾਂ ਨਾਲ ਜਾਂ ਨਾਇਕਾਂ ਖ਼ਲਨਾਇਕਾਂ ਨਾਲ ਛੇੜਛਾੜ ਕਰਨ ਵਾਲੇ ਦਾ ਵਿਰੋਧ ਕਰਦੇ ਹਨ, ਉਨ੍ਹਾਂ ਦੀ ਮਨੋਦਸ਼ਾ ਬਾਰੇ ਵੀ ਜ਼ਿਕਰ ਕਰਨਾ ਬਣਦਾ ਹੈ:- ਇੱਕ ਹੁੰਦਾ ਹੈ ਬੁੱਧੀਜੀਵੀ ਵਰਗ ਜੋ ਸਮਤੋਲ ਬਣਾਉਂਦਾ ਹੋਇਆ ਦੱਬੇ- ਘੁੱਟੇ ਅੰਦਾਜ਼ ਨਾਲ ਵਿਦਰੋਹ ਵੀ ਜ਼ਾਹਿਰ ਕਰਦਾ ਹੈ, ਪਰ ਨਵੇਂ ਉਘਾੜੇ ਗਏ ਤੱਥਾਂ ਬਾਰੇ ਲੋਕ-ਰੋਹ ਵੇਖਦੇ ਹੋਏ ਜਾਂ ਲੋਕਾਂ ਵੱਲੋਂ ਸਹਿਮਤੀ ਵੇਖਦੇ ਹੋਏ ਸੱਭਿਅਕ ਸ਼ਬਦਾਂ ਨਾਲ ਆਪਣੀ ਰਾਇ ਜ਼ਾਹਿਰ ਕਰ ਦਿੰਦਾ ਹੈ।

ਦੂਜਾ ਹੁੰਦਾ ਹੈ ਨੌਜਵਾਨ ਵਰਗ ਜੋ ਸੋਚਦਾ ਘੱਟ ਹੈ ਤੇ ਭੜਕਦਾ ਵੱਧ ਹੈ। ਭੱਦੀ ਸ਼ਬਦਾਵਲੀ ਦੀ ਵਰਤੋਂ, ਮਰਨ ਮਾਰਨ ਦੀਆਂ ਧਮਕੀਆਂ ਦੇਣਾ, ਫੇਸਬੁੱਕ 'ਤੇ ਉਬਾਲ ਕੱਢਣਾ, ਮਨ ਦੀ ਭੜਾਸ ਬੇਰੋਕ-ਟੋਕ ਕੱਢਦੇ ਰਹਿਣਾ। ਤਜਰਬੇ ਦੀ ਕਮੀ ਤੇ ਅਗਾਊਂ ਖ਼ਤਰਿਆਂ ਤੋਂ ਅਣਭਿੱਜ ਹੋਣ ਕਰ ਕੇ ਛੇਤੀ ਭਟਕ ਜਾਣ ਵਾਲੇ ਅਜਿਹੇ ਨੌਜਵਾਨਾਂ ਨੂੰ ਸਿਆਸੀ ਲੋਕ ਆਪਣੇ ਫ਼ਾਇਦੇ ਲਈ ਵੀ ਵਰਤ ਲੈਂਦੇ ਹਨ।

ਤੀਜਾ ਵਰਗ ਹੁੰਦਾ ਹੈ ਮੌਕਾਪ੍ਰਸਤਾਂ ਦਾ, ਜੋ ਅਜਿਹੇ ਰੌਲੇ-ਗੌਲੇ ਵਿੱਚੋਂ ਆਪਣਾ ਮਕਸਦ ਪੂਰਾ ਕਰ ਲੈਂਦੇ ਹਨ। ਇਹ ਲੋਕ ਕਿਸੇ ਹੋਰ ਨੂੰ ਭੰਡ ਕੇ ਆਪਣੇ ਆਪ ਨੂੰ ਉਤਾਂਹ ਚੁੱਕਣ ਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਆਉਣ ਲਈ ਪੂਰਾ ਜ਼ੋਰ ਲਾ ਦਿੰਦੇ ਹਨ ਕਿਉਂਕਿ ਇਨ੍ਹਾਂ ਦੀ ਆਪਣੀ ਕੋਈ ਪ੍ਰਾਪਤੀ ਨਹੀਂ ਹੁੰਦੀ। ਇਨ੍ਹਾਂ ਨੇ ਅਸਲ ਮੁੱਦੇ ਤੋਂ ਕੁਝ ਨਹੀਂ ਲੈਣਾ ਹੁੰਦਾ। ਸਿਰਫ਼ ਦੂਜੇ ਦੀ ਲਾਈਨ ਕੱਟਣ ਦਾ ਮਿਲਿਆ ਮੌਕਾ ਖੁੰਝਾਉਣਾ ਨਹੀਂ ਚਾਹੁੰਦੇ।

ਇਨ੍ਹਾਂ ਵਿੱਚੋਂ ਕਿਹੜੀ ਚੋਣ ਸਹੀ ਹੈ, ਇਸ ਦਾ ਫ਼ੈਸਲਾ ਵਰਤਮਾਨ ਬੁੱਧੀਜੀਵੀਆਂ ਤੇ ਕਲਮਕਾਰਾਂ ਨੇ ਲੈਣਾ ਹੁੰਦਾ ਹੈ ਕਿਉਂਕਿ ਇਨ੍ਹਾਂ ਨੇ ਹੀ ਕੱਲ ਨੂੰ ਕੂਚ ਕਰ ਜਾਣ ਬਾਅਦ ਆਉਣ ਵਾਲੀ ਪੁਸ਼ਤ ਲਈ ਇਤਿਹਾਸਕਾਰ ਬਣ ਜਾਣਾ ਹੁੰਦਾ ਹੈ!

---

## 'ਆਪ' ਆਗੂ ਦੇ ਪੁੱਤ-ਨੂੰਹ ਖ਼ਿਲਾ.ਫ ਕਰੋੜਾਂ ਦੀ ਠੱਗੀ ਦਾ ਮਾਮਲਾ ਦਰਜ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਥਾਣਾ ਗਿੱਦੜਬਾਹਾ ਦੀ ਪੁਲੀਸ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਅਕਾਲੀ ਦਲ ਦੇ ਸਾਬਕਾ ਹਲਕਾ ਇੰਚਾਰਜ ਸੰਤ ਸਿੰਘ ਬਰਾੜ ਦੇ ਪੁੱਤ ਕੁਲਜੀਤ ਸਿੰਘ ਮੌਂਟੀ ਬਰਾੜ ਅਤੇ ਨੂੰਹ ਜਸਕਿੰਦਰ ਕੌਰ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੈਸਿਆਂ ਦੀ ਇਹ ਹੇਰਾ-ਫੇਰੀ ਗਿੱਦੜਬਾਹਾ ਦੇ ਦੋ ਵਪਾਰੀਆਂ ਨਾਲ ਹੋਈ, ਜਿਨ੍ਹਾਂ ਬਠਿੰਡਾ ਅਤੇ ਮੁਕਤਸਰ ਦੇ ਸ਼ਰਾਬ ਦੇ ਠੇਕੇ ਲੈਣ ਵਾਸਤੇ 2015-16 ਵਿੱਚ ਇਸ ਜੋੜੇ ਨੂੰ ਪੈਸੇ ਦਿੱਤੇ ਸਨ। ਉਸ ਵੇਲੇ ਸੰਤ ਸਿੰਘ ਬਰਾੜ ਅਕਾਲੀ ਦਲ ਦੇ ਹਲਕਾ ਗਿੱਦੜਬਾਹਾ ਦੇ ਇੰਚਾਰਜ ਸਨ। ਸੀਨੀਅਰ ਪੁਲੀਸ ਕਪਤਾਨ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਅਜੇ ਤੱਕ ਕੋਈ ਗ੍ਰਿ.ਫਤਾਰੀ ਨਹੀਂ ਹੋਈ। ਗਿੱਦੜਬਾਹਾ ਵਾਸੀ ਸਾਬਕਾ ਪਟਵਾਰੀ ਹਾਕਮ ਸਿੰਘ ਨੇ ਸੀਨੀਅਰ ਪੁਲੀਸ ਕਪਤਾਨ ਨੂੰ ਅਰਜ਼ੀ ਦੇ ਕੇ ਦੋਸ਼ ਲਾਇਆ ਕਿ ਮੌਂਟੀ ਬਰਾੜ ਤੇ ਉਸ ਦੀ ਪਤਨੀ ਜਸਕਿੰਦਰ ਕੌਰ ਨੇ ਉਸ ਦੇ ਪੁੱਤ ਕ੍ਰਿਸ਼ਨ ਕੁਮਾਰ ਨੂੰ ਸ਼ਰਾਬ ਦੇ ਠੇਕਿਆਂ ਤੋਂ ਚੋਖਾ ਮੁਨਾਫ਼ਾ ਹੋਣ ਦੀ ਗੱਲ ਆਖੀ। ਉਨ੍ਹਾਂ ਭਰੋਸਾ ਕਰਦਿਆਂ ਜਸਕਿੰਦਰ ਕੌਰ ਦੇ ਖਾਤੇ ਵਿੱਚ 85 ਲੱਖ ਰੁਪਏ ਪਾ ਦਿੱਤੇ, ਜਦੋਂ ਕਿ 61 ਲੱਖ 86 ਹਜ਼ਾਰ 400 ਰੁਪਏ ਨਕਦ ਪਰਚੀਆਂ ਪਾਉਣ ਵਾਸਤੇ ਅਤੇ ਉਸ ਤੋਂ ਬਾਅਦ ਵੀ ਦਿੱਤੇ। ਇਸ ਤਰ੍ਹਾਂ ਗਿੱਦੜਬਾਹਾ ਦੇ ਇਕ ਹੋਰ ਵਪਾਰੀ ਜੀਤ ਕੁਮਾਰ ਨੇ ਜਸਕਿੰਦਰ ਤੇ ਮੌਂਟੀ ਦੇ ਖਾਤਿਆਂ ਵਿੱਚ 95 ਲੱਖ ਰੁਪਏ ਠੇਕਿਆਂ ਵਾਸਤੇ ਪਾ ਦਿੱਤੇ ਅਤੇ 3 ਕਰੋੜ 42 ਲੱਖ ਰੁਪਏ ਨਕਦ ਦਿੱਤੇ। ਉਨ੍ਹਾਂ ਦੋਸ਼ ਲਾਇਆ ਕਿ ਬਾਅਦ ਵਿੱਚ ਇਸ ਜੋੜੇ ਨੇ ਪੈਸਿਆਂ ਦਾ ਕੋਈ ਹਿਸਾਬ ਨਹੀਂ ਦਿੱਤਾ। ਰੌਲਾ ਪੈਣ 'ਤੇ ਮੌਂਟੀ ਬਰਾੜ ਨੇ ਜੀਤ ਕੁਮਾਰ ਦੇ 2 ਕਰੋੜ 57 ਰੁਪਏ ਵਾਪਸ ਕਰ ਦਿੱਤੇ ਅਤੇ ਬਾਕੀ 1 ਕਰੋੜ 80 ਲੱਖ ਰੁਪਏ ਛੇਤੀ ਦੇਣ ਦਾ ਇਕਰਾਰ ਕਰ ਲਿਆ ਪਰ ਹਾਕਮ ਸਿੰਘ ਤੇ ਕ੍ਰਿਸ਼ਨ ਕੁਮਾਰ ਨੂੰ 1 ਕਰੋੜ 46 ਲੱਖ 86 ਹਜ਼ਾਰ 400 ਰੁਪਏ ਦਾ ਚੈੱਕ ਦੇ ਦਿੱਤਾ, ਜੋ ਬਾਊਂਸ ਹੋ ਗਿਆ।

## ਸਾੜ-ਫੂਕ ਕਰਨ ਵਾਲਿਆਂ ਦੀ ਪੈੜ ਨੱਪਣ ਲੱਗੀ ਪੁਲੀਸ

**ਸਿਰਸਾ/ਬਿਊਰੋ ਨਿਊਜ਼**, ਪੁਲੀਸ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਜੇਲ੍ਹ ਜਾਣ ਮਗਰੋਂ ਸਿਰਸਾ ਵਿੱਚ ਸਾੜ-ਫੂਕ ਕਰਨ ਵਾਲਿਆਂ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਹੈ। ਪੁਲੀਸ ਵੱਲੋਂ ਹਿੰਸਕ ਕਾਰਵਾਈਆਂ ਦੇ ਦੋਸ਼ ਹੇਠ ਕਈ ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ ਹੁਣ ਤੱਕ ਕਰੀਬ 48 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ, ਜਿਨ੍ਹਾਂ 'ਚੋਂ 30 ਨੂੰ ਜੇਲ੍ਹ ਭੇਜ ਦਿੱਤਾ ਹੈ। ਜਾਣਕਾਰੀ ਅਨੁਸਾਰ ਡੇਰਾ ਵਿਵਾਦ ਸਬੰਧੀ ਹੁਣ ਤੱਕ 13 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ ਸੈਂਕੜੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਹੋਏ ਹਨ। ਜ਼ਿਲ੍ਹਾ ਸਿਰਸਾ ਦੀ ਪੁਲੀਸ ਹਿੰਸਾ ਭੜਕਾਉਣ ਵਾਲਿਆਂ ਦੀਆਂ ਸੂਚੀਆਂ ਬਣਾਉਣ ਵਿੱਚ ਜੁਟ ਗਈ ਹੈ। ਫਿਲਹਾਲ ਡੇਰੇ ਵਾਲੇ ਇਲਾਕੇ ਵਿੱਚ ਕਰਫਿਊ ਲੱਗਾ ਹੋਇਆ ਹੈ। ਪਤਾ ਲੱਗਾ ਹੈ ਕਿ ਪੁਲੀਸ ਨੇ ਇਸ ਖੇਤਰ ਦੇ ਕਈ ਡੇਰਾ ਸਮਰਥਕਾਂ ਦੀ ਪਛਾਣ ਕਰ ਲਈ ਹੈ, ਜੋ ਹਿੰਸਕ ਕਾਰਵਾਈਆਂ ਵਿੱਚ ਸ਼ਾਮਲ ਸਨ। ਪੁਲੀਸ ਨੇ 48 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਵਿੱਚੋਂ 30 ਨੂੰ ਜੇਲ੍ਹ ਭੇਜ ਦਿੱਤਾ ਹੈ ਅਤੇ 18 ਵਿਅਕਤੀਆਂ ਨੂੰ ਧਾਰਾ 144 ਦੀ ਉਲੰਘਣਾ ਦੇ ਮਾਮਲੇ ਵਿੱਚ ਜ਼ਮਾਨਤ ਮਿਲ ਗਈ ਹੈ। ਜੇਲ੍ਹ ਭੇਜੇ 30 ਮੁਲਜ਼ਮਾਂ ਵਿੱਚ 23 ਸਿਰਸਾ ਦੇ ਰਹਿਣ ਵਾਲੇ ਹਨ, ਜਦੋਂਕਿ 7 ਫਤਿਆਬਾਦ, ਹਾਂਸੀ ਤੇ ਪੰਜਾਬ ਦੇ ਹਨ। ਇਸ ਮੌਕੇ ਸਿਰਸਾ ਦੇ ਐਸਪੀ ਅਸ਼ਵਿਨ ਸ਼ੈਣਵੀ ਨੇ ਕਿਹਾ ਕਿ ਕਾਨੂੰਨ ਤੋੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।


Personalized Service-Committed To Quality
Solutions Financial Mortgage Company
Purchase & Refinance Your Home Loans
ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ
Cell 312-608-0006
1701 E. Lake Avenue #280,
Glenview, IL 60025- Office: 847-834-0100 Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@solutionsfn.com
Web: www.solutionsfn.com


Website Design & Development
ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓WEB DEVELOPMENT
✓WEB DESIGNING
✓WEB RE-DESIGN
✓LOGO DESIGN
✓SEO SERVICES
✓TECHNICAL SUPPORT
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
Web Media Art
info@webmediaart.com
www.webmediaart.com


SINGH TRANSPORT INC
ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
ਅਸੀਂ ਬੋਨਸ ਵੀ ਦਿੰਦੇ ਹਾਂ।
ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578


PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
(Owner)
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com